**आकाङ्क्षन्ते पदं येषां योगिनो योगतत्पराः।**
**काङ्क्षणीयफलो येषां सङ्कल्पः कल्पपादपः।।५०।।**

50. ਜਿਸਦਾ ਰੁਤਬਾ ਯੋਗਿਨਾਂ ਨੇ ਬਣਾਇਆ ਹੈ ਜੋ ਕਿ ਯੋਗ ਵਿਚ ਰੁੱਝੀਆਂ ਹੋਈਆਂ ਹਨ ਅਤੇ ਜਿਨ੍ਹਾਂ ਕਰਕੇ ਕਲਪ ਦਾ ਦਰਖਤ ਸਾਰੇ ਲੋੜੀਂਦੇ ਫਲ ਬਰਸਾ ਰਿਹਾ ਹੈ।

**कर्मकालादिकार्पण्यचिन्ता येषां न विद्यते।।**
**येषां विक्रमसन्नाहा मृत्योरपि च मृत्यवः।।५१।।**

51. ਜਿਸਦੇ ਕਰਕੇ ਕਿਰਿਆ, ਸਮਾਂ ਅਤੇ ਇੱਛਾਂ ਦੇ ਫਲ ਦੇ ਰੂਪ ਵਿਚ ਫਲ ਦੀ ਇੱਛਾ ਦੀ ਕਮੀ ਦਾ ਕੋਈ ਦੁੱਖ ਨਹੀਂ ਹੁੰਦਾ, ਜਿਸ ਦੀ ਬਹਾਦਰੀ ਦੀਆਂ ਕੋਸ਼ਿਸ਼ਾਂ ਸਦਕਾ ਮੌਤ (ਰੱਬ ਦੀ ਵੀ) ਆਉਂਦੀ ਹੈ ਅਤੇ ਜਿਸ ਨੇ ਸਰੂਪ(ਸ਼ਿਵ ਨਾਲ ਇਕਮਿਕ) ਦਾ ਰੁਤਬਾ(ਪਦ) ਹਾਂਸਲ ਕੀਤਾ ਹੋਇਆ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ब्रह्मोपेन्द्रमहेन्द्राद्या विश्वतन्त्राधिकारिणम्।
आयुधालङ्कृतप्रान्ताः परितस्तं सिषेविरे।।५२।।

52. ਬ੍ਰਹਮਾਂ, ਵਿਸ਼ਣੂ ਅਤੇ ਇੰਦਰ ਆਦਿ ਆਪਣੇ ਸ਼ਸ਼ਤਰ ਪਹਿਨੇ ਹੋਏ ਇੱਕ ਕਤਾਰ ਵਿਚ ਉਸਦੀ ਸੇਵਾ ਕਰ ਰਹੇ ਹਨ ਜਿਸ ਨੂੰ ਸੰਸਾਰ ਦਾ ਨਿਰਮਾਣ ਕਰਨ ਦਾ ਅਧਿਕਾਰ ਹੈ।

आदित्या वसवो रुद्रा यक्षगन्धर्वकिन्नराः।
दानवा राक्षसा दैत्याः सिद्धा विद्याधरोरगाः।।
अभजन्त महादेवमपरिच्छिन्न - सैनिकाः।।५३।।

53. ਅਦਿਤਿਆ, ਵਾਸੂ, ਰੁਦਰ, ਯਕਸ਼, ਗੰਧਰਵ, ਕਿੰਨਰ, ਦਾਨਵ, ਰਾਕਸ਼ਸ਼, ਦੈਂਤ, ਸਿੱਧ, ਵਿਦਿਆਧਾਰਾ ਅਤੇ ਸੱਪ(ਨਾਗ) ਆਦਿ ਆਪਣੇ ਸੈਨਿਕਾਂ ਸਮੇਤ ਮਹਾਨ ਪ੍ਰਭੂ ਦੀ ਸੇਵਾ ਵਿੱਚ ਲੱਗੇ ਹੋਏ ਹਨ।

वसिष्ठो वामदेवश्च पुलस्त्यागस्त्य-शौनकाः।
दधीचिर्गौतमश्चैव सानन्दशुकनारदाः।।५४।।

54. ਵਸ਼ਿਸ਼ਟ, ਵਾਮਦੇਵ, ਪੁਲਸੱਤਿਆ, ਅਗਸੱਤਿਆ, ਸ਼ੌਂਕਾ, ਦਘੀਚੀ, ਗੌਤਮ, ਸਨੰਦਾ, ਸੁਕਾ, ਨਾਰਦ, ਉਪਮੰਨਿਊ, ਭ੍ਰਗੂ, ਬਿਆਸ, ਪਾਰਾਸ਼ਰ, ਮਰੀਚ ਆਦਿ

उपमन्युभृगुव्यासपाराशरमरीचयः ।
इत्याद्या मुनयः सर्वे नीलकण्ठं सिषेविरे।।५५।।

55. ਅਤੇ ਹੋਰ ਸੰਤ ਮਹਾਤਮਾਂ ਵੀ ਸ਼ਿਵਾ ਦੀ ਸੇਵਾ ਵਿੱਚ ਲੱਗੇ ਹੋਏ ਹਨ।

पार्श्वस्थ-परिवाराणां विमलाङ्गेषु बिम्बितः।
सर्वान्तर्गतमात्मानं स रेजे दर्शयन्निव।।५६।।

56. ਉਸਦੇ ਆਸ ਪਾਸ ਖੜੇ ਸੇਵਕਾਂ ਦੇ ਪਾਰਦਰਸ਼ੀ ਸ਼ਰੀਰਾਂ ਵਿਚ ਪ੍ਰਭੂ ਇਸ ਤਰ੍ਹਾਂ ਦਿਖ(ਚਮਕ) ਰਹੇ ਹਨ ਜਿਵੇਂ ਕਿ ਪ੍ਰਭੂ ਸਭਨਾਂ ਵਿਚ ਵਸਦੇ ਹੋਣ।

क्षणं स शम्भुर्देवानां कार्यभागं निरूपयन्।
क्षणं गन्धर्वराजानां गानविद्यां विभावयन्।।५७।।

57. ਪ੍ਰਭੂ ਸਾਰੇ ਦੇਵਤਿਆਂ ਦੀਆਂ ਆਪੋ ਆਪਣੀਆਂ ਕਿਰਿਆਵਾਂ ਦੇਖ ਰਹੇ ਹਨ, ਗੰਧਰਵ ਦੇ ਦੇਵਤਿਆਂ ਦੇ ਗੀਤਾਂ ਨੂੰ ਸੁਣ ਰਹੇ ਹਨ,

ब्रह्मविष्ण्वादिभिर्देवैः क्षणमालापमाचरन्।
क्षणं देवमृगाक्षीणां लालयन् नृत्यविभ्रमम्।।५८।।

58. ਬ੍ਰਹਮਾਂ ਅਤ ਵਿਸ਼ਣੂ ਦੇਵਤਿਆਂ ਨਾਲ ਇੱਕ ਮਿੰਟ ਗੱਲ ਕਰ ਰਹੇ ਹਨ, ਦੈਵੀ ਨ੍ਰਿਤਕੀਆਂ ਦੇ ਨਾਚ ਨੂੰ ਇੱਕ ਪਲ ਗਹੁ ਨਾਲ ਵੇਖ ਰਹੇ ਹਨ,

व्यासादीनां क्षणं कुर्वन् वेदोच्चारेषु गौरवम्।
विदधानः क्षणं देव्या मुखे बिम्बाधरे दृशः।।५९।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

59. ਰਿਸ਼ੀ ਵਿਆਸ ਦੁਆਰਾ ਵੇਦਾਂ ਦੇ ਉਚਾਰਣ ਨੂੰ ਆਦਰ ਦੇ ਰਹੇ ਹਨ ਅਤੇ ਇੱਕ ਪਲ ਪਾਰਵਤੀ ਦੇ ਬਿੰਬ(ਉਸਦੇ ਹੇਠਲੇ ਹੋਂਠ ਦੀ ਤਰ੍ਹਾਂ) ਨੂੰ ਨਿਹਾਰ ਰਹੇ ਹਨ

**हास्यनृत्यं क्षणं पश्यन् भृङ्गिणा परिकल्पितम्।**

**नन्दिना वेत्रहस्तेन सर्वतन्त्राधिकारिणा।।६०।।**

60. ਇੱਕ ਪਲ ਲਈ ਭ੍ਰਿਗਿਨ ਦੁਆਰਾ ਨੱਚੇ ਜਾ ਰਹੇ ਨਾਚ ਨੂੰ ਵੇਖ ਰਹੇ ਹਨ, ਨੰਦਿਨਾਂ ਦੁਆਰਾ ਭੇਜਿਆਂ ਨੂੰ ਵਸਤਰ ਪ੍ਰਦਾਨ ਕਰ ਰਹੇ ਹਨ, ਜਿਸ ਨੇ ਹੱਥ ਵਿੱਚ ਛੜੀ ਫੜੀ ਹੋਈ ਹੈ, ਜੋ ਸਾਰੀਆਂ ਕਿਰਿਆਵਾਂ ਲਰਨ ਲਈ ਸੁਤੰਤਰ ਹੈ, ਜਿਸ ਨੇ ਆਪਣਾ ਪਾਸਾ ਕਦੇ ਨਹੀਂ ਛੱਡਿਆ, ਅਤੇ ਜੋ ਆਪਣੀਆਂ ਸਾਰੀਆਂ ਇੱਛਾਵਾਂ ਤੋਂ ਜਾਣੂ ਹੈ,

**अमुञ्चता सदा पार्श्वमात्माभिप्रायवेदिना।**

**चोदयन् वासयन् कांश्चिद्विसृजन् भ्रूविलासतः।।**

**संभावयंस्तथा चान्यानन्यानपि नियामयन्।।६१।।**

61. ਕੁਝ ਨੂੰ ਆਪਣੇ ਭਰਵੱਟਿਆਂ ਦੇ ਇਸ਼ਾਰੇ ਨਾਲ ਹੀ ਅਲਵਿਦਾ ਕਹਿ ਰਹੇ ਹਨ, ਕੁਝ ਨੂੰ ਮਨੋਰੰਜਨ ਭਰੇ ਲਹਿਜੇ ਨਾਲ ਆਪਣਾ ਪਿਆਰ ਦੇ ਰਹੇ ਹਨ ਅਤੇ ਕੁਝ ਨੂੰ ਸ਼ੰਭੂ ਨਿਰਦੇਸ਼ ਦੇ ਰਹੇ ਹਨ।

**समस्तभुवनाधीश - मौलिलालितशासनः।**

**अकुण्ठ - शक्तिरव्याजलावण्यललिताकृतिः।।६२।।**

62. ਜਿਨ੍ਹਾਂ ਦਾ ਉਪਦੇਸ਼ ਤਿੰਨਾਂ ਲੋਕਾਂ ਦੇ ਦੇਵਤਿਆਂ ਦੁਆਰਾ ਸਭ ਦੇ ਦਿਮਾਗਾਂ ਵਿੱਚ ਵਸਾਇਆ ਹੋਇਆ ਹੈ, ਜਿਸ ਕੋਲ ਅਸੀਮਤ ਸ਼ਕਤੀ ਹੈ ਅਤੇ ਜੋ ਕਿ ਕੁਦਰਤੀ ਪਿਆਰ ਨਾਲ ਸੋਹਣਾਂ ਲੱਗ ਰਿਹਾ ਹੈ।

**स्थिर - यौवनसौरभ्यशृङ्गारित - कलेवरः।**

**आत्मशक्त्यमृतास्वादरसोल्लासित - मानसः।।६३।।**

63. ਜਿਸਦਾ ਸ਼ਰੀਰ ਸਦੀਵੀਂ ਜੋਬਨ ਦੀ ਮਹਿਕ ਨਾਲ ਸ਼ਿੰਗਾਰਿਆ ਹੋਇਆ ਹੈ, ਜਿਸ ਦਾ ਮਨ ਉਸ ਵਿੱਚ ਵਸੀ ਹੋਈ ਸ਼ਕਤੀ ਦੇ ਅੰਮ੍ਰਿਤ ਦੇ ਸੁਆਦ ਦੀ ਖੁਸ਼ੀ ਨਾਲ ਝੂਮ ਰਿਹਾ ਹੈ,

**स्वाभाविकमहैश्वर्यविश्रामपरमावधिः ।**

**निष्कलङ्कमहासत्त्वनिर्मितानेकविग्रहः ।।६४।।**

64. ਜੋ ਕਿ ਆਪਣੇ ਮਹਾਨ ਆਰਾਮਘਰ ਵਿੱਚ ਮਹਾਨ ਦੇਵਤਾ ਬਣ ਕੇ ਖੜ੍ਹਾ ਹੈ, ਜਿਸ ਨੇ ਆਪਣੀ ਦੋਸ਼ ਰਹਿਤ ਤਾਕਤ ਨਾਲ ਕਈ ਰੂਪਾਂ ਦਾ ਨਿਰਮਾਣ ਕੀਤਾ ਹੈ

**अखण्डारातिदोर्दण्डकण्डूखण्डनपण्डितः।**

**चिन्तामणिः प्रपन्नानां श्रीकण्ठः परमेश्वरः।।६५।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

65. ਜੋ ਕਿ ਅਣਗਿਣਤ ਦੁਸ਼ਮਣਾ ਦੇ ਤੀਰਾਂ ਦੇ ਵਾਰ ਨੂੰ ਖਦੇੜਣ ਲਈ ਸਮਰੱਥ ਹੈ, ਜੋ ਕਿ ਲੋੜਵੰਦਾਂ ਲਈ ਚਿੰਤਾਮਣੀ, ਜਿਸ ਦੀ ਗਰਦਣ ਕਾਲੀ ਹੈ, ਜੋ ਮਹਾਨ ਪਰਮਾਤਮਾਂ ਹੈ ਅਤੇ ਇਸ ਮੌਕੇ ਚਮਕਦਾ ਦਿਖਾਈ ਦੇ ਰਿਹਾ ਹੈ।

सभान्तरगतं तत्रं रेणुकं गणनायकम्।

प्रसादं सुलभं दातुं ताम्बूलं स तमाह्वयत्।।६६।।

66. ਉਸ ਨੇ(ਸ਼ਿਵਾ ਨੇ) ਰੇਣੁਕਾ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਤਾਂਬੁਲ ਦੇਣ ਲਈ ਬੁਲਾਇਆ, ਜੋ ਕਿ(ਰੇਣੁਕਾ) ਗਣ(ਸ਼ਰਧਾਲੂਆਂ) ਦੀ ਲੀਡਰ ਸੀ ਜੋ ਉਸਦੀ ਸਭਾ ਵਿਚ ਸੀ ਅਤੇ ਪ੍ਰਸਿੱਧ ਵੀ ਸੀ।

शम्भोराह्वानसन्तोषसम्भ्रमेणैव दारुकम्।

उल्लङ्घ्य पार्श्वमगमल्लोकनाथस्य रेणुकः।।६७।।

67. ਰੇਣੁਕਾ ਨੇ ਇਹ ਸੁਣ ਕੇ ਕਿ ਸ਼ਿਵ ਜੀ ਨੇ ਖੁਦ ਬੁਲਾਇਆ ਹੈ ਜਲਦੀ ਵਿੱਚ ਦਾਰੂਕਾ ਦੇ ਉਪਰੋਂ ਲੰਘ ਗਈ ਅਤੇ ਸੰਸਾਰ ਦੇ ਮਾਲ ਸ਼ਿਵਾ ਕੋਲ ਪਹੁੰਚ ਗਈ।

तमालोक्य विभुस्तत्र समुल्लङ्घितदारुकम्।

माहात्म्यं निजभक्तानां द्योतयन्निदमब्रवीत्।।६८।।

68. ਭਗਵਾਨ ਸ਼ਿਵ ਨੇ ਦਾਰੂਕਾ ਉਪਰੋਂ ਲੰਘਣ ਦੀ ਕਿਰਿਆ ਦੇਖ ਕੇ ਰੇਣੂਕਾ ਨੂੰ ਕਿਹਾ

रे रे रेणुक दुर्बुद्धे कथमेष त्वयाधुना?।

उल्लङ्घितः सभामध्ये मम भक्तो हि दारुकः।।६९।।

69. "ਓ ਦੁਰਬੁੱਧੀ ਵਾਲੀ ਰੇਣੂਕਾ, ਭਰੀ ਸਭਾ ਵਿੱਚ ਮੇਰੇ ਪਰਮਭਗਤ ਦਾਰੂਕਾ ਉਪਰੋਂ ਲੰਘਣ ਦੀ ਤੇਰੀ ਹਿੰਮਤ ਕਿਵੇਂ ਹੋਈ

लङ्घनं मम भक्तानां परमानर्थकारणम्।

आयुः श्रियं कुलं कीर्तिं निहन्ति हि शरीरिणाम्।।७०।।

70. ਮੇਰੇ ਭਗਤਾਂ ਉਪਰੋਂ ਲੰਘਣਾ ਅਨਰਥ ਦੇ ਬਰਾਬਰ ਹੈ, ਇਹ ਜ਼ਿੰਦਗੀ, ਧਨ, ਪਰਿਵਾਰ ਵਿਛੋੜਾ ਅਤੇ ਮਨੁੱਖ ਦੀ ਪ੍ਰਸਿ ੱਧੀ ਨੂੰ ਖਤਮ ਕਰਦਾ ਹੈ,

मम भक्तमवज्ञाय मार्कण्डेयं पुरा यमः।

मत्पादताडनादासीत् स्मरणीयकलेवरः।।७१।।

71. ਇੱਕ ਵਾਰ ਮੇਰੇ ਪਰਮ ਭਗਤ ਮਾਰਕੰਡੇ ਦਾ ਨਿਰਾਦਰ ਯਮ ਨੇ ਕੀਤਾ ਸੀ ਜਿਸ ਨੂੰ ਮੇਰੇ ਪੈਰ ਦੀ ਮਾਰ ਕਰਕੇ ਯਾਦ ਕੀਤਾ ਜਾਂਦਾ ਹੈ।

भृगोश्च शङ्कुकर्णस्य मम भक्तिमतोस्तयोः।

कृत्वानिष्टमभूद् विष्णुर्विकेशो दशयोनिभाक्।।७२।।

72. ਮੇਰੇ ਭਗਤਾਂ ਭ੍ਰਿਗੂ ਅਤੇ ਸ਼ੰਕੂਕਰਣ ਨਾਲ ਗਲਤ ਕਰਨ ਵਿਸ਼ਨੂ ਦਾ ਸਿਰ ਗੰਜਾ ਹੋ ਗਿਆ ਸੀ ਅਤੇ ਉਸ ਨੂੰ ਦਸ ਜਨਮਾਂ ਦਾ ਨਰਕ ਭੋਗਣਾ ਪਿਆ ਸੀ,



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

मद्भक्तेन दधीचेन कृत्वा युद्धं जनार्दनः।
भग्नचक्रायुधः पूर्वं पराभवमुपागमत्।।७३।।

73. ਲੰਘੇ ਸਮੇ ਦੌਰਾਨ ਮੇਰੇ ਭਗਤ ਦਧੀਚੇਨ ਦੇ ਵਿਰੱਧ ਲੜਨ ਵਾਲੇ ਵਿਸ਼ਣੂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਉਸ ਦੀ ਡਿਸਕ ਟੁੱਟ ਗਈ ਸੀ

कृताश्वमेधो दक्षोऽपि मद्भक्तांश्च गणेश्वरान्।
अवमत्य सभामध्ये मेषावक्त्रोऽभवत्पुरा।।७४।।

74. ਪੁਰਾਣੇ ਸਮੇਂ 'ਚ ਦਖਸ਼, ਜਿਸ ਨੇ ਅਸਵਮੇਧ ਯੱਗ ਕੀਤਾ ਸੀ, ਭਰੀ ਸਭਾ 'ਚ ਮੇਰੇ ਭਗਤ ਦਾ ਨਿਰਾਦਰ ਕੀਤਾ ਸੀ ਤੇ ਉਸ ਦਾ ਸਿਰ ਬੱਕਰੀ ਦਾ ਸਿਰ ਬਣ ਗਿਆ ਸੀ।

श्वेतस्य मम भक्तस्य दुरतिक्रमतेजसः।
औदासीन्येन कालोऽपि मया दग्धः पुराभवत्।।७५।।

75. ਮੇਰੇ ਭਗਤ ਸਵੇਤ, ਜਿਸ ਕੋਲ ਅਸੀਮਤ ਬਹਾਦਰੀ ਸੀ, ਨੂੰ ਨਕਾਰਨ ਵਾਲੇ ਮੌਤ ਦੇ ਦੇਵਤਾ (ਯਮ) ਨੂੰ ਮੇਰੇ ਦੁਆਰਾ ਜਲਣ ਦਾ ਕਸ਼ਟ ਝੱਲਣਾ ਪਿਆ ਸੀ

एवमन्येऽपि बहवो मद्भक्तानामतिक्रमात्।
परिभूता हताश्चासन् भक्ता मे दुरतिक्रमाः।।७६।।

76. ਇਸ ਲਈ ਮੇਰੇ ਭਗਤਾਂ ਦਾ ਨਿਰਾਦਰ ਕਰਨ ਵਾਲੇ ਹੋਰ ਬਹੁਤ ਹਾਰ ਗਏ ਅਤੇ ਮਾਰੇ ਗਏ, ਮੇਰੇ ਭਗਤਾਂ ਤੋਂ ਸ੍ਰੇਸ਼ਟ ਕੋਈ ਵੀ ਨਹੀਂ।

अविचारेण मद्भक्तो लङ्घितो दारुकस्त्वया।
एष त्वं रेणुकानेन जन्मवान् भव भूतले।।७७।।

77. ਕਿਉਂਕਿ ਤੂੰ ਮੇਰੇ ਭਗਤ ਰੇਣੂਕਾ ਦੇ ਉਪਰੋਂ ਲੰਘਣ ਦਾ ਅਨਰਥ ਕੀਤਾ ਹੈ ਇਸ ਲਈ ਤੂੰ ਧਰਤੀ ਤੇ ਜਨਮ ਲਵੇਂਗੀ।

इत्युक्तः परमेशेन भक्तमाहात्म्यशंसिना।
प्रार्थयामास देवेशं प्रणिपत्य स रेणुकः।।७८।।

78. ਪਰਮਆਤਮਾਂ ਸ਼ਿਵਾ ਦੁਆਰਾ ਆਪਣੇ ਭਗਤਾਂ ਦੀ ਮਹਾਨਤਾ ਬਾਰੇ ਅਜਿਹਾ ਕਹਿਣ ਤੇ ਰੇਣੂਕਾ ਸ਼ਿਵਾ ਦੇ ਪੈਰਾਂ ਵਿੱਚ ਡਿੱਗ ਪਈ ਅਤੇ ਉਹਨਾਂ ਨੂੰ ਬੇਨਤੀ ਕੀਤੀ

मानुषीं योनिमासाद्य महादुःखविवर्धिनीम्।
जात्यायुर्भोगवैषम्यहेतुकर्मोपपादिनीम् ।।७९।।

79. ਹੇ ਸ਼ਿਵਾ, ਮਨੁੱਖੀ ਕੁੱਖ ਵਿੱਚੋਂ ਜਨਮ ਕੇ ਵੱਡੇ ਦੁੱਖ ਮਿਲਦੇ ਹਨ, ਕਰਮਾਂ ਦੇ ਫਲ ਨੂੰ ਵਧਾਵਾ ਮਿਲਦਾ ਹੈ ਜਿਸ ਦੇ ਕਾਰਨ ਜਨਮ, ਉਮਰ ਅਤੇ ਤਜੁਰਬਿਆਂ(ਖੁਸ਼ੀ ਅਤੇ ਗਮੀਂ ਦੇ) ਦੇ ਸਬੰਧ ਵਿੱਚ ਵੱਡੀ ਨਾਂਬਰਾਬਰਤਾ ਹੁੰਦੀ ਹੈ।

समस्त देवकैङ्कर्यकार्पण्य - प्रसवस्थलीम्।
महातापत्रयोपेतां वर्णाश्रमनियन्त्रिताम्।।
विहाय त्वत्पदाम्भोजसेवां किं वा वसाम्यहम्?।।८०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

80. ਜੋ ਕਿ ਸਾਰੇ ਦੇਵਤਿਆਂ ਦੀ ਸੇਵਾ ਦੇ ਰੂਪ ਵਿੱਚ ਨਿਰਆਸਰਾ ਹੋਣ ਦਾ ਕਾਰਨ ਬਣਦਾ ਹੈ ਜੋ ਕਿ ਤਿੰਨ ਤਰ੍ਹਾਂ ਦੇ ਦੁੱਖਾਂ ਦਾ ਕਾਰਨ ਬਣਦਾ ਹੈ ਅਤੇ ਜਿੱਥੇ ਜਾਤਪਾਤ(ਵਰਣ) ਦੀਆਂ ਬੰਦਿਸ਼ਾਂ ਅਤੇ ਜੀਵਨ ਦੇ ਤਿੰਨ ਆਸ਼ਰਮ ਹਨ, ਇਸ ਲਈ ਮੈਂ ਕਿਵੇਂ ਤੁਹਾਡੇ ਕੰਵਲ ਵਰਗੇ ਪੈਰਾਂ ਦੀ ਸੇਵਾ ਤੋਂ ਵਾਂਝੀ ਰਹਿ ਸਕਦੀ ਹਾਂ।

यथा मे मानुषो भावो न भवेत् क्षितिमण्डले।

तथा प्रसादं देवेश विधेहि करुणानिधे!।।८१।।

81. ਹੇ ਦਇਆ ਦੇ ਸਾਗਰ, ਮੇਰੇ ਤੇ ਕਿਰਪਾ ਕਰੋ ਕਿ ਮੈਂ ਧਰਤੀ ਤੇ ਮਨੁੱਖੀ ਜਾਮੇ ਦੇ ਰੂਪ ਵਿੱਚ ਨਾਂ ਭੇਜੋ।

इति सम्प्रार्थितो देवो रेणुकेन महेश्वरः।

मा भैषीर्मम भक्तानां कुतो भीतिरिहेष्यति?।।८२।।

82. ਰੇਣੂਕਾ ਦੀ ਇਸ ਬੇਨਤੀ ਤੇ ਪ੍ਰਭੂ ਨੇ ਕਿਹਾ , "ਡਰੋ ਨਾਂ, ਮੇਰੇ ਭਗਤਾਂ ਨੂੰ ਕਿਸੇ ਤਰ੍ਹਾਂ ਦਾ ਡਰ ਕਿਵੇਂ ਹੋ ਸਕਦਾ ਹੈ।

श्रीशैलस्योत्तरे भागे त्रिलिङ्गविषये शुभे।

कोल्लिपाक्यभिधानोऽस्ति कोऽपि ग्रामो महत्तरः।।८३।।

83. ਸ਼੍ਰੀਸ਼ੈਲ ਦੇ ਉੱਤਰੀ ਭਾਗ ਵਿੱਚ ਪ੍ਰਸਿੱਧ ਤ੍ਰਿਲਿੰਗ ਦੇਸ਼ ਵਿੱਚ ਕੋਲੀਪੱਕੀ ਨਾਮ ਦਾ ਇੱਕ ਪਿੰਡ ਹੈ

सोमेश्वराभिधानस्य तत्र वासवतो मम।

अस्पृशन् मानुषं भावं लिङ्गात् प्रादुर्भविष्यसि।।८४।।

84. ਉਸ ਪਿੰਡ ਵਿੱਚ ਸੋਮੇਸ਼ਵਰ ਨਾਮ ਦਾ ਮੇਰਾ ਇੱਕ ਲਿੰਗ ਹੈ, ਉਸ ਵਿੱਚ ਤੁਸੀਂ ਬਿਨਾਂ ਮਨੁੱਖੀ ਜਨਮ ਦੇ ਪ੍ਰਗਟ ਹੋਵੋਂਗੇ।

मदीयलिङ्गसम्भूतं मद्भक्तपरिपालकम्।

विस्मिता मानुषाः सर्वे त्वां भजन्तु मदाज्ञया।।८५।।

85. ਸਾਰੇ ਲੋਕ ਜੋ ਹੈਰਾਨ ਹੋਣਗੇ ਮੇਰੇ ਨਾਮ ਤੇ ਤੁਹਾਡੀ ਸੇਵਾ ਕਰਨਗੇ, ਤੁਸੀਂ ਸ਼ਿਵਲਿੰਗ ਤੋਂ ਪੈਦਾ ਹੋਵੋਂਗੇ ਅਤੇ ਮੇਰੇ ਭਗਤਾਂ ਦੇ ਰੱਖਿਅਕ ਬਣੋਂਗੇ।

मदद्वैतपरं शास्त्रं वेदवेदान्तसम्मतम्।

मम प्रतापमतुलं मद्भक्तानां विशेषतः।।८६।।

86. ਤੁਸੀਂ ਧਰਤੀ ਤੇ ਸ਼ਿਵਾਦਵਿੱਤ ਦੀ ਪਰੰਪਰਾ ਸਥਾਪਿਤ ਕਰੋਗੇ ਜੋ ਕਿ ਵੇਦ ਅਤੇ ਵੇਦਾਂਤਾ ਦੇ ਅਨੁਸਾਰ ਹੋਵੇਗੀ ਅਤੇ ਜੋ ਸਾਰਿਆਂ ਲਈ ਲਾਭਦਾਇਕ ਹੋਵੇਗੀ।

प्रकाशय महीभागे वेदमार्गानुसारतः।।८७।।

87. ਤੁਸੀਂ ਧਰਤੀ ਤੇ ਮੇਰੀ ਅਸੀਮਤ ਬਹਾਦਰੀ ਅਤੇ ਵੇਦਾਂ ਦੇ ਪਾਠ ਦੇ ਰੂਪ ਵਿੱਚ ਪ੍ਰਗਟ ਹੋਵੋਗੇ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

इत्युक्त्वा परमेश्वरः स भगवान् भद्रासनादुत्थितो
ब्रह्मोपेन्द्रमुखान् विसृज्य विबुधान् भ्रूसंज्ञया केवलम्।
पार्वत्या सहितो गणैरभिमतैः प्राप स्वमन्तःपुरं
क्षोणीभागमवातरत् पशुपतेराज्ञावशाद्रेणुकः।।८८।।

88. ਇਹ ਕਹਿਣ ਤੋਂ ਬਾਅਦ, ਪਰਮੇਸ਼ਵਰ ਆਪਣੇ ਸਿੰਘਾਸਣ ਤੋਂ ਉੱਠੇ, ਬ੍ਰਹਮਾਂ ਅਤੇ ਵਿਸ਼ਣੂ ਦੀ ਪ੍ਰਧਾਨਗੀ ਹੇਠ ਸਾਰੇ ਦੇਵਤਿਆਂ ਨੂੰ ਆਪਣੇ ਭਰਵੱਟਿਆਂ ਦੇ ਇਸ਼ਾਰਿਆਂ ਨਾਲ ਹੀ ਅਲਵਿਦਾ ਕਿਹਾ ਅਤੇ ਪਰਾਵਤੀ ਅਤੇ ਆਪਣੇ ਨੇੜਲੇ ਭਗਤਾਂ ਨਾਲ ਆਪਣੇ ਅੰਤਪੁਰ ਚਲੇ ਗਏ। ਫਿਰ ਸ਼੍ਰੀ ਰੇਣੂਕਾ ਨੇ ਸ਼ਿਵਾ ਦੇ ਹੁਕਮ ਨਾਲ ਧਰਤੀ ਤੇ ਅਵਤਾਰ ਲਿਆ।

ਇੱਥੇ ਕੈਲਾਸ਼ ਦੇ ਵਰਣਨ ਅਤੇ ਰੇਣੂਕਾ ਦੇ ਧਰਤੀ ਤੇ ਅਵਤਾਰ ਨਾਲ ਸਬੰਧਤ ਅਧਿਆਇ ਦਾ ਅੰਤ ਹੁੰਦਾ ਹੈ ਜੋ ਕਿ ਸ਼੍ਰੀ ਸ਼ਿਵਾਯੋਗਿਨ(ਵੀਰਮਹੇਸ਼ਵਰਾਂ ਵਿੱਚੋਂ ਅਧਿਆਪਕ) ਦੁਆਰਾ ਰਚਿਤ ਵੇਦ, ਅਗਮ ਤੇ ਪੁਰਾਣ ਦੇ ਤੱਤ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਚੌਥਾ ਅਧਿਆਇ

।।श्रीसोमेश्वरलिङ्गादाविर्भूतस्य श्रीरेणुकगणाधीश्वरस्य वर्णनम्।।

अथ त्रिलिंगविषये कोल्लिपाक्यभिधे पुरे।
सोमेश्वरमहालिङ्गात् प्रादुरासीत् स रेणुकः।।१।।

1. ਫਿਰ ਕੋਲੀਪੱਕੀ ਵਿਖੇ ਤ੍ਰਿਲਿੰਗਾ ਖੇਤਰ ਵਿੱਚ ਮਹਾਨ ਸੋਮੇਸ਼ਵਰ ਲਿੰਗ ਵਿਚੋਂ ਸ਼੍ਰੀ ਰੇਣੂਕਾ ਪ੍ਰਗਟ ਹੋਈ।

प्रादुर्भूतं तमालोक्य शिवलिङ्गात् त्रिलिङ्गजाः।
विस्मिताः प्राणिनः सर्वे बभूवुरतितेजसम्।।२।।

2. ਤ੍ਰਿਲਿੰਗਾ ਖੇਤਰ ਵਿਚ ਜੰਮੇ ਸਾਰੇ ਵਾਸੀ ਸ਼ਿਵਲਿੰਗ ਤੋਂ ਪ੍ਰਗਟ ਹੋਈ ਰੇਣੂਕਾ ਨੂੰ , ਜੋ ਕਿ ਬਹੁਤ ਚਮਕ ਰਹੀ ਸੀ, ਵੇਖ ਕੇ ਬਹੁਤ ਹੈਰਾਨ ਹੋਏ,

भस्मोद्धूलितसर्वाङ्गं सारुद्राक्षभूषणम्।
जटामुकुट-संयुक्तं त्रिपुण्ड्राङ्कितमस्तकम्।।३।।

3. ਜਿਸ ਦੇ ਅੰਗ ਪਵਿੱਤਰ ਸੁਆਹ ਨਾਲ ਲਿੱਬੜੇ ਹੋਏ ਸਨ, ਜਿਸ ਨੇ ਆਪਣੇ ਆਪ ਨੂੰ ਰੁਦਰਾਖਸ਼ ਦੇ ਮਣਕਿਆਂ ਨਾਲ ਸਜਾਇਆ ਹੋਇਆ ਸੀ, ਜਿਸ ਦੇ ਸਿਰ ਤੇ ਜਟਾਵਾਂ ਸਨ, ਜਿਸ ਦਾ ਮੱਥਾ ਤ੍ਰਿਪੁੰਦਰਾ(ਤਿੰਨ ਸਫੇਦ ਧਾਰੀਆਂ) ਨਾਲ ਛਪਿਆ ਹੋਇਆ ਸੀ,

कटीतटीपटीभूतकन्यापटलबन्धुरम् ।
दधानं योगदण्डञ्च भस्माधारं कमण्डलुम्।।४।।

4. ਜੋ ਆਪਣੀ ਕਮਰ ਦੇ ਦੁਆਲੇ ਬੰਨੇ ਹੋਏ ਕੱਪੜੇ ਨਾਲ ਸੁੰਦਰ ਲੱਗ ਰਿਹਾ ਸੀ, ਜਿਸ ਨੇ ਯੋਗਡੰਡਾ ਫੜਿਆ ਹੋਇਆ ਸੀ ਅਤੇ ਪਵਿੱਤਰ ਸੁਆਹ ਨੂੰ ਜਮ੍ਹਾਂ ਕਰਨ ਲਈ ਕਮੰਡਲ ਵੀ ਫੜਿਆ ਹੋਇਆ ਸੀ,

शिवाद्वैतपरिज्ञान - परमानन्दमोदिनम्।
निर्धूत - सर्वसंसारवासनादोषपञ्जरम्।।५।।

5. ਉਹ ਸ਼ਿਵਾ ਨਾਲ ਇਕਮਿਕ ਦੇ ਅਹਿਸਾਸ ਅਤੇ ਸਰਵਉੱਚ ਆਸ਼ੀਸ਼ ਪ੍ਰਾਪਤ ਹੋਣ ਕਰਕੇ ਬਹੁਤ ਖੁਸ਼ ਨਜ਼ਰ ਆ ਰਿਹਾ ਸੀ, ਉਹ ਜਨਮ ਮਰਣ ਦੇ ਚੱਕਰ ਤੋਂ ਸੱਖਣਾ ਸੀ

शिवागमसुधासिन्धु - समुन्मेषसुधाकरम्।
चित्तारविन्दसङ्गूढ - शिवपादाम्बुजद्वयम्।।६।।

6. ਉਹ ਅੰਮ੍ਰਿਤ ਦੇ ਸਮੁੰਦਰ ਦੀਆਂ ਲਹਿਰਾਂ ਦੇ ਪੂਰੇ ਚੰਦਰਮਾਂ ਵਿੱਚ ਸ਼ਿਵਾਗਮਾਂ ਦੇ ਰੂਪ ਵਰਗਾ ਲੱਗ ਰਿਹਾ ਸੀ, ਜਿਸਨੇ ਆਪਣੇ ਕੰਵਲ ਰੂਪੀ ਦਿਲ ਵਿੱਚ ਦਿਲ ਵਿੱਚ ਸ਼ਿਵ ਦੇ ਕੰਵਲ-ਰੂਪੀ ਪੈਰਾਂ ਨੂੰ ਵਸਾਇਆ ਹੋਇਆ ਸੀ।

यमादियोगतन्त्रज्ञं स्वतन्त्रं सर्वकर्मसु।
समस्तसिद्धसन्तान – समुदायशिखामणिम्।।७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

7. ਉਹ ਯਮ ਵਾਂਗੂੰ ਯੋਗ ਸਾਧਨਾ ਵਿੱਚ ਨਿਪੁੰਨ ਸੀ ਅਤੇ ਸਾਰੇ ਕਿਸਮ ਦੇ ਸਿੱਧਾਂ ਦੀ ਸਭਾ ਵਿੱਚ ਇੱਕ ਮਣੀ ਦੀ ਤਰ੍ਹਾਂ ਸੀ

शैवसिद्धान्तनिर्वाहकृतपट्टनिबन्धनम् ।
आलोकमात्र-निर्भिन्न-समस्तप्राणिपातकम्।।८।।

8. ਜਿਸ ਨੇ ਆਪਣੇ ਆਪ ਨੂੰ ਵੀਰਸਿਧਾਂਤ ਦੇ ਪ੍ਰਚਾਰ ਲਈ ਸਮਰਪਿਤ ਕੀਤਾ ਹੋਇਆ ਸੀ ਅਤੇ ਜਿਸ ਦੀ ਇੱਕ ਝਲਕ ਮਾਤਰ ਸਭ ਦੇ ਦੁੱਖਾਂ ਨੂੰ ਦੂਰ ਕਰਨ ਲਈ ਕਾਫੀ ਸੀ

तमपृच्छन् जनाः सर्वे नमन्तः को भवानिति।
इति पृष्टो महायोगी जनैर्विस्मितमानसैः।।९।।

9. ਉਸ ਨੂੰ ਨਮਸ਼ਕਾਰ ਕਰਨ ਤੋਂ ਬਾਅਦ ਲੋਕਾਂ ਨੇ ਉਸਨੂੰ ਪੁੱਛਿਆ ਕਿ ਉਹ ਕੌਣ ਹੈ, ਲੋਕਾਂ ਦੁਆਰਾ, ਜਿੰਨਾ ਦਾ ਮਨ ਇਸ ਅਦਭੁਤ ਦ੍ਰਿਸ਼ ਨੂੰ ਵੇਖ ਕੇ ਅਚੰਭਿਤ ਸੀ, ਪੁੱਛਣ ਤੇ ਮਹਾਨ ਯੋਗਿਨ,

प्रत्युवाच शिवाद्वैतमहानन्दपरायणः।
पिनाकिनः पार्श्ववर्ती रेणुकाख्यगणेश्वरः।।१०।।

10. ਰੇਣੂਕਾ, ਜੋ ਕਿ ਸ਼ਿਵਾ ਦੇ ਭਗਤਾਂ ਵਿੱਚੋਂ ਸ਼੍ਰੋਮਣੀ ਭਗਤ ਸੀ ਜਿਸ ਨੇ ਸ਼ਿਵਾ(ਪਿਨਾਕਾ ਦੇ ਤੀਰ ਚਲਾਉਣ ਵਾਲਾ) ਦੀ ਸੇਵਾ ਕੀਤੀ ਸੀ ਅਤੇ ਜੋ ਕਿ ਸ਼ਿਵਾ ਨਾਲ ਇਕਮਿਕ ਹੋ ਕੇ ਅਤੇ ਸਰਵਉਚ ਆਸੀਸ਼ ਪ੍ਰਾਪਤ ਕਰਨ ਕਰਕੇ ਮਗਨ ਸੀ, ਨੇ ਕਿਹਾ,

केनचित्कारणेनाहं शिवलिङ्गादिहाभवम्।
नाम्ना रेणुकसिद्धोऽहं सिद्धसन्ताननायकः।।११।।

11. "ਮੇਰਾ ਨਾਮ ਰੇਣੂਕਾਸਿੱਧ ਹੈ, ਸਿੱਧਾਂ ਦੀ ਕਤਾਰ ਵਿੱਚੋਂ ਸ਼੍ਰੋਮਣੀ । ਮੈਂ ਸ਼ਿਵਲਿੰਗ ਵਿੱਚੋਂ ਕਿਸੇ ਉਦੇਸ਼ ਕਰਕੇ ਪ੍ਰਗਟ ਹੋਇਆ ਹਾਂ

स्वच्छन्दचारी लोकेऽस्मिन् शिवसिद्धान्तपालकः।
खण्डयन् जैनचार्वाकबौद्धादीनां दुरागमान्।।१२।।

12. ਮੈਂ ਇਸ ਸੰਸਾਰ ਵਿੱਚ ਸ਼ਿਵ ਭਗਤਾਂ ਦੀ ਸੇਵਾ ਅਤੇ ਸੁਰੱਖਿਆ ਲਈ ਭ੍ਰਮਣ ਕਰਾਂਗਾ, ਜੈਨ, ਬੱਧ, ਚਰਵਾਕ ਅਤੇ ਹੋਰ ਨਾਸਤਿਕ ਦਰਸ਼ਨਾਂ ਦਾ ਖੰਡਨ ਕਰਕੇ ਵੀਰਸ਼ੈਵਸਿਧਾਂਤ ਦੀ ਸਥਾਪਨਾ ਕਰਨਾ ਹੀ ਮੇਰਾ ਉਦੇਸ਼ ਹੈ" ।

इत्युक्त्वा पश्यतां तेषां विषयस्थिरचक्षुषाम्।
उत्थाय व्योममार्गेण मलयाद्रिमुपागमत्।।१३।।

13. ਇਹ ਕਹਿਣ ਤੋਂ ਬਾਅਦ, ਉਹ ਉਠਿਆ ਅਤੇ ਜਿਵੇਂ ਕਿ ਇਕਟੱਕ ਹੋ ਕੇ ਉਸ ਨੂੰ ਵੇਖ ਰਹੇ ਸਨ ਉਹ ਆਕਾਸ਼ ਮਾਰਗ ਰਾਹੀਂ ਮਾਲਿਆ ਪਰਬਤ ਵੱਲ ਨੂੰ ਚੱਲ ਪਿਆ।

नवचन्दनकान्तारकन्दलन्मन्दमारुतम् ।
अभङ्गुरभुजङ्गस्त्री - सङ्गीत-रस-सङ्कुलम्।।१४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

14. (ਸ੍ਰੀ ਰੇਣੂਕਾ ਨੇ ਮਾਲਿਆ ਪਰਬਤ ਵੱਲ ਪ੍ਰਸਥਾਨ ਕੀਤਾ), ਇਸ ਪਰਬਤ ਦੀ ਮਧੁਰ ਹਵਾ ਤਾਜੇ ਸੰਦਲ ਦੇ ਦਰੱਖਤਾ ਨੂੰ ਚੀਰ ਕੇ ਆ ਰਹੀ ਸੀ, ਜੋ ਕਿ ਸੱਪ ਕੰਨਿਆਵਾਂ ਦੇ ਸਮੂਹ ਦੁਆਰਾ ਗਾਏ ਮਧੁਰ ਸੰਗੀਤ ਨਾਲ ਭਰੀ ਹੋਈ ਸੀ,

करिपोतकराकृष्ट – स्फुरदेलातिवासितम्।

वराहदंष्ट्रिकाध्वस्त - मुस्तासुरभिकन्दरम्।।१५।।

15. ਜੋ ਕਿ ਝੂਮ ਰਹੇ ਇਲਾਇਚੀ ਦੇ ਬੂਟਿਆਂ, ਜਿਨ੍ਹਾਂ ਨੂੰ ਹਾਥੀਆਂ ਦੇ ਬੱਚੇ ਆਪਣੀਆਂ ਸੁੰਢਾਂ ਨਾਲ ਘੜੀਸ ਰਹੇ ਸਨ, ਦੀ ਮਹਿਕ ਨਾਲ ਭਰੀ ਹੋਈ ਸੀ, ਜਿਸ ਦੀ ਘਾਟੀ ਸੂਰ ਦੇ ਦੰਦਾਂ ਨਾਲ ਪੀੜੇ ਹੋਏ ਘਾਹ ਦੀ ਖੁਸ਼ਬੂ ਨਾਲ ਭਰੀ ਹੋਈ ਸੀ।

पटीरदलपर्यङ्कप्रसुप्तव्याधदम्पतिम् ।

माधवीमल्लिकाजातिमञ्जरीरेणुरञ्जितम् ।।१६।।

16. ਜਿੱਥੇ ਸ਼ਿਕਾਰੀਆਂ ਦੇ ਝੁੰਡ ਕਪੂਰ ਅਤੇ ਕੇਲੇ ਨਾਲ ਬਣੇ ਮੰਜਿਆਂ ਤੇ ਸੁੱਤੇ ਪਏ ਸਨ, ਜੋ ਕਿ ਮਾਧਵੀ, ਜਤੀ ਤੇ ਜੈਸਮੀਨ ਦੇ ਫੁੱਲਾਂ ਦੇ ਬੂਰ ਨਾਲ ਰੰਗੇ ਹੋਏ ਸਨ।

तत्र कुत्रचिदाभोग सर्वर्तुकुसुमद्रुमे।

अपश्यदाश्रमं दिव्यमगस्त्यस्य महामुनेः।।१७।।

17. ਮਾਲਿਆ ਪਰਬਤ, ਜੋ ਕਿ ਅਜਿਹੇ ਦਰੱਖਤਾਂ ਨਾਲ ਸਜਿਆ ਹੋਇਆ ਸੀ ਜੋ ਬਾਰਾਂ ਮਹੀਨੇ ਫੁੱਲਾਂ ਨਾਲ ਲੱਦੇ ਰਹਿੰਦੇ ਸਨ, ਦੀਆਂ ਕੁਝ ਜਗ੍ਹਾਵਾਂ ਤੇ ਰੇਣੂਕਾ ਨੇ ਅਗਸਤਿਆ ਰਿਸ਼ੀ ਦੀ ਕੁਟੀਆ ਵੇਖੀ

मन्दारचन्दनप्रायैर्मण्डितं तरुमण्डलैः।

शाखाशिखर – संलीनतारकागणकोरकैः।।१८।।

18. ਜੋ ਕਿ ਮੰਦਰਾ, ਸੰਦਲ ਆਦਿ ਦਰੱਖਤਾਂ ਦੇ ਝੁੰਡਾਂ ਨਾਲ ਸਜੀ ਹੋਈ ਸੀ, ਜਿੰਨਾਂ ਦੀਆਂ ਟਹਿਣੀਆਂ ਦੇ ਅੰਤ ਤੇ ਲੱਗੇ ਫੁੱਲਾਂ ਦੇ ਗੁੱਛੇ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਅੰਬਰ ਤੇ ਹਜ਼ਾਰਾਂ ਤਾਰੇ ਉਂਘੇ ਹੋਣ।

मुनिकन्याकरानीतकलशाम्बु - विवर्धितैः।

आलवालजलास्वादमोदमानमृगीगणैः ।।१९।।

19. ਉਸ ਕੁਟੀਆ ਦੁਆਲੇ ਹਿਰਨੀਆ ਦਾ ਝੁੰਡ ਵੀ ਸੀ ਜਿੰਨ੍ਹਾਂ ਦਾ ਪਾਲਣ ਪੋਸ਼ਣ ਆਸ਼ਰਮ ਦੀਆਂ ਸੇਵਕਾਵਾਂ ਦੁਆਰਾ ਲਿਆਂਦੇ ਗਏ ਘੜੇ ਦੇ ਪਾਣੀ ਅਤੇ ਦਰੱਖਤਾਂ ਦੇ ਜੜ੍ਹਾਂ ਦੇ ਪਾਣੀ ਨਾਲ ਹੋ ਰਿਹਾ ਸੀ

हेमारविन्दनिष्यन्दमकरन्दसुगन्धिभिः ।

मरालालापवाचालुवीचिमालामनोहरैः ।।२०।।

20. ਜੋ ਦਰੱਖਤ ਝੀਲਾਂ ਦੁਆਰਾ ਘਿਰੇ ਸਨ,



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

इन्दीवरवरज्योतिरन्धीकृतहरिन्मुखैः ।
लोपामुद्रापदन्यासचरितार्थं तटाङ्कितैः।।२१।।

21. ਇਹ ਝੀਲਾਂ ਸੋਨੇ ਰੰਗੇ ਕੰਵਲਾਂ ਦੇ ਸ਼ਹਿਦ ਦੀ ਮਿਠਾਸ ਨਾਲ ਮਹਿਕ ਰਹੀਆਂ ਸਨ ਅਤੇ ਜੋ ਬੱਤਖਾਂ ਦੀ ਆਵਾਜ਼ ਨਾਲ ਬਣੀਆਂ ਤਰੰਗਾਂ ਨਾਲ ਮਨਮੋਹਕ ਲੱਗ ਰਹੀ ਸੀ

हारनीहारकर्पूरहरहासामलोदकैः ।
नित्यनैमित्तिकस्नाननियमार्थैस्तपस्विनाम् ।।२२।।

22. ਜੋ ਕਿ ਨੀਲੇ ਕੰਵਲ ਦੇ ਨਿਖਾਰ ਨਾਲ ਸ਼ਾਮ ਦੇ ਸਮੇ ਨੂੰ ਨਿਖਾਰ ਰਹੀਆਂ ਸਨ, ਜਿਸ ਦੇ ਕਿਨਾਰੇ ਲੋਪਾਮੁਦਰਾ ਦੇ ਪੈਰਾਂ ਨਾਲ ਪਵਿੱਤਰ ਹੋ ਰਹੇ ਸਨ।

प्रकृष्टमणिसोपानैः परिवीतं सरोवरैः।
विमुक्तसत्त्ववैरस्यं ब्रह्मलोकमिवापरम्।।२३।।

23. ਜਿਸ ਦਾ ਪਾਣੀ ਮੋਤੀਆਂ ਦੇ ਹਾਰ ਦੀ, ਬਰਫ, ਕਪੂਰ ਅਤੇ ਸ਼ਿਵ ਦੇ ਹਾਸੇ ਦੀ ਤਰ੍ਹਾਂ ਸਾਫ ਸੀ ਅਤੇ ਜੋ ਉਥੋਂ ਦੇ ਵਾਸੀਆਂ ਦੇ ਰੋਜਾਨਾ ਇਸ਼ਨਾਨ ਲਈ ਉਪਯੋਗੀ ਸੀ,

हूयमानाज्यसन्तानधूमगन्धिमहास्थलम् ।
शुकसंसत्समारब्ध - श्रुतिशास्त्रोपबृंहणम्।।२४।।

24. ਅਤੇ ਜਿਸ ਦੀਆਂ ਪੌੜੀਆਂ ਬੇਸ਼ਕੀਮਤੀ ਹੀਰਿਆਂ ਜੜੀਆਂ ਸਨ, ਜੋ ਕਿ ਜਾਨਵਰਾਂ ਲਈ ਦੁਸ਼ਮਣੀ ਤੋਂ ਮੁਕਤ ਸੀ ਅਤੇ ਦੂਸਰੇ ਬ੍ਰਹਮ-ਲੋਕ ਦੀ ਤਰ੍ਹਾਂ ਲੱਗ ਰਿਹਾ ਸੀ,

तस्य मध्ये समासीनं मूले चन्दनभूरुहः।
सुकुमारदलच्छायादूरितादित्यतेजसः ।।२५।।

25. ਜਿਸ ਦਾ ਇੱਕ ਵਿਸ਼ਾਲ ਮੈਦਾਨ ਸੀ, ਜੋ ਕਿ ਕਈ ਯੱਗਾਂ ਦੇ ਧੂੰਏ ਅਤੇ ਤੋਤਿਆਂ ਦੁਆਰਾ ਲਗਾਤਾਰ ਕੀਤੇ ਜਾਣ ਵਾਲੇ ਵੇਦਾਂ ਅਤੇ ਸ਼ਾਸ਼ਤਰਾਂ ਦੇ ਜਾਪ ਨਾਲ ਮਹਿਕ ਰਿਹਾ ਸੀ।

तडित्पिङ्गजटाभारैस्त्रिपुण्ड्राङ्कितमस्तकैः ।
भस्मोद्धूलितसर्वाङ्गैः स्फुरद्रुद्राक्षभूषणैः।।२६।।

26. ਉਸ ਆਸ਼ਰਮ ਵਿੱਚ ਰੇਣੂਕਾ, ਇੱਕ ਮਹਾਨ ਸੰਤ, ਨੇ ਘੜੇ ਤੋਂ ਪੈਦਾ ਹੋਏ ਰਿਸ਼ੀ(ਅਗਸਤ) ਨੂੰ ਵੇਖਿਆ, ਜੋ ਕਿ ਇੱਕ ਸੰਦਲ ਦੇ ਦਰੱਖਤ ਹੇਠਾਂ ਬੈਠਾ ਸੀ ਅਤੇ ਜਿਸ ਨੇ ਆਪਣੀਆਂ ਕੋਮਲ ਪੱਤੀਆਂ ਦੀ ਛਾਂ ਨਾਲ ਧੱਪ ਤੋਂ ਉਸ ਦਾ ਬਚਾਅ ਕੀਤਾ ਹੋਇਆ ਸੀ, ਜਿਸ ਨੂੰ ਸੰਤਾਂ ਦੇ ਝੁੰਡ ਜਿਵੇਂ ਕਿ ਸ਼ੰਕਰਾ(ਉਸ ਦਾ ਪਹਿਲਾ ਭਗਤ) ਨੇ ਘੇਰਿਆ ਹੋਇਆ ਸੀ

नववल्कलवासोभिर्नानानियमधारिभिः ।
परिवीतं मुनिगणैः प्रमथैरिव शङ्करम्।।२७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

27. ਉਹਨਾਂ ਦੀਆਂ ਜਟਾਵਾਂ ਬਿਜਲੀ ਦੀ ਤਰ੍ਹਾਂ ਲਾਲ ਸਨ, ਅਤੇ ਉਹਨਾਂ ਦੇ ਮੱਥੇ ਤੇ ਤਿੰਨ ਲਾਈਨਾਂ ਦੀ ਵਿਭੂਤੀ(ਤਿੰਨ ਸਮਾਨੰਤਰ ਸੁਆਹ-ਭਸਮ ਦੀਆਂ ਰੇਖਾਵਾਂ) ਸੀ, ਉਹਨਾਂ ਦੇ ਸਾਰੇ ਅੰਗ ਵੀ ਵਿਭੂਤੀ ਨਾਲ ਲਿਭੜੇ ਹੋਏ ਸਨ,ਉਹਨਾਂ ਦੇ ਗਹਿਣੇ ਚਮਕਦਾਰ ਮਣਕਿਆਂ ਦੇ ਸਨ,

**समुज्ज्वलज्जटाजालैस्तपः - पादपपल्लवैः।**

**स्फुरत्सौदामिनीकल्पैर्ज्वालाजालैरिवाततम् ।।२८।।**

28. ਅਤੇ ਕਈ ਧਾਰਮਿਕ ਰਸਮਾਂ ਦੇ ਪਾਲਣ ਕਰਕੇ ਉਹ ਅਗਨੀ ਦੇ ਜਾਲ, ਜਟਾਵਾਂ ਦੇ ਜਾਲ, ਤਪੱਸਿਆ ਵਾਲੇ ਦਰੱਖਤ ਦੀਆਂ ਪਵੱਤਰ ਜੜ੍ਹਾਂ ਦੇ ਕਰਕੇ ਇੱਕ ਤਰ੍ਹਾਂ ਦੀ ਬਿਜਲੀ ਵਾਂਗੂੰ ਚਮਕ ਰਹੇ ਸਨ।

**विशुद्धभस्मकृतया त्रिपुण्ड्राङ्कितरेखया।**

**त्रिस्रोतसेव सम्बद्धशिलाभागं हिमालयम्।।२९।।**

29. ਜੋ ਕਿ ਤ੍ਰਿਪੁੰਦਰਾ ਦੇ ਨਿਸ਼ਾਨ, ਜੋ ਕਿ ਸ਼ੁੱਧ ਸਫੇਦ ਭਸਮ ਦਾ ਬਣਿਆ ਹੋਇਆ ਹੈ, ਇਸ ਤਰ੍ਹਾਂ ਨਾਲ ਲੱਗ ਰਿਹਾ ਸੀ ਜਿਵੇਂ ਹਿਮਾਲਿਆ ਦੀਆਂ ਪਹਾੜੀਆਂ ਇਸਦੀਆਂ ਚੱਟਾਨਾਂ ਨਾਲ ਗੰਗਾ ਦੀਆਂ ਤਿੰਨ ਨਦੀਆਂ ਨਾਲ ਸਬੰਧਤ ਹੋਣ।

**भस्मालङ्कृतसर्वाङ्गं शशाङ्कमिव भूगतम्।**

**वसानं वल्कलं नव्यं बालातपसमप्रभम्।।३०।।**

30. ਜਿਸ ਦੇ ਸਾਰੇ ਅੰਗ ਭਸਮ ਦੇ ਨਿਸ਼ਾਨਾਂ ਨਾਲ ਸ਼ਿੰਗਾਰੇ ਸਨ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਚੰਦਰਮਾਂ ਧਰਤੀ ਤੇ ਉੱਤਰ ਆਇਆ ਹੋਵੇ, ਜਿਸ ਨੇ ਆਪਣੇ ਆਪ ਨੂੰ ਮੋਟੇ ਜਿਹੇ ਕੱਪੜੇ ਨਾਲ ਢੱਕਿਆ ਹੋਇਆ ਹੈ ਅਤੇ ਇਸਦੀ ਰੌਸ਼ਨੀ ਸੂਰਜ ਦੀ ਸਵੇਰ ਦੀ ਰੌਸ਼ਨੀ ਜਿਹੀ ਹੋਵੇ।

**वडवाग्निशिखाजाल - समालीढमिवार्णवम्।**

**सर्वासामपि विद्यानां समुदायनिकेतनम्।।३१।।**

31. ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਸਮੁੰਦਰ ਆਪਣੀ ਸਤਹ ਦੀ ਅੱਗ ਨਾਲ ਢਕਿਆ ਹੋਵੇ, ਜੋ ਕਿ ਗਿਆਨ ਦੇ ਸਮੂਹ ਦਾ ਘਰ ਸੀ।

**न्यक्कृतप्राकृताहन्तं निरूढशिवभावनम्।**

**तृणीकृतजगज्जालं सिद्धीनामुदयस्थलम्।।३२।।**

32. ਜਿਸਨੇ ਆਪਣੀ ਅਸੱਭਿਅਕ ਘਮੰਡ ਵਾਲੀ ਪ੍ਰਵਿਰਤੀ ਨੂੰ ਤਿਆਗ ਦਿੱਤਾ ਹੋਵੇ ਜਿਸ ਦੀ ਕੁੱਖ ਦੇ ਅੰਦਰ ਸ਼ਿਵਾ ਦੇ ਦੀਵੇ ਦਾ ਬੀਜ ਹੋਵੇ, ਜੋ ਕਿ ਸੰਸਾਰ ਦੇ ਜਾਲ ਨੂੰ ਇਸ ਤਰ੍ਹਾਂ ਵੇਖਦਾ ਸੀ ਜੋ ਕਿ ਘਾਹ ਦਾ ਇੱਕ ਤੀਲ੍ਹਾ ਹੈ ਜੋ ਕਿ ਉੱਚ ਦਰਜੇ ਦੀਆਂ ਸ਼ਕਤੀਆਂ(ਅਨੀਮਾ, ਮਹੀਮਾ ਆਦਿ) ਦਾ ਸੋਮਾ ਹੈ,



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

मोहान्धकारतपनं मूलबोधमहीरुहम्।
ददर्श स महायोगी मुनिं कलशसम्भवम्।।३३।।

33. ਜੋ ਕਿ ਮੋਹ ਦੇ ਹਨੇਰੇ ਲਈ ਰੌਸ਼ਨੀ ਸੀ ਅਤੇ ਜੋ ਆਤਮ-ਗਿਆਨ ਦਾ ਇੱ ਦਰੱਖਤ ਸੀ

तमागतं महासिद्धं समीक्ष्य कलशोद्भवः।
गणेन्द्रं रेणुकाभिख्यं विवेद ज्ञानचक्षुषा।।३४।।

34. ਮਹਾਨ ਸਿੱਧ ਦੇ ਆਉਣ ਤੇ ਘੜੇ ਤੋਂ ਜਨਮੇ ਸੰਤ ਨੇ ਆਪਣੀ ਆਤਮ ਗਿਆਨ ਦੀ ਸ਼ਕਤੀ ਨਾਲ ਜਾਣਿਆ ਕਿ ਉਹ ਸਿੱਧ ਸ਼ਿਵ ਸ਼ੰਭੂ ਮਹਾਰਾਜ ਦੇ ਗਣ(ਭਗਤਾਂ) ਵਿੱਚੋਂ ਸ਼੍ਰੋਮਣੀ ਹੈ ਅਤੇ ਉਸ ਦਾ ਨਾਮ ਰੇਣੂਕਾ ਹੈ।

तस्यानुभावं विज्ञाय सहसैव समुत्थितः।
लोपामुद्राकरानीतै रुद्रकैरतिपावनैः।।
पादौ प्रक्षालयामास स तस्य शिवयोगिनः।।३५।।

35. ਉਸਦੀ ਆਤਮਾਂ ਦੀ ਸ਼ਕਤੀ ਨੂੰ ਜਾਣ ਕੇ ਉਹ(ਅਗਸਤ) ਇਕਦਮ ਉਠਿਆ ਅਤੇ ਉਸਨੇ ਆਪਣੇ ਹੱਥਾਂ ਨਾਲ ਉਸ ਸ਼ਿਵਯੋਗਿਨ ਦੇ ਪੈਰ ਲੋਪਮੁਦਰਾ ਦੁਆਰਾ ਲਿਆਂਦੇ ਗਏ ਪਵਿੱਤਰ ਪਾਣੀ ਨਾਲ ਧੋਤੇ,

सम्पूज्य तं यथाशास्त्रं तन्नियोगपुरःसरम्।
मुनिर्विनयसम्पन्नो निषसादासनान्तरे।।३६।।

36. ਉਸਨੂੰ ਅੰਦਰ ਲਿਆਉਣ ਅਤੇ ਸ਼ਾਸ਼ਤਰਾਂ ਅਨੁਸਾਰ ਪੂਜਾ ਕਰਨ ਉਪਰੰਤ ਸੰਤ, ਜੋ ਇੱਕ ਮਹਾਨ ਚੇਲਾ ਸੀ, ਦੂਸਰੀ ਜਗਹ ਤੇ ਬੈਠ ਗਿਆ।

समासीनं मुनिवरं सर्वतेजस्विनां विभुम्।
उवाच शान्तया वाचा रेवणः सिद्धशेखरः।।३७।।

37. ਫਿਰ,ਸ਼੍ਰੀ ਰੇਣੁਕਾ(ਸਿੱਧਾਂ ਦੇ ਸ਼੍ਰੋਮਣੀ) ਨੇ ਮਧੁਰ ਆਵਾਜ਼ ਵਿੱਚ ਮਹਾਨ ਸੰਤ, ਜੋ ਕਿ ਆਤਮਿਕ ਤੌਰ ਤੇ ਤੇਜਸਵੀਆਂ ਦਾ ਵੀ ਸਵਾਮੀ ਸੀ, ਨੂੰ ਕਿਹਾ ਕਿ

निर्विघ्नं वर्तसे किं नु नित्या ते नियमक्रिया?।
अथवागस्त्य तेजस्विन् कुतः स्युस्तेऽन्तरायकाः?।।३८।।

38. ਹੇ ਅਗਸਤ, ਤੁਸੀਂ ਮਹਾਂਤੇਜਸਵੀ ਹੋ, ਕੀ ਤੁਸੀਂ ਸਾਰੀਆਂ ਰੁਕਾਵਟਾਂ ਤੋਂ ਰਹਿਤ ਹੋ? ਕੀ ਤੁਸੀਂ ਹਰ ਰੋਜ ਧਾਰਮਿਕ ਕਿਰਿਆਵਾਂ ਕਰਦੇ ਹੋ ਜਾਂ ਕਿ ਤੁਹਾਡੇ ਦੁਆਰਾ ਕੀਤੀਆਂ ਧਾਰਮਿਕ ਕਿਰਿਆਵਾਂ ਵਿੱਚ ਹੁਣ ਤੱਕ ਕੋਈ ਵਿਘਨ ਵੀ ਪਿਆ ਹੈ।

विन्ध्यो निरुद्धो भवता विश्वोल्लङ्घनविभ्रमः।
नहुषो शेषलेशात् ते सद्यः सर्पत्वमागतः।।३९।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

39. ਵਿੰਧਿਆ ਪਰਬਤ ਜੋ ਕਿ ਇਸ ਸੰਸਾਰ ਦੀਆਂ ਹੱਦਾਂ ਨੂੰ ਸਰ ਕਰਨ ਲਈ ਮਸ਼ਰੂਫ ਸੀ, ਨੂੰ ਵੀ ਤੁਸੀਂ ਕੰਟਰੋਲ ਕੀਤਾ ਹੋਇਆ ਹੈ, ਤੁਸੀਂ ਛੋਟੇ ਜਿਹੇ ਗੁੱਸੇ ਨਾਲ ਨਹੂਸ਼ਾ ਨੂੰ ਇੱਕ ਪਲ ਵਿਚ ਹੀ ਸੱਪਣੀ ਦੇ ਰੂਪ ਵਿੱਚ ਪ੍ਰਵਿਰਿਤਿਤ ਕਰ ਦਿੱਤਾ ਸੀ

**आचान्ते भवता पूर्वं पङ्कशेषाः पयोधयः।**

**जीर्णस्ते जाठरे वह्नौ दृप्तो वातापि-दानवः।।४०।।**

40. ਅਤੀਤ ਵਿੱਚ ਤੁਸੀਂ ਸਮੁੰਦਰਾਂ ਦਾ ਪਾਣੀ ਪੀ ਕੇ ਉਹਨਾਂ ਨੂੰ ਚਿੱਕੜ ਦੇ ਢੇਰ ਵਿਚ ਤਬਦੀਲ ਕਰ ਦਿੱਤਾ ਸੀ, ਬਹੁਤ ਡਰਾਵਣੇ ਦਿਓ ਵਤਾਪੀ ਨੂੰ ਤੁਸੀਂ ਪੇਟ ਦੀ ਅਗਨੀ ਨਾਲ ਨਿਗਲ ਲਿਆ ਸੀ,

**एवंविधानां चित्राणां सर्वलोकातिशायिनाम्।**

**कृत्यानां तु भवान् कर्ता कस्तेऽगस्त्य समप्रभः?।।४१।।**

41. ਤੁਹਾਡੇ ਵਰਗਾ ਸ਼ਕਤੀਸ਼ਾਲੀ ਕੌਣ ਹੋ ਸਕਦਾ ਹੈ, ਤੁਸੀਂ ਮਹਾਨ ਕਰਮਾਂ ਦੇ ਮਾਲਕ ਹੋ ਜੋ ਇਸ ਸਾਰੇ ਸੰਸਾਰ ਤੋਂ ਪਰ੍ਹੇ ਹਨ,

**शिवाद्वैतपरानन्दप्रकाशन परायणम्।**

**भवन्तमेकं शंसन्ति प्रकृत्या सङ्गवर्जितम्।।४२।।**

42. ਤੁਸੀ ਹੀ ਇੱਕੋ-ਇੱਕ ਹੋ ਜਿਸ ਦੀ ਪੂਜਾ ਹੁੰਦੀ ਹੈ ਅਤੇ ਜਿਸ ਦਾ ਕੋਈ ਸਹਿਯੋਗੀ ਨਹੀਂ ਕਿਉਂਕਿ ਤੁਸੀ ਸ਼ਿਵ ਨਾਲ ਇਕਮਿਕ ਹੋ ਅਤੇ ਉਸ ਦੀ ਸਰਵਉੱਚ ਆਸ਼ੀਸ਼ ਪ੍ਰਾਪਤ ਹੋ ਅਤੇ ਤੁਸੀਂ ਪਰਮ ਸ਼ਿਵਭਗਤ ਹੋ।

**पुरा हैमवतीसूनुरवदत् ते षडाननः।**

**शिवधर्मोत्तरं नाम शास्त्रमीश्वरभाषितम्।।४३।।**

43. ਇਹ ਸ਼ਭ ਕੁੱਝ ਕਿਵੇਂ ਹੋਇਆ, ਇਸਦਾ ਉੱਤਰ ਹੈ, ਅਤੀਤ ਵਿੱਚ ਛੇ ਸਿਰਾਂ ਵਾਲੇ ਦੇਵਤੇ ਨੇ ਜੋ ਕਿ ਮਾਂ ਪਾਰਵਤੀ ਦਾ ਪੁੱਤਰ ਸੀ, ਨੇ ਤੁਹਾਨੂੰ ਸ਼ਿਵਾਧਰਮੋਤਰਾ ਸ਼ਾਸ਼ਤਰ ਦਾ ਉਪਦੇਸ਼ ਦਿੱਤਾ ਸੀ, ਜਿਸ ਨੂੰ ਸ਼ਿਵ ਜੀ ਨੇ ਆਪ ਉਚਾਰਿਆ ਸੀ

**भक्तिः शैवी महाघोरसंसारभयहारिणी।**

**त्वया राजन्वती लोके जातागस्त्य महामुने।।४४।।**

44. ਹੇ, ਮਹਾਨ ਸੰਤ ਅਗਸਤ, ਸ਼ਿਵ ਦੀ ਭਗਤੀ ਜੋ ਕਿ ਜਨਮ-ਮਰਣ ਦੇ ਸਾਰੇ ਭੈਆਂ ਨੂੰ ਦੂਰ ਕਰਨ ਦੇ ਸਮਰਥ ਹੈ, ਦਾ ਤੁਸੀਂ ਪ੍ਰਸਾਰ ਕੀਤਾ ਹੈ।

**इति तस्य वचः श्रुत्वा सिद्धस्य मुनिपुङ्गवः।**

**गम्भीरगुणया वाचा बभाषे भक्तिपूर्वकम्।।४५।।**

45. ਸਿੱਧ, ਸ਼੍ਰੀ ਰੇਣੂਕਾ ਦੀ ਇਹ ਗੱਲ ਸੁਣ ਕੇ ਮਹਾਨ ਸੰਤ ਅਗਸਤ ਨੇ ਆਪਣੇ ਡੂੰਘੇ ਸ਼ਬਦਾਂ ਵਾਲੀ ਮਧੁਰ ਬਾਣੀ ਨਾਲ ਕਿਹਾ,



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

अहमेव मुनीन्द्राणां लालनीयोऽस्मि सर्वदा।
भवदागमसम्पत्तिर्मां विना कस्य सम्भवेत्?।।४६।।

46. ਮੈਂ ਮਹਾਨ ਸੰਤਾਂ ਵਿੱਚੋਂ ਹਾਂ, ਅਤੇ ਮੇਰੀ ਹਰ ਸਮੇ ਪ੍ਰਸ਼ੰਸਾ ਹੁੰਦੀ ਹੈ, ਪਰੰਤੂ ਮੇਰੇ ਬਿਨ੍ਹਾਂ ਕੌਣ ਜਾਣ ਸਕਦਾ ਹੈ ਕਿ ਮੈਂ ਕਿੰਨਾਂ ਭਾਗਾਂ ਭਰਿਆਂ ਹਾਂ ਕਿ ਤੁਸੀਂ ਮੇਰੇ ਕੋਲ ਆ ਕੇ ਦਰਸ਼ਨ ਦਿੱਤੇ ਹਨ,

स्थिरमद्य शिवज्ञानं स्थिरा मे तापसक्रिया।
भवद्दर्शनपुण्येन स्थिरा मे मुनिराजता।।४७।।

47. ਤੁਹਾਡੀ ਝਲਕ ਮਾਤਰ ਨਾਲ਼ ਹੀ ਮੇਰਾ ਸ਼ਿਵ ਦਾ ਗਿਆਨ ਪੱਕਾ ਹੋ ਗਿਆ ਹੈ, ਮੈਨੂੰ ਕਰਮ ਸਾਧਨਾ ਦਾ ਫਲ ਮਿਲ ਗਿਆ ਹੈ, ਅਤੇ ਮੇਰੀ ਸੰਤਾਂ ਦੇ ਨੇਤਾ ਹੋਣ ਦੀ ਉਪਾਧੀ ਵੀ ਪੱਕੀ ਹੋ ਗਈ ਹੈ,

संसारसर्पदष्टानां मूर्छितानां शरीरिणाम्।
कटाक्षस्तव कल्याणं समुज्जीवनभेषजम्।।४८।।

48. ਤੁਹਾਡੀ ਝਲਕ ਮਾਤਰ ਉਹਨਾਂ ਲਈ ਦਵਾਈ ਦੇ ਸਮਾਨ ਹੈ ਜੋ ਆਵਾਗਮਨ ਦੇ ਸੱਪ ਦੇ ਡੱਸੇ ਹੋਏ ਹਨ ਅਤੇ ਮੂਰਛਿਤ ਅਵਸਥਾ ਵਿੱਚ ਹਨ।

समस्तलोकसन्दाहतापत्रयमहानलः ।
त्वत्पादाम्बुकणास्वादादुपशाम्यति देहिनाम्।।४९।।

49. ਤਿੰਨ ਦੁੱਖਾਂ ਦੀ ਮਹਾਨ ਅੱਗ ਜੋ ਕਿ ਸਾਰੇ ਸੰਸਾਰ ਨੂੰ ਜਲਾ ਰਹੀ ਹੈ, ਤੁਹਾਡੇ ਪੈਰਾਂ(ਪਦੋਦਕਾ) ਉੱਤੇ ਪਈ ਹੋਈ ਇੱਕ ਬੂੰਦ ਪੀਣ ਨਾਲ ਬੁਝ ਜਾਂਦੀ ਹੈ,

रेणुकं त्वां विजानामि गणनाथं शिवप्रियम्।
अवतीर्णमिमां भूमिं मदनुग्रहकाङ्क्षया।।५०।।

50. ਜਦੋਂ ਉਸ ਨੂੰ ਰੇਣੂਕਾ ਨੇ ਇਹ ਪੁੱਛਿਆ ਗਿਆ ਕਿ ਮੈਂ ਕੌਣ ਹਾਂ, ਤਾਂ ਉਸਨੇ ਕਿਹਾ, "ਮੈਨੂੰ ਪਤਾ ਹੈ ਕਿ ਤੁਸੀਂ ਸ਼ਿਵਾਂਗ ਦਾ ਨੇਤਾ ਹੈਂ ਜਿਸ ਨਾਂ ਰੇਣੂਕਾ ਹੈ, ਜੋ ਕਿ ਸ਼ਿਵਾ ਨੂੰ ਬਹੁਤ ਪਿਆਰਾ ਹੈ, ਅਤੇ ਤੁਹਾਨੂੰ ਇਸ ਧਰਤੀ ਤੇ ਮੇਰੀ ਸਹਾਇਤਾ ਲਈ ਉਤਾਰਿਆ ਗਿਆ ਹੈ,

भवादृशानां सिद्धानां प्रबोधध्वस्तजन्मनाम्।
प्रवृत्तिरीदृशी लोके परानुग्रहकारिणी।।५१।।

51. ਤੁਹਾਡੇ ਹਾਣ ਦੇ ਸਾਧੂਆਂ ਦਾ ਦੂਸਰਿਆਂ ਦੀ ਮਦਦ ਕਰਨ ਦਾ ਉਦੇਸ਼ ਹੁੰਦਾ ਹੈ, ਜਿਨਾਂ ਦਾ ਆਵਾਗਮਨ ਦਾ ਚੱਕਰ ਆਤਮਗਿਆਨ ਨਾਲ ਖਤਮ ਹੋਇਆ ਹੈ,

त्वन्मुखाच्छ्रोतुमिच्छामि सिद्धान्तं श्रुतिसम्मतम्।
सर्वज्ञ वद मे साक्षाच्चैवं सर्वार्थसाधकम्।।५२।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

52. ਇਸ ਲਈ ਮੈਂ ਤੁਹਾਡੇ ਤੋਂ ਸਿਧਾਂਤਾ ਦੇ ਗਿਆਨ ਬਾਰੇ ਸੁਣਨਾ ਚਾਹੁੰਦਾ ਹਾਂ, ਜੋ ਕਿ ਸ਼ਰੂਤੀ(ਵੇਦ) ਨੂੰ ਪ੍ਰਵਾਨ ਹੈ, ਹੇ ਸਰਵਵਿਆਪਕ, ਕਿਰਪਾ ਕਰਕੇ ਮੈਨੂੰ ਇਸ ਗਿਆਨ ਬਾਰੇ ਦੱਸੋ ਜਿਸ ਦਾ ਸਿੱਧਾ ਸੰਬੰਧ ਸ਼ਿਵ ਨਾਲ ਹੈ ਜੋ ਕਿ ਸਾਰੇ ਤਰ੍ਹਾਂ ਦੇ ਫਲਾਂ(ਇਨਾਮਾਂ) ਦਾ ਸਾਧਨ ਹੈ,

सद्यः सिद्धिकरं पुंसां सर्वयोगीन्द्रसेवितम्।
दुराचारैरनाघ्रातं स्वीकृतं वेदवेदिभिः।
शिवात्मैक्य - महाबोधसम्प्रदायप्रवर्तकम्।।५३।।

53. ਜੋ ਕਿ ਲੋਕਾਂ ਲਈ ਇਕਦਮ ਪ੍ਰਾਪਤੀ ਦਾ ਕਾਰਨ ਬਣਦਾ ਹੈ, ਅਤੇ ਜੋ ਸਾਰੇ ਮਹਾਨ ਸੰਤਾਂ ਦਾ ਸਹਾਰਾ ਹੈ, ਅਤੇ ਜਿਸ ਦੀ ਖੁਸ਼ਬੂ ਮਾੜੇ ਵਿਵਹਾਰ ਵਾਲੇ ਇਨਸਾਨ ਸੁੰਘ ਵੀ ਨਹੀਂ ਸਕਦੇ, ਜੋ ਵੇਦਾਂ ਦਾ ਗਿਆਨ ਰੱਖਣ ਵਾਲਿਆਂ ਨੂੰ ਪ੍ਰਵਾਨ ਹੈ ਅਤੇ ਜੋ ਆਤਮਾਂ ਨੂੰ ਸ਼ਿਵ ਨਾਲ ਜੋੜਨ ਦੀ ਸੋਝੀ ਦੀ ਪਰੰਪਰਾ ਦੇ ਪ੍ਰਸਾਰ ਨਾਲ ਸਬੰਧਤ ਹੈ।

उक्त्वा भवान् सकललोकमहोपकारं
सिद्धान्तसङ्ग्रहमनाहतबाह्यतन्त्रम् ।
सद्यः कृतार्थयितुमर्हसि दिव्ययोगिन्
नानागमश्रवणवर्तित - संशयं माम्।।५४।।

54. ਇਸ ਲਈ ਹੇ ਪਵਿੱਤਰ ਯੋਗਿਨ, ਇਹ ਤੁਹਾਨੂੰ ਫਬਦਾ ਹੈ ਕਿ ਮੈਨੂੰ, ਜੋ ਕਿ ਕਈ ਪਰੰਪਰਾਵਾਂ ਨੂੰ ਸੁਣਨ ਕਰਕੇ ਸ਼ੰਕਿਆਂ ਨਾਲ ਭਰਿਆ ਹੋਇਆ ਹਾਂ, ਸ਼ਿਵ ਦੇ ਸਿਧਾਂਤਾਂ ਦੀ ਆਸ਼ੀਸ ਦੇਵੋਂ, ਇਹ ਆਸ਼ੀਸ਼ ਸਾਰੇ ਸੰਸਾਰ ਲਈ ਲਾਭਦਾਇਕ ਹੈ ਅਤੇ ਜੋ ਬਾਹਰਲੀਆਂ ਲਿਖਤਾਂ ਨੂੰ ਨਹੀਂ ਮੰਨਦੀ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਪੰਜਵਾਂ ਅਧਿਆਇ

अथागस्त्यवचः श्रुत्वा रेणुको गणनायकः।
ध्यात्वा क्षणं महादेवं साम्बमाह समाहितः।।१।।

1. ਅਗਸਤ ਦੇ ਇਹ ਵਿਚਾਰ ਸੁਣ ਕੇ, ਗਣ ਦੇ ਨੇਤਾ ਰੇਣੂਕਾ ਨੇ ਮਨ ਨੂੰ ਇਕਾਗਰ ਕਰਕੇ ਮਹਾਂਦੇਵ ਅਤੇ ਅੰਬਾ(ਸ਼ਕਤੀ) ਨੂੰ ਯਾਦ ਕੀਤਾ ਤੇ ਕਿਹਾ,

अगस्त्य मुनिशार्दूल समस्तागमपारग!।
शिवज्ञानकरं वक्ष्ये सिद्धान्तं शृणु सादरम्।।२।।

2. ਹੇ ਅਗਸਤ, ਜੋ ਸੰਤਾਂ ਵਿਚ ਸ਼ੇਰ ਦੀ ਤਰ੍ਹਾਂ ਹੈ ਜੋ ਸਾਰੇ ਅਗਮਾਂ ਦਾ ਗਿਆਤਾ ਹੈ, ਮੈ ਉਸ ਦੇ ਸਿਧਾਂਤ ਦੱਸਾਂਗਾ, ਜਿਸ ਵਿੱਚ ਸ਼ਿਵ ਦਾ ਗਿਆਨ ਹੈ, ਇਸ ਨੂੰ ਆਦਰ ਸਹਿਤ ਸੁਣੋਂ,

अगस्त्य खलु सिद्धान्ता विख्याता रुचिभेदतः।
भिन्नाचारसमायुक्ता भिन्नार्थप्रतिपादकाः।।३।।

3. ਹੇ ਅਗਸਤ, ਇੱਥੇ ਬਹੁਤ ਸਾਰੇ ਸਿਧਾਂਤ ਹਨ ਜੋ ਪ੍ਰਸਿੱਧ ਹਨ, ਜੋ ਕਿ ਯੋਗਤਾ ਦੇ ਅਨੁਸਾਰ ਭਿੰਨ-ਭਿੰਨ ਹਨ, ਜੋ ਕਿ ਕਈ ਤਰ੍ਹਾਂ ਦੀਆਂ ਕਿਰਿਆਵਾਂ ਅਤੇ ਕਈ ਤਰਾਂ ਦੇ ਨਿਯਮਾਂ ਨੂੰ ਪ੍ਰਸਤੁਤ ਕਰਦੇ ਹਨ,

सांख्यं योगः पाञ्चरात्रं वेदाः पाशुपतं तथा।
एतानि मानभूतानि नोपहन्यानि युक्तिभिः।।४।।

4. ਸੰਖਿਆ ਯੋਗ, ਪੰਚਤੰਤਰ, ਵੇਦ, ਪਸ਼ੂਪਤ, ਇਹ ਸਿਧਾਂਤ ਹਨ, ਜੋ ਕਿ ਮੁੱਖ ਹਨ ਅਤੇ ਜਿਨਾਂ ਨੂੰ ਤਰਕ ਨਾਲ ਨਕਾਰਿਆ ਨਹੀਂ ਜਾਣਾ ਚਾਹੀਦਾ(ਖੰਡਨ ਨਹੀਂ ਕਰਨਾ ਚਾਹੀਦਾ),

वेदः प्रधानं सर्वेषां सांख्यादीनां महामुने।
वेदानुसरणादेषां प्रामाण्यमिति निश्चितम्।।५।।

5. ਹੇ ਮਹਾਨ ਸੰਤ, ਇਹਨਾਂ ਵਿੱਚੋਂ ਸੰਖਿਆ ਅਤੇ ਵੇਦ ਜਿਆਦਾ ਪ੍ਰਚਲਿਤ ਹਨ, ਇਹਨਾਂ ਦੀ ਪ੍ਰਮਾਣਿਕਤਾ ਇਹ ਹੈ ਕਿ ਇਹ ਵੇਦਾਂ ਨੂੰ ਮੰਨਦੇ ਹਨ,

पाञ्चरात्रस्य सांख्यस्य योगस्य च तथा मुने।
वेदैकदेशवर्तित्वं शैवं वेदमयं मतम्।।६।।

6. ਹੇ ਸੰਤ, ਪੰਚਤੰਤਰ, ਸੰਖਿਆ ਅਤੇ ਯੋਗ, ਵੇਦਾਂ ਦੇ ਇੱਕ ਹਿੱਸੇ ਤੇ ਆਧਾਰਿਤ ਹਨ, ਜਦਕਿ ਸ਼ਿਵਾਸਿਧਾਂਤ ਪੂਰੀ ਤਰਾਂ ਵੇਦਾਂ ਤੇ ਆਧਾਰਿਤ ਹੈ,

वेदैकदेशवर्तिभ्यः सांख्यादिभ्यो महामुने!।
सर्ववेदानुसारित्वाच्छैवतन्त्रं विशिष्यते।।७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

7. ਹੇ ਮਹਾਨ ਸੰਤ, ਸੰਖਿਆ ਦੇ ਮੁਕਾਬਲੇ, ਜੋ ਵੇਦ ਦੇ ਇੱਕ ਹਿੱਸੇ ਤੇ ਆਧਾਰਿਤ ਹੈ, ਸ਼ਿਵਸਿਧਾਂਤ ਜੋ ਪੂਰੀ ਤਰ੍ਹਾਂ ਵੇਦਾਂ ਤੇ ਆਧਾਰਿਤ ਹੈ, ਜਿਆਦਾ ਉੱਤਮ ਹੈ,

शैवतन्त्रमिति प्रोक्तं सिद्धान्ताख्यं शिवोदितम्।
सर्ववेदार्थरूपत्वात् प्रामाण्यं वेदवत् सदा।।८।।

8. ਸ਼ੈਵ ਸਿਧਾਂਤ, ਜਿੰਨਾਂ ਨੂੰ ਸ਼ਿਵ ਦੁਆਰਾ ਪ੍ਰਚਾਰਿਤ ਕੀਤੇ ਸਿਧਾਂਤ ਵੀ ਕਿਹਾ ਜਾਂਦਾ ਹੈ, ਵੇਦ ਦੀ ਤਰ੍ਹਾਂ ਵਿਖਿਆਤ ਹਨ ਕਿਉਂਕਿ ਇਹ ਸਾਰੇ ਵੇਦਾਂ ਦੀ ਮਹਾਨਤਾ ਨੂੰ ਦੱਸਦੇ ਹਨ।

आगमा बहुधा प्रोक्ताः शिवेन परमात्मना।
शैवं पाशुपतं सोमं लाकुलञ्चेति भेदतः।।९।।

9. ਜਿਵੇਂ ਕਿ ਮਹਾਨ ਪ੍ਰਭੂ ਸ਼ਿਵਾ ਨੇ ਕਿਹਾ ਹੈ ਆਗਮਾਂ ਕਈ ਕਿਸਮਾਂ ਦੇ ਹਨ, ਇਹਨਾਂ ਦੀਆਂ ਕਿਸਮਾਂ ਹਨ, ਸ਼ੈਵ, ਪਸ਼ੂਪਤ, ਸੋਮ ਅਤੇ ਲਾਕੁਲ,

तेषु शैवं चतुर्भेदं तन्त्रं सर्वविनिश्चितम्।
वामञ्च दक्षिणञ्चैव मिश्रं सिद्धान्तसंज्ञकम्।।१०।।

10. ਇਹਨਾਂ(ਆਗਮਾਂ) ਵਿਚੋਂ ਸ਼ੈਵ ਚਾਰ ਤਰ੍ਹਾਂ ਦੇ ਹਨ ਜੋ ਕਿ ਸਾਰੇ ਮੰਨਦੇ ਹਨ, ਵਾਮ, ਦਕਸ਼ਿਣ, ਮਿਸਰ, ਅਤੇ ਸਿਧਾਂਤ ਆਦਿ ।

शक्तिप्रधानं वामाख्यं दक्षिणं भैरवात्मकम्।
सप्तमातृपरं मिश्रं सिद्धान्तं वेदसम्मतम्।।११।।

11. ਵਾਮਖਿਆਮ ਸ਼ਕਤੀ ਪ੍ਰਧਾਨ ਹੈ, ਦਕਸ਼ਿਨ ਦਾ ਠਾਕੁਰ ਭੈਰਵ ਹੈ, ਮਿਸਰਤੰਤਰ ਸਪਤਮਾਤੁਪਰ ਨੂੰ ਸਮਰਪਿਤ ਹੈ ਅਤੇ ਸਿਧਾਂਤ ਵੇਦਾਂ ਨੂੰ ਮੰਨਦਾ ਹੈ।

वेदधर्माभिधायित्वात् सिद्धान्ताख्यः शिवागमः।
वेदबाह्यविरोधित्वाद् वेदसम्मत उच्यते।।१२।।

12. ਸ਼ਿਵਾਗਮ(ਸ਼ੈਵਤੰਤਰ), ਜਿਸ ਨੂੰ ਸਿਧਾਂਤ ਵੀ ਕਹਿੰਦੇ ਹਨ ਵੇਦਾਂ ਨੂੰ ਮੰਨਦਾ ਹੈ ਕਿਉਂਕਿ ਇਹ ਧਰਮ ਪੱਖੀ ਹੈ ਜੋ ਕਿ ਵੇਦਾਂ ਵਿੱਚ ਸਿਖਾਇਆ ਗਿਆ ਹੈ, ਅਤੇ ਇਸ ਲਈ ਵੀ ਕਿਉਂਕਿ ਇਹ ਵੇਦਾਂ ਤੋਂ ਬਾਹਰ ਦੀ ਸਿੱਖਿਆ ਜਾਂ ਜੋ ਵੇਦਾਂ ਦੇ ਉਲਟ ਹੈ ਉਸ ਦਾ ਵਿਰੋਧ ਕਰਦਾ ਹੈ।

वेदसिद्धान्तयोरैक्यमेकार्थप्रतिपादनात् ।
प्रामाण्यं सदृशं ज्ञेयं पण्डितैरेतयोः सदा।।१३।।

13. ਵੇਦ ਤੇ ਸਿਧਾਂਤ ਇੱਕੋ ਹਨ ਕਿਉਂਕਿ ਇਹ ਇੱਕੋ ਤਰਾਂ ਦੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਹਨ, ਦੋਵਾਂ ਦੀ ਪ੍ਰਮਾਣਿਕਤਾ ਦਾ ਗਿਆਨ ਇੱਕ ਗਿਆਨੀ(ਪੰਡਿਤ) ਦੇ ਗਿਆਨ ਦੇ ਬਰਾਬਰ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

सिद्धान्ताख्ये महातन्त्रे कामिकाद्ये शिवोदिते।

निर्दिष्टमुत्तरे भागे वीरशैवमतं परम्।।१४।।

14. ਮਹਾਨ ਪਰੰਪਰਿਕ ਸਿਧਾਂਤ ਦੇ ਪਿਛਲੇ ਭਾਗ ਵਿੱਚ ਜੋ ਕਿ ਕਾਮਿਕਾ ਤੋਂ ਸ਼ੁਰੂ ਹੁੰਦਾ ਹੈ ਅਤੇ ਜਿਸ ਨੂੰ ਸ਼ਿਵ ਨੇ ਪੜਾਇਆ ਹੈ, ਵੀਰਸ਼ੈਵ ਦੀ ਸਰਵਉਚ ਸਿਧਾਂਤ ਦਾ ਪੱਖ ਪੂਰਿਆ ਗਿਆ ਹੈ।

विद्यायां शिवरूपायां विशेषाक्रमणं यतः।

तस्मादेते महाभागा वीरशैवा इति स्मृताः।।१५।।

15. ਇਹਨਾਂ ਮਹਾਂਨ ਆਤਮਾਵਾਂ ਨੂੰ ਵੀਰਸ਼ੈਵ ਇਸ ਲਈ ਕਹਿੰਦੇ ਹਨ ਕਿਉਂਕਿ ਇਹਨਾਂ ਨੂੰ ਸ਼ਿਵ ਦੇ ਗਿਆਨ ਦੇ ਰੂਪ ਵਿਚ ਆਸ਼ੀਸ਼ ਦਾ ਤਜੁਰਬਾ ਹਾਂਸਲ ਹੈ।

वीशब्देनोच्यते विद्या शिवजीवैक्यबोधिका।

तस्यां रमन्ते ये शैवा वीरशैवास्तु ते मताः।।१६।।

16. ਇੱਥੇ 'ਵੀ' ਦਾ ਮਤਲਬ ਵਿੱਦਿਆ(ਗਿਆਨ) ਹੈ ਜੋ ਕਿ ਸ਼ਿਵ ਅਤੇ ਜੀਵ ਦੀ ਸ਼ਖਸ਼ੀਅਤ ਦਾ ਬੋਧ ਕਰਾਉਂਦੀ ਹੈ, ਸ਼ਿਵ ਦੇ ਭਗਤਾਂ ਨੂੰ ਜੋ ਇਸ ਵਿੱਚ ਖੁਸ਼ੀ ਅਨੁਭਵ ਕਰਦੇ ਹਨ ਵੀਰਸ਼ੈਵ ਕਿਹਾ ਜਾਂਦਾ ਹੈ।

विद्यायां रमते यस्मान्मायां हेयां श्ववद् दहेत्।

अनेनैव निरुक्तेन वीरमाहेश्वरः स्मृतः।।१७।।

17. 'ਵਿਦਿਅਮ ਰਮਤੇ' ਦੀ ਨਿਰੁਕਤੀ ਦੇ ਰੂਪ ਵਿੱਚ(ਜੋ ਇਸ ਗਿਆਨ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ) ਅਤੇ 'ਹੇਆਂ ਮੇਆਂ ਸ਼ਵਬਦ ਰਹੇਤ' (ਜੋ ਘਿਨਾਉਣੀ ਮਾਇਆ ਨੂੰ ਨਕਾਰਦੇ ਹਨ ਜਿਵੇਂ ਕਿ ਇਹ ਇੱਕ ਕੁੱਤਾ ਹੋਵੇ), ਇਕ ਇਨਸਾਨ ਵੀਰਮਹੇਸ਼ਵਰ ਦੀ ਉਪਾਧੀ ਹਾਂਸਲ ਕਰ ਲੈਂਦਾ ਹੈ।

वेदान्तजन्यं यज्ज्ञानं विद्येति परिकीर्त्यते।

विद्यायां रमते तस्यां वीर इत्यभिधीयते।।१८।।

18. ਜੋ ਗਿਆਨ ਵੇਦਾਂਤ ਤੋਂ ਮਿਲਦਾ ਹੈ ਉਸਨੂੰ 'ਵਿਦਿਆ' ਕਹਿੰਦੇ ਹਨ, ਜੋ ਉਸ ਗਿਆਨ ਵਿਚ ਖੁਸ਼ੀ ਮਹਿਸੂਸ ਕਰਦਾ ਹੈ(ਰਮ ਜਾਂਦਾ ਹੈ), ਨੂੰ 'ਵੀਰ' ਦੀ ਉਪਾਧੀ ਮਿਲਦੀ ਹੈ।

शैवैर्माहेश्वरैश्चैव कार्यमतर्ब्बहिः क्रमात्।

शिवो महेश्वरश्चेति नात्यन्तमिह भिद्यते।।१९।।

19. ਸ਼ੈਵ ਅਤੇ ਮਹੇਸ਼ਵਰ ਦੁਆਰਾ ਲਿੰਗ(ਕਰਿਅਮ) ਦੀ ਪੂਜਾ ਦੀਆਂ ਦਾਂ ਵਿਧੀਆਂ ਹਨ, ਅੰਦਰਲੀਆਂ ਅਤੇ ਬਾਹਰਲੀਆਂ।

यथा तथा न भिद्यन्ते शैवा माहेश्वरा अपि।

शिवाश्रितेषु ते शैवा ज्ञानयज्ञरता नराः।।२०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

20. ਜਿਵੇਂ ਕਿ ਸ਼ਿਵਾ ਤੇ ਮਹੇਸ਼ਵਰਾ ਵਿੱਚ ਕੋਈ ਅੰਤਰ ਨਹੀਂ ਹੈ, ਸ਼ੈਵ ਤੇ ਮਹੇਸ਼ਵਰਾ ਵਿਚ ਵੀ ਕੋਈ ਅੰਤਰ ਨਹੀਂ ਹੈ, ਉਹ ਸ਼ੈਵ ਹਨ ਜੋ ਗਿਆਨ ਦੇ ਰੂਪ ਵਿਚ ਤਿਆਗ ਵਿਚ ਰੁੱਝੇ ਹੋਏ ਹਨ।

**माहेश्वराः समाख्याताः कर्मयज्ञरता भुवि।**

**तस्मादभ्यन्तरे कुर्युः शैवा माहेश्वरा बहिः।।२१।।**

21. ਜਦਕਿ ਮਹੇਸ਼ਵਰਾ ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਕਿਰਿਆ ਦੇ ਰੂਪ ਵਿੱਚ ਤਿਆਗ ਵਿੱਚ ਰੁੱਝੇ ਹੋਏ ਹਨ। ਇਸ ਲਈ ਸ਼ੈਵ ਅੰਦਰਲੀ ਭਗਤੀ ਕਰਦੇ ਹਨ ਅਤੇ ਮਹੇਸ਼ਵਰਾ ਬਾਹਰਲੀ ਭਗਤੀ ਕਰਦੇ ਹਨ।

**वीरशैवास्तु षड्भेदाः स्थलधर्मविभेदतः।**

**भक्तादिव्यवहारेण प्रोच्यते शास्त्रपारगैः।।२२।।**

22. ਸਥਾਲਾ ਦੀਆਂ ਧਾਰਮਿਕ ਕਿਰਿਆਵਾਂ ਵਿਚ ਅੰਤਰ ਦੇ ਆਧਾਰ ਤੇ ਵੀਰਸ਼ੈਵਾਂ ਦੇ ਛੇ ਭੇਦ ਹਨ, ਧਾਰਮਿਕ ਗ੍ਰੰਥਾਂ ਦੇ ਮਾਹਿਰਾਂ ਦੁਆਰਾ ਇਹਨਾਂ ਨੂੰ ਭਗਤ ਕਿਹਾ ਜਾਂਦਾ ਹੈ।

**शास्त्रन्तु वीरशैवानां षड्विधं स्थलभेदतः।**

**धर्मभेद – समायोगादधिकारिविभेदतः।।२३।।**

23. ਸਥਾਲਾ ਵਿਚ ਅੰਤਰ ਦੇ ਆਧਾਰ ਤੇ ਵੀਰਸ਼ੈਵਾਂ ਦੇ ਸ਼ਾਸ਼ਤਰਾਂ ਦੇ ਛੇ ਭੇਦ ਹਨ, ਧਾਰਮਿਕ ਕਿਰਿਆਵਾਂ ਵਿਚ ਅੰਤਰ ਅਤੇ ਹਰ ਪੱਧਰ ਦੀ ਯੋਗਤਾ ਵਿਚ ਅੰਤਰ ਦੇ ਆਧਾਰ ਤੇ ਵੀ।

**आदौ भक्तस्थलं प्रोक्तं ततो माहेश्वरस्थलम्।**

**प्रसादिस्थलमन्यत्तु प्राणलिङ्गिस्थलं ततः।।**

**शरणस्थलमाख्यातं षष्ठमैक्यस्थलं मतम्।।२४।।**

24. ਪਹਿਲੀ ਵੰਨਗੀ ਵਾਲਿਆਂ ਨੂੰ ਭਗਤਸਥਾਲਾ ਕਿਹਾ ਜਾਂਦਾ ਹੈ, ਫਿਰ ਮਹੇਸ਼ਵਰਸਥਾਲਾ, ਇਕ ਹੋਰ ਵੰਗੀ ਪ੍ਰਾਸਾਦੀਸਥਾਲਾ ਹੈ, ਇਸ ਤੋਂ ਬਾਅਦ ਪ੍ਰਾਣਲਿੰਗੀਸਥਾਲਾ, ਫਿਰ ਸ਼ਰਣਸਥਾਲਾ ਅਤੇ ਛੇਵਾਂ ਮੈਕਿਆਸਥਾਲਾ ਹੈ।

**भक्तस्थलं प्रवक्ष्यामि प्रथमं कलशोद्भव!।**

**तदवान्तरभेदांश्च समाहितमनाः शृणु।।२५।।**

25. ਹੇ ਅਗਸਤ, ਘੜੇ ਤੋਂ ਪੈਦਾ ਹੋਏ ਸੰਤ, ਮੈਂ ਪਹਿਲਾਂ ਤੁਹਾਨੂੰ ਭਗਤਸਥਾਲਾ ਅਤੇ ਉਸਦੀਆਂ ਵੰਨਗੀਆਂ ਬਾਰੇ ਦੱਸਾਂਗਾ, ਆਪਣੇ ਮਨ ਨੂੰ ਇਕਾਗਰਚਿੱਤ ਕਰਕੇ ਸੁਣੋ।

**शैवी भक्तिः समुत्पन्ना यस्यासौ भक्त उच्यते।**

**तस्यानुष्ठेय – धर्माणामुक्तिर्भक्तस्थलं मतम्।।२६।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

26. ਜਿਨ੍ਹਾਂ ਵਿਚ ਸ਼ਿਵ ਦੀ ਭਗਤੀ ਪਨਪਦੀ ਹੈ ਉਹਨਾਂ ਨੂੰ ਭਗਤ ਕਹਿੰਦੇ ਹਨ, ਭਗਤਸਥਾਲਾ ਉਹਨਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਧਾਰਮਿਕ ਕਿਰਿਆਵਾਂ ਦੇ ਪ੍ਰਦਰਸ਼ਨ ਦਾ ਸਮੂਹ ਹੈ।

अवान्तरस्थलान्यत्र प्राहुः पञ्चदशोत्तमाः।
पिण्डता पिण्डविज्ञानं संसारगुणहेयता।।२७।।

27. ਵਿਦਵਾਨ ਕਹਿੰਦੇ ਹਨ ਇਸ ਦੀਆਂ ੧੫ ਵੰਨਗੀਆਂ ਹਨ, ੧) ਪਿੰਡਸਥਾਲਾ ੨) ਪਿੰਡਗਿਆਨਸਥਾਲਾ ੩)ਸੰਸਾਰਗੁਣਸਥਾਲਾ ੪)ਦੀਕਸ਼ਾਸਥਾਲਾ ੫)ਗੁਰੂਕਰੁਣਾਸਥਾਲਾ ੬) ਲਿੰਗਧਰਣਾਸਥਾਲਾ

दीक्षा लिङ्गधृतिश्चैव विभूतेरपि धारणम्।
रुद्राक्षधारणं पश्चात् पञ्चाक्षरजपस्तथा।।२८।।

28. ੭) ਵਿਭੂਤੀਧਰਣਾਸਥਾਲਾ ੮)ਰੁਦਰਾਕਸ਼ਧਰਣਾਸਥਾਲਾ ੯) ਪਨਕਾਸਾਰੀਜਪਾਸਥਾਲਾ ੧੦)ਭਗਤਮਾਰਗਕਿਰਿਆਸਥਾਲਾ ੧੧) ਤ੍ਰਿਵਿਧਾਸੰਪੱਤੀਸਥਾਲਾ

भक्तमार्गक्रिया चैव गुरुर्लिङ्गस्य चार्चनम्।
जङ्गमस्य तथा ह्येषां प्रसादस्वीकृतिस्तथा।।२९।।

29. ੧੨) ਕਟੁਰਵਿਦਿਆਸਾਰਿਆਸਥਾਲਾ ੧੩) ਸੋਪਾਧੀਦਾਨਸਥਾਲਾ ੧੪) ਨਿਰੁਪਾਧੀਦਾਨਸਥਾਲਾ

अत्र दानत्रयं प्रोक्तं सोपाधिनिरुपाधिकम्।
सहजं चेति निर्दिष्टं समस्तागमपारगैः।।
एतानि शिवभक्तस्य कर्तव्यानि प्रयत्नतः।।३०।।

30. ੧੫) ਸਹਿਜਦਾਨਸਥਾਲਾ । ਇਹਨਾਂ ਦਾ ਸ਼ਿਵਾ ਦੇ ਭਗਤਾਂ ਦੁਆਰਾ ਬੜੀ ਕੋਸ਼ਿਸ਼ ਨਾਲ ਅਭਿਆਸ ਕੀਤਾ ਜਾਂਦਾ ਹੈ।

बहुजन्मकृतैः पुण्यैः प्रक्षीणे पापपञ्जरे।
शुद्धान्तःकरणो देही पिण्डशब्देन गीयते।।३१।।

31. ਮਨੁੱਖੀ ਆਤਮਾਂ (ਦੇਹ, ਜੀਵਾਤਮਾਂ), ਜਿਸ ਦਾ ਅੰਦਰਲਾ ਜ਼ਮੀਰ ਕਈ ਜਨਮਾਂ ਦੇ ਪੁੰਨਾਂ ਦੁਆਰਾ ਪਾਪਾਂ ਨੂੰ ਨਸ਼ਟ ਕਰਕੇ ਸ਼ੁੱਧ ਕੀਤਾ ਜਾਂਦਾ ਹੈ, ਇਸ ਜੀਵਾਤਮਾਂ ਨੂੰ 'ਪਿੰਡ' ਕਿਹਾ ਜਾਂਦਾ ਹੈ।

शिवशक्तिसमुत्पन्न-प्रपञ्चेऽस्मिन् विकल्प्यते।
पुण्याधिकः क्षीणपापः शुद्धात्मा पिण्डनामकः।।३२।।

32. ਇਹ ਸੰਸਾਰ ਜੋ ਸ਼ਿਵਾ ਅਤੇ ਸ਼ਕਤੀ ਤੋਂ ਜਨਮਿਆ ਹੈ ਵਿੱਚ ਪਵਿੱਤਰ ਆਤਮਾਂ ਜੋ ਕਿ ਚੰਗੇ ਕੰਮ(ਪੁੰਨ) ਕਰਕੇ ਬਣੀ ਹੈ, ਜੋ ਕਿ ਸਾਰੇ ਪਾਪਾਂ ਤੋਂ ਮੁਕਤ ਹੈ ਅਤੇ ਜਿਸ ਨੂੰ 'ਪਿੰਡ' ਕਹਿੰਦੇ ਹਨ, ਸਭ ਨੂੰ ਵਧਾਉਂਦੀ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

एक एव शिवः साक्षाच्चिदानन्दमयो विभुः।।३३।।

33. ਇੱਕੋ-ਇੱਕ ਸਿਰਫ ਸ਼ਿਵਾ ਹੀ ਹੈ ਜੋ ਗਿਆਨ ਅਤੇ ਆਸ਼ੀਸ਼ ਦੀ ਕੁਦਰਤ ਦਾ ਮਾਲਕ ਹੈ।

निर्विकल्पो निराकारो निर्गुणो निष्प्रपञ्चकः।

अनाद्यविद्यासम्बन्धात् तदंशो जीवनामकः।।३४।।

34. ਜੋ ਸਰਵ-ਵਿਆਪਕ ਹੈ, ਜਿਸ ਦਾ ਕੋਈ ਬਦਲ(ਸ਼ਰੀਕ) ਨਹੀਂ, ਜਿਸ ਦਾ ਕੋਈ ਆਕਾਰ ਨਹੀਂ, ਜੋ ਗੁਣਾ ਅਤੇ ਵਿਵਿਧਤਾ ਤੋਂ ਰਹਿਤ ਹੈ, ਜੀਵਆਤਮਾਂ ਉਸ ਦਾ ਹਿੱਸਾ ਹੋਣ ਕਰਕੇ ਉਸਦਾ ਇੱਕ ਅੰਸ਼ ਹੈ,

देवतिर्यङ्मनुष्यादिजातिभेदे व्यवस्थितः।

मायी महेश्वरस्तेषां प्रेरको हृदि संस्थितः।।३५।।

35. ਇਸ ਨੂੰ ਦੇਵਤੇ, ਜਾਨਵਰ ਅਤੇ ਇਨਸਾਨ ਦੇ ਜਨਮਾਂ ਦੀ ਵਿਵਧਤਾ ਦੇ ਅਨੁਸਾਰ ਤਰਤੀਬ ਵਿੱਚ ਰੱਖਿਆ ਗਿਆ ਹੈ, ਮਹੇਸ਼ਵਰਾ ਅਤੇ ਉਸਦੀ ਮਹਾਂਸ਼ਕਤੀ ਸਾਰੇ ਜੀਵਾਂ ਦੇ ਦਿਲਾਂ ਵਿੱਚ ਇੱਕ ਤਾਕਤ ਦੇ ਰੂਪ ਵਿਚ ਵਸਿਆ ਹੋਇਆ ਹੈ।

चन्द्रकान्ते यथातोयं सूर्यकान्ते यथानलः।

बीजे यथाङ्कुरः सिद्धस्तथात्मनि शिवः स्थितः।।३६।।

36. ਜਿਵੇਂ ਕਿ ਪਾਣੀ ਚੰਦਰਕਾਂਤਾ(ਚੰਦਰਮਾਂ ਦਾ ਪੱਥਰ) ਵਿੱਚੋਂ ਲੱਭਦਾ ਹੈ, ਅੱਗ ਸੂਰਿਆਕਾਂਤਾਂ(ਸੂਰਜ ਦੇ ਪੱਥਰ) ਵਿੱਚੋਂ ਅਤੇ ਅੰਕੁਰ ਬੀਜ ਵਿਚੋਂ, ਉਵੇਂ ਹੀ ਸ਼ਿਵਾ ਆਤਮਾਂ(ਜੀਵਾਤਮਾਂ) ਵਿੱਚ ਰਹਿੰਦਾ ਹੈ।

आत्मत्वमीश्वरत्वं च ब्रह्मण्येकत्र कल्पितम्।

बिम्बत्वं प्रतिबिम्बत्वं यथा पूषणि कल्पितम्।।३७।।

37. ਜਿਵੇਂ ਕਿ ਕੋਈ ਚੀਜ਼ ਅਤੇ ਉਸ ਦਾ ਪਰਿਵਰਤਿਤ ਰੂਪ ਸੂਰਜ ਦੇ ਸੰਸਰਫ਼ ਵਿੱਚ ਬਣਦੇ ਹਨ, ਇਸੇ ਤਰ੍ਹਾਂ ਆਤਮਤਵ ਅਤੇ ਈਸ਼ਵਰਤਵ ਸਿਰਫ ਬ੍ਰਾਹਮਣ ਵਿਚ ਹੀ ਪੈਦਾ ਹੁੰਦੇ ਹਨ,

गुणत्रयविभागेन परतत्त्वे चिदात्मनि।

भोक्तृत्वं चैव भोज्यत्वं प्रेरकत्वं च कल्पितम्।।३८।।

38. ਪਰਾਤੱਤਵ(ਪਰਾਸ਼ਿਵ) ਜਿਸ ਦਾ ਸੁਭਾਅ ਗਿਆਨ ਹੈ, ਇਨਸਾਨ ਦੀਆਂ ਤਿੰਨ ਅਵਸਥਾਵਾਂ - ਆਨੰਦ, ਆਨੰਦ ਮਾਣਨ ਵਾਲਾ ਅਤੇ ਅੰਤਰਸ਼ਕਤੀ ਦਾ ਜਨਮ ਤਿੰਨਾਂ ਗੁਣਾ ਵਿੱਚ ਵਖਰੇਵੇਂ ਕਰਕੇ ਹੁੰਦਾ ਹੈ ।

गुणत्रयात्मिका शक्तिर्ब्रह्मनिष्ठा सनातनी।

तद्वैषम्यात् समुत्पन्ना तस्मिन् वस्तुत्रयाभिधा।।३९।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

39. ਸ਼ਕਤੀ, ਜਿਸ ਦਾ ਸੁਬਾਓ ਤਿੰਨ ਗੁਣਾ ਵਾਲਾ ਹੈ ਅਤੇ ਜੋ ਬਹੁਤ ਪ੍ਰਾਚੀਨ ਹੈ, ਬ੍ਰਾਹਮਣ(ਪਰਾਸ਼ਿਵ) ਵਿਚ ਪਹਿਲਾਂ ਤੋਂ ਹੀ ਵਿਦਿਆਮਾਨ ਹੈ, ਬ੍ਰਾਹਮਣ ਵਿੱਚ ਤਿੰਨ ਗੁਣਾਂ ਦੇ ਵਖਰੇਵੇਂ ਕਰਕੇ ਇਨ੍ਹਾਂ ਵਿੱਚ ਤਿੰਨ ਤਰਾਂ ਦੀਆਂ ਭਿੰਨਤਾਵਾਂ ਪੈਦਾ ਹੁੰਦੀਆਂ ਹਨ।

**किञ्चित्सत्त्वरजोरूपं भोक्तृसंज्ञकमुच्यते।**
**अत्यन्ततामसोपाधिर्भोज्यमित्यभिधीयते ।।**
**परतत्त्वमयोपाधिर्ब्रह्म – चैतन्यमीश्वरः।।४०।।**

40. ਜਿਨਾਂ ਵਿੱਚ ਰਾਜਾ ਦੇ ਨਾਲ ਥੋੜ੍ਹਾ ਸੱਤਵਾ ਦਾ ਸੁਭਾਅ ਮਿਸ਼ਰਿਤ ਹੁੰਦਾ ਹੈ, ਉਸ ਨੂੰ ਭੋਗਤਰ(ਆਨੰਦ ਮਾਣਨ ਵਾਲਾ) ਦੀ ਉਪਾਧੀ ਦਿੱਤੀ ਗਈ ਹੈ, ਜਿਸ ਵਿੱਚ 'ਤਮਾ' ਦੀ ਬਹੁਤਾਤ ਹੁੰਦੀ ਹੈ ਉਸ ਨੂੰ 'ਭੋਜਿਆ' (ਆਨੰਦ) ਕਿਹਾ ਜਾਂਦਾ ਹੈ। ਬ੍ਰਾਹਮਣ ਦੇ ਰੂਪ ਵਿੱਚ ਸਰਵਉੱਚ ਆਤਮਾਂ ਅਤੇ ਸਰਵਉਚ ਸਿਧਾਂਤਾਂ ਵਾਲੇ ਨੂੰ 'ਈਸ਼ਵਰ' ਕਿਹਾ ਜਾਂਦਾ ਹੈ।

**भोक्ता भोज्यं प्रेरयिता वस्तुत्रयमिदं स्मृतम्।**
**अखण्डे ब्रह्मचैतन्ये कल्पितं गुणभेदतः।।४१।।**

41. ਭੋਗਤਰ(ਆਨੰਦ ਮਾਣਨ ਵਾਲਾ), ਭੋਜਿਆ(ਆਨੰਦ) ਅਤੇ ਪਰੇਰਕਾ(), ਇਹ ਬ੍ਰਾਹਮਣ ਦੇ ਰੂਪ ਵਿੱਚ ਗੁਣਾਂ ਵਿੱਚ ਅੰਤਰ ਕਰਕੇ ਤਿੰਨ ਤਰ੍ਹਾਂ ਦਾ ਅਟੱਟ ਆਤਮਿਕ ਵਰਤਾਰਾ ਹੈ।

**अत्र प्रेरयिता शम्भुः शुद्धोपाधिर्महेश्वरः।**
**समिश्रोपाधयः सर्वे भोक्तारः पशवः स्मृताः।।४२।।**

42. ਇੱਥੇ ਪਰੇਰਕਾ ਸ਼ੰਭੂਨਾਥ ਹਨ, ਜੋ ਮਹੇਸ਼ਵਰਾ(ਮਹਾਂਮਾਲਕ) ਹਨ, ਜਿਨ੍ਹਾਂ ਦੀ ਵਿਸ਼ੇਸ਼ਤਾ ਸ਼ੁੱਧਤਾ(ਸੁੱਚਤਾ) ਵਾਲਾ ਸੁਭਾਅ(ਸੱਤਤਵਾ) ਹੈ, ਜੋ ਇਹਨਾਂ ਤਿੰਨਾਂ ਦੇ ਮਿਸ਼ਰਣ ਤੋਂ ਬਣੇ ਹਨ ਉਹਨਾਂ ਨੂੰ ਭੋਗਤਰ ਜਾਂ ਆਨੰਦ ਮਾਣਨ ਵਾਲੇ ਕਿਹਾ ਜਾਂਦਾ ਹੈ ਅਤੇ ਉਹਨਾਂ ਨੂੰ ਪਸ਼ਵ ਵੀ ਕਿਹਾ ਜਾਂਦਾ ਹੈ।

**भोज्यमव्यक्तमित्युक्तं शुद्धतामसरूपकम्।**
**सर्वज्ञः प्रेरकः शम्भुः किञ्चिज्ज्ञो जीव उच्यते।।**
**अत्यन्तगूढचैतन्यं जडमव्यक्तमुच्यते।।४३।।**

43. ਭੋਜਿਆ ਨੂੰ ਅਵਿਅਕਤ(ਜਨਮ ਤੋਂ ਰਹਿਤ) ਵੀ ਕਿਹਾ ਜਾਂਦਾ ਹੈ, ਆਕਾਰ ਦੇ ਰੂਪ ਵਿੱਚ ਇਹ ਹਨੇਰੇ(ਤਮਸ) ਨਾਲ ਸ਼ੁੱਧ ਰੂਪ ਵਿਚ ਸਬੰਧਤ ਹੁੰਦੇ ਹਨ, ਪਰੇਰਕਾ ਸ਼ੰਭੂ (ਸ਼ਿਵ)ਹਨ ਜੋ ਸਰਵਵਿਆਪਕ ਹਨ, ਅਤੇ ਜੀਵ(ਭੋਗਤਰ) ਉਹਨਾਂ ਨੂੰ ਕਹਿੰਦੇ ਹਨ ਜਿਨ੍ਹਾਂ ਕੋਲ ਸੀਮਿਤ ਗਿਆਨ ਹੁੰਦਾ ਹੈ, ਅਵਿਅਕਤ(ਭੋਜਿਆ) ਨੂੰ ਜੜ ਕਿਹਾ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

उपाधिः पुनराख्यातः शुद्धाशुद्धविभेदतः।

शुद्धोपाधिः परा माया स्वाश्रया मोहकारिणी।।४४।।

44. ਇਹ ਉਪਾਧੀ ਵੀ ਅੱਗੇ ਦੋ ਤਰ੍ਹਾਂ ਦੀ ਹੁੰਦੀ ਹੈ , ਸ਼ੁੱਧ ਅਤੇ ਅਸ਼ੁੱਧ। ਸ਼ੁੱਧ ਉਪਾਧੀ ਉਚਤਮ ਮਾਇਆ ਹੈ ਜੋ ਕਿ ਸ਼ਿਵਾ ਵਿਚ ਵਿਦਿਆਮਾਨ ਹੈ ਅਤੇ ਮੋਹ ਤੋਂ ਰਹਿਤ ਹੈ(ਭਾਵ ਮੋਹ ਨੂੰ ਜਨਮ ਨਹੀਂ ਲੈਣ ਦਿੰਦੀ),

अशुद्धोपाधिरप्येवमविद्याश्रयमोहिनी ।

अविद्याशक्तिभेदेन जीवा बहुविधाः स्मृताः।।४५।।

45. ਅਸ਼ੁੱਧ ਉਪਾਧੀ ਅਵਿਦਿਆ ਹੈ ਜੋ ਜਿੱਥੇ ਰਹਿੰਦੀ ਹੈ ਮੋਹ ਉਤਪਨ ਕਰਦੀ ਹੈ। ਮਾਯਾਸ਼ਕਤੀ ਦੀ ਵਿਵਿਧਤਾ ਦੇ ਕਾਰਨ ਕਈ ਜੀਵ ਹੁੰਦੇ ਹਨ।

मायाशक्तिवशादीशो नानामूर्तिधरः प्रभुः।

सर्वज्ञः सर्वकर्ता च नित्यमुक्तो महेश्वरः।।४६।।

46. ਮਾਇਆਸ਼ਕਤੀ ਦੇ ਪ੍ਰਭਾਵ ਦੇ ਕਾਰਨ, ਭਗਵਾਨ ਕਈ ਤਰ੍ਹਾਂ ਦੇ ਪਵਿੱਤਰ ਆਕਾਰ ਗ੍ਰਹਿਣ ਕਰਦੇ ਹਨ । ਉਹ ਸਰਵਵਿਆਪਕ, ਸ਼ਰਵਸ਼ਕਤੀਮਾਨ ਅਤੇ ਸਦਾ ਆਜ਼ਾਦ ਪਰਮਾਤਮਾਂ ਹੈ।

किञ्चित्कर्ता च किञ्चिज्ज्ञो बद्धोऽनादिशरीरवान्।

अविद्यामोहिता जीवा ब्रह्मैक्यज्ञानवर्जिताः।।४७।।

47. ਦੂਸਰੇ ਪਾਸੇ ਜੀਵ ਜਾਂ ਜੀਵਾਤਮਾਂ ਦੀ ਸ਼ਕਤੀ ਅਤੇ ਗਿਆਨ ਸੀਮਿਤ ਹੈ, ਉਹ ਬੰਨ੍ਹਣ ਵਿੱਚ ਹੈ ਅਤੇ ਜਨਮ ਮਰਣ ਤੋਂ ਪ੍ਰਭਾਵਿਤ ਹੈ। ਜੀਵ ਜੋ ਕਿ ਅਵਿੱਦਿਆ ਦੇ ਮੋਹ ਤੋਂ ਗ੍ਰਸਤ ਹੈ, ਅਤੇ ਜੋ ਪਰਾਸ਼ਿਵਬ੍ਰਹਮ ਨਾਲ ਇੱਕਮਿਕ ਹੋਣ ਦੇ ਗਿਆਨ ਤੋ ਵਿਹੂਣੀ ਹੈ,

परिभ्रमन्ति संसारे निजकर्मानुसारतः।

देवतिर्यङ्मनुष्यादि - नानायोनिविभेदतः।।४८।।

48. ਆਪਣੇ ਕਰਮਾਂ(ਪਿਛਲੇ ਕਰਮਾਂ) ਦੇ ਕਾਰਣ ਬਹੁਤ ਸਾਰੀਆਂ ਦੇਵਤਿਆਂ, ਜਾਨਵਰਾਂ ਅਤੇ ਔਰਤਾਂ ਦੀਆਂ ਕੁੱਖਾਂ ਵਿੱਚ ਜਨਮ ਮਰਣ ਦੇ ਚੱਕਰ ਵਿੱਚ ਘੁੰਮਦੀ ਰਹਿੰਦੀ ਹੈ।

चक्रनेमिक्रमेणैव भ्रमन्ति हि शरीरिणः।

जात्यायुर्भोगवैषम्यकारणं कर्म केवलम्।।४९।।

49. ਇਹ ਆਤਮਾਂ ਇੱਕ ਚੱਕੇ(ਪਹੀਏ) ਦੇ ਰਿਮ ਦੀ ਤਰ੍ਹਾਂ ਘੁੰਮਦੀ ਰਹਿੰਦੀ ਹੈ, ਇਸ ਜੀਵਾਂਮਾਂ ਦੀ ਅਸਮਾਨਤਾ ਦਾ ਕਾਰਣ ਜ਼ਿੰਦਗੀ ਦਾ ਲੰਬਾਪਣ ਅਤੇ ਕਰਮਾਂ ਦੇ ਭੰਡਾਰ ਦੇ ਕਾਰਣ ਹੈ।

एतेषां देहिनां साक्षी प्रेरकः परमेश्वरः।

एतेषां भ्रमतां नित्यं कर्मयन्त्रनियन्त्रणे।।५०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

50. ਇਸ ਤਰ੍ਹਾਂ ਦੀਆਂ ਆਤਮਾਵਾਂ ਦਾ ਗਵਾਹ ਸ਼ਿਵ (ਪਰਮੇਸ਼ਵਰ) ਹੈ ਜੋ ਕਿ ਇਹਨਾਂ ਬਾਰ-ਬਾਰ ਜਨਮ ਮਰਣ ਵਿਚ ਘੁੰਮਦੀਆਂ ਆਤਮਾਵਾਂ ਦੇ ਕਰਮਾਂ ਨੂੰ ਨਿਯੰਤਰਿਤ ਕਰਦਾ ਹੈ।

**देहिनां प्रेरकः शम्भुर्हितमार्गोपदेशकः।**
**पुनरावृत्तिरहितमोक्षमार्गोपदेशकः ॥५१॥**

51. ਸ਼ਿਵ-ਸ਼ੰਭੂ ਜੋ ਕਿ ਇਹਨਾਂ ਆਤਮਾਵਾਂ ਦਾ ਪ੍ਰੇਰਕ(ਮਾਲਕ) ਹੈ, ਹੀ ਹੈ ਜੋ ਕਿ ਇਨ੍ਹਾਂ ਨੂੰ ਸਲਾਹ ਦੇ ਰੂਪ ਵਿੱਚ ਪਵਿੱਤਰ ਰਾਸਤੇ ਦੀ ਸੋਝੀ ਕਰਾਉਂਦਾ ਹੈ ਜਦੋਂ ਉਹ ਮੋਕਸ਼ ਦੀ ਪ੍ਰਾਪਤੀ ਦਾ ਮਾਰਗ ਦੱਸਦਾ ਹੈ ਜਿੱਥੋਂ ਫਿਰ ਵਾਪਸੀ(ਜਨਮ ਮਰਣ ਦੇ ਚੱਕਰ ਵਿੱਚ ਵਾਪਸੀ) ਨਹੀਂ ਹੁੰਦੀ।

**स्वकर्मपरिपाकेन प्रक्षीणमलवासनः।**
**शिवप्रसादाज्जीवोऽयं जायते शुद्धमानसः॥५२॥**

52. ਚੰਗੇ ਕਰਮਾਂ ਦੇ ਫਲ ਕਰਕੇ ਇਨਸਾਨ ਦੀਆਂ ਅਸ਼ੁੱਧਤਾਵਾਂ(ਪਾਪ) ਧੋਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀਆਂ ਆਤਮਾਵਾਂ ਸ਼ਿਵਾ ਦੀ ਮਿਹਰਬਾਨੀ ਕਰਕੇ ਮਨ ਤੋਂ ਸ਼ੁੱਧ ਹੋ ਜਾਂਦੀਆਂ ਹਨ।

**शुद्धान्तःकरणे जीवे शुद्धकर्मविपाकतः।**
**जायते शिवकारुण्यात् प्रस्फुटा भक्तिरैश्वरी॥५३॥**

53. ਸ਼ਿਵਾ ਦੀ ਕਿਰਪਾ ਕਰਕੇ ਹੀ ਸ਼ਿਵ ਦੀ ਸੱਚੀ ਭਗਤੀ ਦੀ ਪ੍ਰੇਰਣਾ ਆਤਮਾਂ ਨੂੰ ਮਿਲਦੀ ਹੈ, ਜਿਸ ਦਾ ਜ਼ਮੀਰ ਚੰਗੇ ਕਰਮਾਂ ਦੇ ਫਲਸਵਰੂਪ ਸ਼ੁੱਧ ਹੋ ਜਾਂਦਾ ਹੈ।

**जन्तुरन्त्यशरीरोऽसौ पिण्डशब्दाभिधेयकः॥५४॥**

54. ਇਸ ਤਰ੍ਹਾਂ ਦੀ ਆਤਮਾਂ ਜਦੋਂ ਆਪਣੇ ਆਖਰੀ ਸ਼ਰੀਰ ਵਿੱਚ ਹੁੰਦੀ ਹੈ ਨੂੰ 'ਪਿੰਡ' ਦਾ ਨਾਮ ਦਿੱਤਾ ਜਾਂਦਾ ਹੈ।

**शरीरात्मविवेकेन पिण्डज्ञानी स उच्यते।**
**शरीरमेव चार्वाकैरात्मेति परिकीर्त्यते॥५५॥**

55. ਸਰੀਰ ਅਤੇ ਆਤਮਾਂ ਦੇ ਵਖਰੇਵੇਂ ਦੇ ਗਿਆਨ ਵਾਲੇ ਇਨਸਾਨ ਨੂੰ 'ਪਿੰਡਗਿਆਨੀ' ਜਾਂ ਸ਼ੁੱਧ ਆਤਮਾਂ ਦੇ ਸੁਭਾਅ ਨੂੰ ਜਾਣਨ ਵਾਲਾ ਕਿਹਾ ਜਾਂਦਾ ਹੈ। ਚਰਵਾਕਾਂ(ਪਦਾਰਥਵਾਦੀਆਂ) ਨੇ ਸ਼ਰੀਰ ਨੂੰ ਹੀ ਆਤਮਾਂ ਦਾ ਨਾਂ ਦਿੱਤਾ ਸੀ।

**इन्द्रियाणां तथात्मत्वमपरैः परिभाष्यते।**
**बुद्धितत्त्वगतैर्बौद्धैर्बुद्धिरात्मेति गीयते॥५६॥**

56. ਕਈ ਹੋਰਾਂ ਨੇ ਕਿਹਾ ਸੀ ਕਿ ਗਿਆਨ ਇੰਦਰੀਆਂ ਹੀ ਆਤਮਾਂ ਹਨ, ਬੁੱਧ ਧਰਮ ਵਾਲਿਆਂ ਨੇ ਬੁੱਧੀ ਨੂੰ ਆਤਮਾਂ ਦਾ ਨਾਂ ਦਿੱਤਾ ਹੈ, ਜਿਨਾਂ ਅਨੁਸਾਰ ਬੁੱਧੀ ਹੀ ਮੁੱਖ ਸਿਧਾਂਤ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

नेन्द्रियाणां न देहस्य न बुद्धेरात्मता भवेत्।
अहं प्रत्ययवेद्यत्वादनुभूतस्मृतेरपि।।५७।।

57. ਗਿਆਨ ਇੰਦਰੀਆਂ, ਸ਼ਰੀਰ ਜਾਂ ਬੁੱਧੀ ਨੂੰ ਆਤਮਾਂ ਨਹੀ ਕਹਿਣਾ ਚਾਹੀਦਾ ਕਿਉਂਕਿ ਆਤਮਾਂ ਦੀ ਸੋਝੀ 'ਮੈਂ ਦੇ ਖਿਆਲ' ਨਾਲ ਹੁੰਦੀ ਹੈ ਅਤੇ ਇਸ ਲਈ ਵੀ ਕਿਉਂਕਿ ਯਾਦਸ਼ਕਤੀ ਤਜੁਰਬੇ ਨਾਲ ਆਉਂਦੀ ਹੈ।

शरीरेन्द्रियबुद्धिभ्यो व्यतिरिक्तः सनातनः।
आत्मस्थितिविवेकी यः पिण्डज्ञानी स कथ्यते।।५८।।

58. ਜਿਸ ਨੂੰ ਆਤਮਾਂ ਦੇ ਸੁਭਾਅ ਦੀ ਵੱਖਰੀ ਸੋਝੀ ਹੈ ਜਿਵੇਂ ਕਿ ਸਦੀਵੀਂ ਜਾਂ ਅਮਰ ਜੋ ਕਿ ਸ਼ਰੀਰ, ਗਿਆਨ ਇੰਦਰੀਆਂ ਅਤੇ ਬੁੱਧੀ ਤੋਂ ਇਕਦਮ ਅਲਹਿਦਾ ਹੁੰਦੇ ਹਨ ਉਹਨਾਂ ਨੂੰ 'ਪਿੰਡਗਿਆਨੀ' ਕਹਿੰਦੇ ਹਨ।

नश्वराणि शरीराणि नानारूपाणि कर्मणा।
आश्रितो नित्य एवासाविति जन्तोर्विवेकिता।।५९।।

59. ਇਹ ਜਾਣਨਾ ਕਿ ਆਤਮਾਂ ਜੋ ਵੱਖੋ-ਵੱਖਰੇ ਸ਼ਰੀਰਾਂ ਵਿਚ ਰਹਿੰਦੀ ਹੈ ਕਰਮਾਂ ਦੇ ਆਧਾਰ ਤੇ ਕਈ ਤਰ੍ਹਾਂ ਦੀ ਹੁੰਦੀ ਹੈ, ਅਮਰ ਹੋਣਾ ਹੈ ਅਤੇ ਇਨਸਾਨ ਦਾ ਸ਼ਰੀਰ ਤੋਂ ਵੱਖ ਹੋਣਾ ਵੀ ਹੈ।

शरीरात् पृथगात्मानमात्मभ्यः पृथगीश्वरम्।
प्रेरकं यो विजानाति पिण्डज्ञानीति कथ्यते।।६०।।

60. ਜੋ ਸ਼ਰੀਰ ਨੂੰ ਆਤਮਾਂ ਨਾਲੋਂ ਅਤੇ ਈਸ਼ਵਰ ਨਾਲੋਂ ਵੱਖ ਮੰਨਦਾ ਹੈ ਨੂੰ 'ਪਿੰਡਗਿਆਨੀ' ਕਹਿੰਦੇ ਹਨ।

निरस्तहृत्कलङ्कस्य नित्यानित्यविवेकिनः।
संसारहेयताबुद्धिर्जायते वासनाबलात्।।६१।।

61. ਜਿਸ ਦੇ ਦਿਲ ਵਿਚੋਂ ਅਸ਼ੁੱਧਤਾ ਬਿਲਕੁਲ ਖਤਮ ਹੋ ਗਈ ਹੋਵੇ ਅਤੇ ਜਿਸ ਨੂੰ ਇਸ ਗੱਲ ਦੀ ਸੋਝੀ ਹੋਵੇ ਕਿ ਅਮਰ ਹੋਣਾਂ ਜਾਂ ਨਾ ਹੋਣਾਂ ਕੀ ਹੈ ਤਾਂ ਉਸ ਦੇ ਸ਼ੁੱਧ ਖਿਆਲਾਂ ਕਰਕੇ ਸੰਸਾਰਿਕ ਜੀਵਨ ਦੀਆਂ ਘਿਨਾਉਣੀਆਂ ਗੱਲਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ।

ऐहिके क्षणिके सौख्ये पुत्रदारादिसम्भवे।
क्षयित्वादियुते स्वर्गे कस्य वाञ्छा विवेकिनः?।।६२।।

62. ਸਿਆਣਿਆਂ ਇਨਸਾਨਾਂ ਵਿੱਚੋਂ ਕੌਣ ਹੋ ਸਕਦਾ ਹੈ ਜਿਸਨੂੰ ਸੰਤਾਨ, ਪਤਨੀ ਜਾਂ ਸਵਰਗ ਜੋ ਕਿ ਨਰਕ ਨਾਲ ਸਬੰਧਤ ਹੈ ਨਾਲ ਜੁੜਨ ਦੀ ਸੰਸਾਰ ਤੋਂ ਪਾਰ ਦੀ ਖੁਸ਼ੀ ਹੋ ਸਕਦੀ ਹੈ ?



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

जातस्य हि ध्रुवो मृत्युर्ध्रुवं जन्म मृतस्य च।

जन्तुर्मरणजन्मभ्यां परिभ्रमति चक्रवत्।।६३।।

63. ਜੋ ਜਨਮਿਆਂ ਹੈ ਉਸ ਦੀ ਮੌਤ ਨਿਸਚਿਤ ਹੈ ਅਤੇ ਜੋ ਮਰਿਆ ਹੈ ਉਸ ਦਾ ਜਨਮ ਨਿਸਚਿਤ ਹੈ, ਪ੍ਰਾਣੀ ਇੱਕ ਪਹੀਏ ਦੀ ਤਰਾਂ ਜਨਮ ਅਤੇ ਮੌਤ ਦੇ ਚੱਕਰ ਵਿੱਚ ਘੁਮਦਾ ਰਹਿੰਦਾ ਹੈ।

मत्स्यकूर्मवराहाङ्गैर्नृसिंहमनुजादिभिः ।

जातेन निधनं प्राप्तं विष्णुनापि महात्मना।।६४।।

64. ਮਹਾਨ ਵਿਸਣੂ ਜਿਨ੍ਹਾਂ ਨੇ ਇੱਕ ਮਛਲੀ, ਕੱਛੂ, ਸੂਰ, ਨਰਸਿੰਘ ਅਤੇ ਆਦਮੀ ਦੇ ਰੂਪ ਵਿੱਚ ਜਨਮ ਲਿਆ ਨੂੰ ਵੀ ਮੌਤ ਦਾ ਦੁੱਖ ਭੋਗਣਾ ਪਿਆ।

भूत्वा कर्मवशाज्जन्तुर्ब्राह्मणादिषु जातिषु।

तापत्रयमहावह्नि - सन्तापाद्दह्यते भृशम्।।६५।।

65. ਜਾਤ ਜਿਵੇਂ ਕਿ ਬ੍ਰਾਹਮਣ ਦੇ ਰੂਪ ਵਿੱਚ ਜਨਮ ਲੈ ਕੇ ਮਨੁੱਖ ਵਾਰ-ਵਾਰ ਤਿੰਨ ਬਿਪਤਾਵਾਂ ਦੇ ਰੂਪ ਵਿਚ ਵੱਡੀ ਅੱਗ ਦੇ ਸੇਕ ਦਾ ਸੰਤਾਪ ਭੋਗਦਾ ਹੈ।

कर्ममूलेन दुःखेन पीड्यमानस्य देहिनः।

आध्यात्मिकादिना नित्यं कुत्र विश्रान्तिरिष्यते?।।६६।।

66. ਜੋ ਕੋਈ ਵੀ ਇਸ ਸੰਤਾਪ ਨੂੰ ਭੋਗਦਾ ਹੈ ਉਸ ਦੀ ਜੜ ਕਰਮ ਭਾਵ ਕਿ 'ਅਧਿਆਤਮਿਕਾ' ਹਨ। ਫਿਰ ਕਿਸੇ ਤਰ੍ਹਾਂ ਦੀ ਰਾਹਤ ਕਿਵੇਂ ਮਿਲ ਸਕਦੀ ਹੈ?

आध्यात्मिकं तु प्रथमं द्वितीयं चाधिभौतिकम्।

आधिदैविकमन्यच्च दुःखत्रयमिदं स्मृतम्।।६७।।

67. ਪਹਿਲਾ 'ਅਧਿਆਤਮਿਕਾ' ਹੈ, ਦੂਸਰਾ 'ਅਧਿਭੌਤਿਕਾ' ਅਤੇ ਹੋਰ 'ਅਧਿਦੈਵਿਕਾ' ਹੈ। ਇਹ ਤਿੰਨ ਤਰ੍ਹਾਂ ਦੇ ਸੰਤਾਪ ਹਨ।

आध्यात्मिकं द्विधा प्रोक्तं बाह्याभ्यन्तरभेदतः।

वातपित्तादिजं दुःखं बाह्यमाध्यात्मिकं मतम्।।६८।।

68. 'ਅਧਿਆਤਮਿਕਾ' ਦੁੱਖ ਦੋ ਤਰ੍ਹਾਂ ਦਾ ਹੁੰਦਾ ਹੈ, ਅੰਦਰੂਨੀ ਅਤੇ ਬਾਹਰੀ । ਉਹ ਦੁੱਖ ਜੋ ਵਾਤ, ਪਿਤ ਆਦਿ ਤੋਂ ਉਪਜਦਾ ਹੈ ਉਸਨੂੰ ਬਾਹਰੀ 'ਅਧਿਆਤਮਿਕਾ' ਦੁੱਖ ਕਹਿੰਦੇ ਹਨ।

रागद्वेषादिसम्पन्नमान्तरं परिकीर्त्यते।

आधिभौतिकमेतद्धि दुःखं राजादिभूतजम्।।६९।।

69. ਜੋ ਮੋਹ, ਨਫਰਤ ਆਦਿ ਤੋਂ ਉਪਜਦਾ ਹੈ ਉਸਨੂੰ ਆਂਤਰਿਕ ਕਹਿੰਦੇ ਹਨ। ਉਹ ਦੁੱਖ ਜੋ ਰਾਜੇ ਆਦਿ ਤੋਂ ਮਿਲਦਾ ਹੈ ਉਸਨੂੰ 'ਅਧਿਭੌਤਿਕਾ' ਦੁੱਖ ਕਹਿੰਦੇ ਹਨ।

आधिदैविकमाख्यातं ग्रहयक्षादिसम्भवम्।

दुःखैरेतैरुपेतस्य कर्मबद्धस्य देहिनः।।७०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

70. ਜੋ ਦੁੱਖ ਗ੍ਰਹਿਆਂ, ਯਕਸ਼ ਆਦਿ ਤੋਂ ਉਪਜਦਾ ਹੈ ਉਸਨੂੰ 'ਅਧਿਦੈਵਿਕ' ਦੁੱਖ ਕਹਿੰਦੇ ਹਨ। ਅੰਤਰ-ਆਤਮਾਂ ਲਈ ਜੋ ਕਿ ਕਰਮਾਂ ਨਾਲ ਬੰਨ੍ਹੀ ਹੋਈ ਹੈ ਅਤੇ ਇਹਨਾਂ ਦੁੱਖਾਂ ਨਾਲ ਨਿਵਾਜੀ ਗਈ ਹੈ, ਲਈ ਧਰਤੀ ਤੇ ਜਾਂ ਸਵਰਗ ਵਿੱਚ ਤਿਲ ਮਾਤਰ ਵੀ ਖੁਸ਼ੀ ਨਹੀਂ ਹੈ।

**तडित्सु वीचिमालासु प्रदीपस्य प्रभासु च।**

**सम्पत्सु कर्ममूलासु कस्य वा स्थिरता-मतिः?।।७१।।**

71. ਬਿਜਲੀ ਦਾ ਚਮਕਣਾ, ਤਰਤੀਬਵਾਰ ਲਹਿਰਾਂ, ਦੀਵੇ ਦੀ ਲੋਅ ਅਤੇ ਅਮੀਰ ਹੋਣਾ ਜਿਸ ਦਾ ਕਾਰਨ ਪਿਛਲੇ ਪਾਪ ਹਨ ਸਦੀਵੀਂ ਕਿਵੇਂ ਹੋ ਸਕਦੇ ਹਨ?

**मलकोशे शरीरेऽस्मिन् महादुःखविवर्धने।**

**तडिदङ्कुरसंकाशे को वा रुच्येत पण्डितः?।।७२।।**

72. ਇੱਕ ਸਿਆਣਾ ਇਨਸਾਨ ਇਸ ਸ਼ਰੀਰ ਵਿੱਚ ਰੁਚੀ ਕਿਵੇਂ ਰੱਖ ਸਕਦਾ ਹੈ ਜੋ ਕਿ ਗੰਦਗੀ(ਪਾਪਾਂ) ਨਾਲ ਭਰਿਆ ਹੋਇਆ ਹੈ, ਜੋ ਵੱਡੇ ਦੁੱਖਾਂ ਦੇ ਵਾਧੇ ਦਾ ਕਾਰਨ ਹੈ ਜੋ ਕਿ ਪ੍ਰਕਾਸ਼ ਦੀ ਇੱਕ ਝਲਕ ਦੀ ਤਰ੍ਹਾਂ ਹੈ?

**नित्यानन्दचिदाकारमात्मतत्त्वं विहाय कः?।**

**विवेकी रमते देहे नश्वरे दुःखभाजने।।७३।।**

73. ਇੱਕ ਸਿਆਣਾ ਇਨਸਾਨ ਆਪਣੇ ਆਪ ਨੂੰ ਵਿਸਾਰ ਕੇ, ਜੋ ਕਿ ਸਦੀਵੀਂ ਆਸ਼ੀਸ਼ ਅਤੇ ਗਿਆਨ ਦਾ ਸੁਭਾਅ ਰੱਖਦਾ ਹੈ, ਇਸ ਸ਼ਰੀਰ ਵਿੱਚ ਖੁਸ਼ੀ ਕਿਵੇਂ ਵੇਖ ਸਕਦਾ ਹੈ, ਜੋ ਕਿ ਅਸਥਾਈ ਹੈ, ਜੋ ਕਿ ਦੁੱਖਾਂ ਦਾ ਘਰ ਹੈ।

**विवेकी शुद्धहृदयो निश्चितात्मसुखोदयः।**

**दुःखहेतौ शरीरेऽस्मिन् कलत्रे च सुतेषु च।।७४।।**

74. ਇਕ ਵਿਦਵਾਨ ਜਾਂ ਸਿਆਣਾ ਇਨਸਾਨ ਜੋ ਕਿ ਪਵਿੱਤਰ ਦਿਲ ਦਾ ਮਾਲਕ ਹੈ ਅਤੇ ਜਿਸ ਨੂੰ ਆਪਣਾ ਆਪ ਆਸ਼ੀਸ਼ ਭਰਿਆ ਹੋਣ ਦਾ ਅਨੁਭਵ ਹੈ,

**सुहृत्सु बन्धुवर्गेषु धनेषु कुलपद्धतौ।**

**अनित्यबुद्ध्या सर्वत्र वैराग्यं परमश्नुते।।७५।।**

75. ਸ਼ਰੀਰ ਜੋ ਕਿ ਦੁੱਖਾਂ ਦਾ ਕਾਰਣ ਹੈ, ਪਤਨੀ, ਪੱਤਰ, ਦੋਸਤ, ਰਿਸ਼ਤੇਦਾਰ, ਅਮੀਰ ਅਤੇ ਪਰਿਵਾਰਿਕ ਪਰੰਪਰਾ ਆਦਿ ਦੇ ਸਥਾਈ ਹੋਣ ਦੇ ਵਿਚਾਰ ਦੇ ਸਰਵਉੱਚ ਤਿਆਗ ਦੀ ਪ੍ਰਾਪਤੀ ਕਰ ਲੈਂਦਾ ਹੈ।

**विवेकिनो विरक्तस्य विषयेष्वात्मरागिणः।**

**संसार-दुःखविच्छेदहेतौ बुद्धिः प्रवर्तते।।७६।।**

76. ਇੱਕ ਇਨਸਾਨ ਜੋ ਕਿ ਬਾਕੀਆਂ ਨਾਲੋਂ ਵੱਖਰਾ ਹੁੰਦਾ ਹੈ, ਜੋ ਕਿ ਗਿਆਨ ਇੰਦਰੀਆਂ ਤੋਂ ਆਪਣੇ ਆਪ ਨੂੰ ਵੱਖ ਕਰ ਲੈਂਦਾ ਹੈ ਅਤੇ ਜੋ ਆਤਮ-ਗਿਆਨ ਨਾਲ ਜੁੜਿਆ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਹੁੰਦਾ ਹੈ, ਉਸ ਵਿੱਚ ਆਵਾਗਮਨ ਦੇ ਦੁੱਖਾਂ ਨੂੰ ਦੂਰ ਕਰਨ ਦੇ ਸਾਧਨਾਂ ਨੂੰ ਲੱਭਣ ਦਾ ਦ੍ਰਿੜ ਨਿਸਚਾ ਪੈਦਾ ਹੁੰਦਾ ਹੈ।

**नित्यानित्यविवेकिनः सुकृतिनः शुद्धाशयस्यात्मनो**
**ब्रह्मोपेन्द्रमहेन्द्र-मुख्यविभवेष्वस्थायितां पश्यतः।**
**नित्यानन्दपदे निराकृतजगत्संसारदुःखोदये**
**साम्बे चन्द्रशिरोमणौ समुदयेद्भक्तिर्भवध्वंसिनी।।७७।।**

77. ਉਹ ਆਤਮਾਂ ਜੋ ਸਦੀਵੀਂ ਅਤੇ ਗੈਰ-ਸਦੀਵੀਂ ਵਿਚ ਫਰਕ ਨੂੰ ਸਮਝਦੀ ਹੈ, ਜੋ ਕਿ ਗੁਣਾਂ ਨਾਲ ਭਰਪੂਰ ਹੁੰਦੀ ਹੈ, ਜਿਸ ਦੇ ਇਰਾਦੇ ਸਾਫ ਤੇ ਸ਼ੁੱਧ ਹੁੰਦੇ ਹਨ, ਅਤੇ ਜੋ ਬ੍ਰਹਮਾਂ, ਵਿਸ਼ਨੂ ਅਤੇ ਮਹੇਸ਼ ਦੇ ਧਨ ਨੂੰ ਅਸਥਾਈ ਮੰਨਦੀ ਹੈ, ਉਸ ਵਿੱਚ ਸ਼ਿਵ, ਜੋ ਕਿ ਸਦੀਵੀਂ ਆਸ਼ੀਸ਼ ਦਾ ਪ੍ਰਤੀਕ ਹੈ,ਜੋ ਕਿ ਆਵਾਗਮਨ ਦੇ ਦੁੱਖਾਂ ਨੂੰ ਦੂਰ ਕਰਦਾ ਹੈ, ਜੋ ਅੰਬਾ(ਸ਼ਕਤੀ) ਨਾਲ ਜੁੜਿਆ ਹੋਇਆ ਹੈ ਅਤੇ ਜਿਸ ਦੇ ਸਿਰ ਦਾ ਮੁਕਟ ਚੰਦਰਮਾਂ ਹੈ, ਲਈ ਭਗਤੀ ਪੈਦਾ ਹੁੰਦੀ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਛੇਵਾਂ ਅਧਿਆਇ

**ततो विवेकसम्पन्नो विरागी शुद्धमानसः।**
**जिज्ञासुः सर्वसंसारदोषध्वंसकरं शिवम्।।१।।**

1. ਫਿਰ ਉਹ ਭਗਤ ਜੋ ਇਸ ਭੇਦ ਨੂੰ ਜਾਣਦਾ ਹੈ, ਜੋ ਕਿ(ਸੰਸਾਰਿਕ ਦੁਨੀਆਂ ਤੋਂ) ਨਿੱਖੜਿਆ ਹੋਇਆ ਹੈ, ਜਿਸ ਦਾ ਮਨ ਸ਼ੁੱਧ ਹੈ, ਜਿਸ ਵਿੱਚ ਸ਼ਿਵ ਦੇ ਜਾਣਨ ਦੀ ਜਿਗਿਆਸਾ ਹੈ, ਜੋ ਕਿ ਆਵਾਗਮਨ ਦੇ ਦਾਗ ਨੂੰ ਧੋਣ ਦੇ ਕਾਬਿਲ ਹੈ,

**उपैति लोकविख्यातं लोभमोहविवर्जितम्।**
**आत्मतत्त्वविचारज्ञं विमुक्तविषयभ्रमम्।।२।।**

2. ਉਹ ਉਸ ਸ਼੍ਰੀਗੁਰੂ ਤੱਕ ਪਹੁੰਚ ਕਰਦਾ ਹੈ ਜੋ ਸੰਸਾਰ ਪ੍ਰਸਿੱਧ ਹੈ, ਜੋ ਕਿ ਧੋਖੇ ਅਤੇ ਲਾਲਚ ਤੋਂ ਮੁਕਤ ਹੈ, ਜਿਸਨੂੰ ਆਤਮਾਂ ਦੇ ਸਿਧਾਂਤਾਂ ਦੇ ਗਿਆਨ ਦੀ ਕਦਰ ਹੈ, ਜੋ ਗਿਆਨ ਇੰਦਰੀਆਂ ਦੀ ਉਲਝਣ ਤੋਂ ਮਹਿਰੂਮ ਹੈ,

**शिवसिद्धान्ततत्त्वज्ञं छिन्नसन्देहविभ्रमम्।**
**सर्वतन्त्रप्रयोगज्ञं धार्मिकं सत्यवादिनम्।।३।।**

3. ਜੋ ਸ਼ਿਵਾ ਦੇ ਸਿਧਾਂਤਾਂ ਨੂੰ ਸਮਝਦਾ ਹੈ, ਜਿਸ ਨੇ ਆਪਣੀਆਂ ਸ਼ੰਕਾਵਾਂ ਤੇ ਪਰੇਸ਼ਾਨੀਆਂ ਨੂੰ ਨਵਿਰਤ ਕੀਤਾ ਹੋਇਆ ਹੈ, ਜੋ ਆਗਮ ਦੇ ਸਾਰੇ ਸਿਧਾਂਤਾਂ ਤੋਂ ਭਲੀ ਭਾਂਤੀ ਜਾਣੂ ਹੈ, ਜੋ ਪਵਿੱਤਰ ਅਤੇ ਸੱਚਾ ਹੈ, ਜਿਸਦੀਆਂ ਧਾਰਮਿਕ ਕਿਰਿਆਵਾਂ ਉਸਨੂੰ ਪਰਿਵਾਰ ਦੀ ਵਿਰਾਸਤ ਤੋਂ ਮਿਲਦੀਆਂ ਹਨ, ਜੋ ਵਰਜਿਤ ਰਾਸਤੇ ਦੀਆਂ ਕਿਰਿਆਵਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦਾ ਹੈ, ਜੋ ਸ਼ਿਵ ਦੀ ਸਾਧਨਾ ਦੀ ਇੱਛਾ ਰੱਖਦਾ ਹੈ, ਜੋ ਅਡੋਲ ਹੁੰਦਾ ਹੈ, ਜਿਸ ਨੂੰ ਸ਼ਿਵਾ ਦੇ ਸਿਧਾਂਤਾਂ ਦੀ ਸਮਝ ਹੁੰਦੀ ਹੈ,

**कुलक्रमागताचारं कुमार्गाचारवर्जितम्।**
**शिवध्यानपरं शान्तं शिवतत्त्वविवेकिनम्।।४।।**

4. ਜੋ ਆਪਣੇ ਆਪ ਨੂੰ ਪਵਿੱਤਰ ਸੁਆਹ(ਭਸਮ) ਧੱਬਿਆਂ ਦੇ ਯੋਗ ਸਮਝਦਾ ਹੈ, ਜਿਸ ਨੂੰ ਭਸਮ ਦੇ ਸਿਧਾਂਤਾਂ ਦਾ ਸ਼ਪਸ਼ਟ ਗਿਆਨ ਹੁੰਦਾ ਹੈ, ਜੋ ਤ੍ਰਿਪੁੰਡ ਲਗਾਉਣ ਲਈ ਉਤਸੁਕ ਹੁੰਦਾ ਹੈ, ਜਿਸ ਨੇ ਰੁਦਰਾਖਸ਼ ਦੇ ਮੋਤੀਆਂ ਦੀ ਮਾਲਾ ਪਾਈ ਹੁੰਦੀ ਹੈ,

**भस्मोद्धूलननिष्णातं भस्मतत्त्वविवेकिनम्।**
**त्रिपुण्ड्रधारणोत्कण्ठं धृतरुद्राक्षमालिकम्।।५।।**

5. ਜੋ ਲਿੰਗ ਤੋਂ ਪੈਦਾ ਹੋਇਆ ਹੁੰਦਾ ਹੈ, ਜੋ ਲਿੰਗ ਦੀ ਪੂਜਾ ਲਈ ਸਮਰਪਿਤ ਹੁੰਦਾ ਹੈ, ਜਿਸ ਨੂੰ ਲਿੰਗ ਅਤੇ ਆਤਮਾਂ ਦੇ ਸੰਚਾਰ(ਗੱਲਬਾਤ) ਦੇ ਸਿਧਾਂਤਾਂ ਦਾ ਗਿਆਨ ਹੁੰਦਾ ਹੈ, ਜਿਸ ਵਿੱਚ ਅਦਵੈਤਵਾਦ(ਇੱਕੋ ਤੱਤ) ਦਾ ਪ੍ਰਭਾਵ ਜੜ੍ਹਾਂ ਦੀ ਤਰ੍ਹਾਂ ਡੂੰਘਾ ਹੁੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

लिङ्गधारणसंयुक्तं लिङ्गपूजापरायणम्।
लिङ्गाङ्गयोगतत्त्वज्ञं निरूढाद्वैतवासनम्।।६।।

6. ਜੋ ਲਿੰਗਸਥਲ ਅਤੇ ਅੰਗਸਥਲ ਵਿੱਚ ਫਰਕ ਸਮਝਦਾ ਹੈ ਅਤੇ ਜੋ ਸ਼ਿਵਾ ਦਾ ਅਨੁਯਾਈ ਹੁੰਦਾ ਹੈ। ਇੱਥੇ ਇਹ ਕਿਹਾ ਗਿਆ ਹੈ ਇਹ ਸਭ ਵਿਸ਼ੇਸ਼ਤਾਵਾਂ ਵਾਲਾ ਸਹੀ ਰੂਪ ਵਿੱਚ ਗੁਰੁ ਦੀ ਉਪਾਧੀ ਰੱਖਦਾ ਹੈ ਅਤੇ ਉਸ ਤੋਂ ਹੀ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦੇ ਗੁਰੁ ਕੋਲ ਜਾਣ ਤੇ ਭਗਤ ਨੂੰ ਉਸ ਮਹਾਨ ਅਧਿਆਪਲ(ਗੁਰੁ) ਨੂੰ ਸਮਰਪਿਤ ਅਤੇ ਡਰ ਨਾਲ ਸੇਵਾਵਾਂ ਨਿਭਾਉਣੀਆਂ ਚਾਹੀਦੀਆਂ ਹਨ,

लिङ्गाङ्गस्थलभेदज्ञं श्रीगुरुं शिववादिनम्।
सेवेत परमाचार्यं शिष्यो भक्तिभयान्वितः।।७।।

7. ਇਹ ਸੇਵਾਵਾਂ ਛੇ ਮਹੀਨੇ, ਇੱਕ ਸਾਲ ਜਾਂ ਉਸ ਦੀ ਖੁਸ਼ੀ ਤੱਕ ਨਿਭਾਉਣੀਆਂ ਚਾਹੀਦੀਆਂ ਹਨ।

षण्मासान् वत्सरं वापि यावदेष प्रसीदति।
प्रसन्नं परमाचार्यं भक्त्या मुक्तिप्रदर्शकम्।।
प्रार्थयेदग्रतः शिष्यः प्राञ्जलिर्विनयान्वितः।।८।।

8. ਸ਼ਿਸ਼ਅ(ਚੇਲੇ) ਨੂੰ ਗੁਰੁ, ਜੋ ਖੁਸ਼ਦਿਲ, ਸਰਵਉਚ ਮੁਰਸ਼ਦ ਅਤੇ ਸੁਤੰਤਰਤਾ ਦਾ ਰਾਸਤਾ ਦਿਖਾਉਣ ਵਾਲਾ ਹੁੰਦਾ ਹੈ, ਦੇ ਅੱਗੇ ਹੱਥ ਜੋੜ ਕੇ, ਪੂਰੀ ਆਗਿਆਕਾਰਤਾ ਨਾਲ ਖੜ੍ਹਨਾ ਚਾਹੀਦਾ ਹੈ ਅਤੇ ਸ਼ਰਧਾ ਨਾਲ ਇਹ ਬੇਨਤੀ ਕਰਨੀ ਚਾਹੀਦੀ ਹੈ,

भो कल्याण महाभाग शिवज्ञानमहोदधे।
आचार्यवर्य सम्प्राप्तं रक्ष मां भवरोगिणम्।।९।।

9. "ਹੇ ਕਲਿਆਣਕਾਰੀ(ਸ਼ੁਭਚਿੰਤਕ) ਗੁਰੂ, ਹੇ, ਸਭ ਤੋਂ ਵਿਲੱਖਣ ਗੁਰੁ, ਹੇ ਸ਼ਿਵ ਦੇ ਗਿਆਨ ਦੇ ਮਹਾਨ ਸਾਗਰ, ਹੇ, ਅਧਿਆਪਕਾਂ(ਗੁਰੂਆਂ) ਵਿੱਚੋਂ ਸ਼੍ਰੇਸ਼ਠ, ਮੈਂ ਤੁਹਾਡੇ ਦੁਆਰੇ ਆਇਆ ਹਾਂ, ਕਿਰਪਾ ਕਰਕੇ ਮੇਰੀ ਰੱਖਿਆ ਕਰੋ, ਮੈਂ ਆਵਾਗਮਨ ਦੀ ਬਿਮਾਰੀ ਵਿੱਚ ਜਕੜਿਆ ਹੋਇਆ ਹਾਂ" ।

इति शुद्धेन शिष्येण प्रार्थितः परमो गुरुः।
शक्तिपातं समालोक्य दीक्षया योजयेदमुम्।।१०।।

10. ਚੇਲੇ, ਜਿਸ ਦਾ ਮਨ ਸ਼ੁੱਧ ਹੈ, ਦੁਆਰਾ ਇਸ ਤਰ੍ਹਾਂ ਬੇਨਤੀ ਕਰਨ ਤੇ ਮਹਾਨ ਗੁਰੁ ਉਸ ਵਿੱਚ ਸ਼ਕਤੀ(ਭਗਤੀ) ਦਾ ਪ੍ਰਸਾਰ ਕਰਦਾ ਹੈ ਅਤੇ ਸ਼ੁਰੂਆਤ ਕਰ ਕੇ ਉਸਦਾ ਗੱਲ ਕਰਨ ਲੱਗ ਜਾਂਦਾ ਹੈ।

दीयते च शिवज्ञानं क्षीयते पाशबन्धनम्।
यस्मादतः समाख्याता दीक्षेतीयं विचक्षणैः।।११।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

11. ਕਿਉਂਕਿ ਇਹ ਸ਼ਿਵ ਦਾ ਗਿਆਨ ਦਿੰਦਾ(ਦੀ=ਦਿੰਦਾ ਹੈ) ਹੈ ਅਤੇ ਬੰਧਨਾਂ(ਕਸ਼ਾ=ਤੋੜਨਾਂ) ਨੂੰ ਤੋੜਦਾ ਹੈ ਇਸ ਲਈ ਇਸ ਨੂੰ ਵਿਦਵਾਨਾਂ ਦੁਆਰਾ ਦੀਕਸ਼ਾ ਕਿਹਾ ਜਾਂਦਾ ਹੈ।

सा दीक्षा त्रिविधा प्रोक्ता शिवागमविशारदैः।
वेधारूपा क्रियारूपा मन्त्ररूपा च तापस।।१२।।

12. ਜਿਨ੍ਹਾਂ ਨੂੰ ਸ਼ਿਵਆਗਮਾਂ ਦੀ ਸਮਝ ਹੁੰਦੀ ਹੈ ਉਹਨਾਂ ਦੁਆਰਾ ਦੱਸਿਆ ਗਿਆ ਹੈ ਕਿ ਦੀਕਸ਼ਾ ਤਿੰਨ ਤਰ੍ਹਾਂ ਦੀ ਹੁੰਦੀ ਹੈ, ਵਿਧਾ, ਕਿਰਿਆ ਅਤੇ ਮੰਤਰ।

गुरोरालोकमात्रेण हस्तमस्तकयोगतः।
यः शिवत्वसमावेशो वेधा दीक्षेति सा मता।।१३।।

13. ਜਿਸ ਕਿਰਿਆ ਨਾਲ ਗੁਰੂ ਦੀ ਸਿਰਫ ਨਜ਼ਰ ਮਾਤਰ ਨਾਲ ਅਤੇ ਚੇਲੇ ਦੇ ਸਿਰ ਉੱਤੇ ਹਥੇਲੀ ਰੱਖਣ ਨਾਲ ਹੀ ਚੇਲੇ ਵਿੱਚ ਸ਼ਿਵ ਦੇ ਵਿਚਾਰਾਂ ਦਾ ਪ੍ਰਸਾਰ ਹੋਣ ਲਗਦਾ ਹੈ, ਇਸ ਕਿਰਿਆ ਨੂੰ ਵੇਧਾਦਿਕਸ਼ਾ ਕਹਿੰਦੇ ਹਨ, ਚੇਲੇ ਦੇ ਕੰਨ ਵਿਚ ਮੰਤਰਾਂ ਦੇ ਜਾਪ ਕਰਨ ਨੂੰ ਮੰਤਰਦਿਕਸ਼ਾ ਕਹਿੰਦੇ ਹਨ,

मान्त्री दीक्षेति सा प्रोक्ता मन्त्रमात्रोपदेशिनी।
कुण्डमण्डलिकोपेता क्रिया दीक्षा क्रियात्तरा।।१४।।

14. ਕਿਰਿਆਦਿਕਸ਼ਾ ਰੀਤਾਂ ਰਸਮਾਂ ਦੇ ਤਹਿਤ ਛੋਟੇ ਮਿੱਟੀ ਦੇ ਬਰਤਨ ਇੱਕ ਚੱਕਰ ਦੇ ਆਕਾਰ ਬਣਾ ਕੇ ਰੱਖਣ ਨੂੰ ਕਹਿੰਦੇ ਹਨ।

शुभमासे शुभतिथौ शुभकाले शुभेऽहनि।
विभूतिं शिवभक्तेभ्यो दत्वा ताम्बूलपूर्वकम्।।
यथाविधि यथायोगं शिष्यमानीय देशिकः।।१५।।

15. ਮੁਬਾਰਕ ਮਹੀਨੇ ਦੇ ਕੁਝ ਮੁਬਾਰਕ ਦਿਨਾਂ, ਕੁਝ ਮੁਬਾਰਕ ਸਮੇਂ ਅਤੇ ਕਿਸੇ ਮੁਬਾਰਕ ਦਿਨ ਗੁਰੁ ਵਿਭੂਤੀ (ਪਵਿੱਤਰ ਸੁਆਹ ਜਾਂ ਰਾਖ) ਅਤੇ ਤੰਬੂਲਾ (ਪਾਨ ਦੇ ਪੱਤੇ ਅਤੇ ਸੁਪਾਰੀ) ਸ਼ਿਵ ਦੇ ਭਗਤ ਨੂੰ ਸ਼ਾਸ਼ਤਰਾਂ ਦੇ ਅਨੁਸਾਰ(ਪ੍ਰਸੰਗ ਵਿੱਚ) ਭੇਂਟ ਕਰਦਾ ਹੈ

स्नातं शुक्लाम्बरधरं दन्तधावनपूर्वकम्।
मण्डले स्थापयेच्छिष्यं प्राङ्मुखं तमुदङ्मुखः।।१६।।

16. ਇਸ ਮੌਕੇ ਚੇਲੇ ਨੇ ਆਪਣ ਦੰਦ ਸਾਫ ਕਰ ਕੇ ਨਹਾਉਣਾ ਹੁੰਦਾ ਹੈ ਅਤੇ ਸਫੇਦ ਕੱਪੜੇ ਪਹਿਨਣੇ ਹੁੰਦੇ ਹਨ। ਉਸ(ਗੁਰੂ) ਨੇ ਉਸ(ਚੇਲੇ ਨੂੰ) ਉਸ ਪਵਿੱਤਰ ਆਕਾਰ ਉਪਰ ਪੂਰਬ ਵੱਲ ਨੂੰ ਮੂੰਹ ਕਰ ਕੇ ਬਿਠਾਉਣਾ ਹੂੰਦਾ ਹੈ ਅਤੇ ਆਪ ਉੱਤਰ ਵੱਲ ਨੂੰ ਮੂੰਹ ਕਰ ਕੇ ਬੈਠਣਾ ਹੁੰਦਾ ਹੈ,

शिवस्य नामकीर्तिं च चिन्तामपि च कारयेत्।
विभूतिपट्टं दत्त्वाग्रे यथास्थानं यथाविधि।।१७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

22. ਸ਼ਿਵਾ ਲਈ ਆਪਣੇ ਸ਼ਰੀਰ ਨੂੰ ਕਸ਼ਟ ਦੇਣ ਨੂੰ ਤਪ ਕਿਹਾ ਜਾਂਦਾ ਹੈ, ਸ਼ਿਵ ਦੀ ਆਰਾਧਨਾ ਨੂੰ ਕਰਮ(ਕਿਰਿਆ) ਕਹਿੰਦੇ ਹਨ, ਪਰ ਬਾਹਰੀ ਤਿਆਗ ਨੂੰ ਨਹੀਂ। ਜਪ(ਮੰਤਰਾਂ ਦਾ ਮਨ ਵਿੱਚ ਉਚਾਰਣ) ਪੰਚਅਕਸ਼ਰੀਮੰਤਰ ਜਾਂ ਓਮਕਾਰ ਜਾਂ ਰੁਦਰਧਿਆਇਆ ਆਦਿ ਦਾ ਬਾਰ ਬਾਰ ਉਚਾਰਣ ਕਰਨ ਨੂੰ ਕਹਿੰਦੇ ਹਨ, ਵੇਦਾਂ ਦੇ ਅਧਿਐਨ ਨੂੰ ਨਹੀਂ।

जपः पञ्चाक्षराभ्यासः प्रणवाभ्यास एव वा।
रुद्राध्यायादिकाभ्यासो न वेदाध्ययनादिकम्।।२३।।

23. ਸ਼ਿਵ ਦੇ ਰੂਪ ਨੂੰ ਮਨ ਵਿੱਚ ਧਿਆਉਣ ਨੂੰ ਅੰਤਰਧਿਆਨ ਕਹਿੰਦੇ ਹਨ ਨਾਂ ਕਿ ਆਪਣੇ ਧਿਆਨ ਨੂੰ।

ध्यानं शिवस्य रूपादिचिन्ता नात्मादिचिन्तनम्।
शिवागमार्थ-विज्ञानं ज्ञानं नान्यार्थवेदनम्।।
इति पञ्चप्रकारोऽयं शिवयज्ञः प्रकीर्तितः।।२४।।

24. ਸ਼ਿਵਆਗਮਾਂ ਦੀ ਜਾਣਕਾਰੀ ਨੂੰ ਗਿਆਨ ਕਹਿੰਦੇ ਹਨ ਨਾਂ ਕਿ ਕਿਸੇ ਹੋਰ ਤਰ੍ਹਾਂ ਦੀ ਜਾਣਕਾਰੀ ਨੂੰ। ਇਸ ਲਈ ਸ਼ੈਵ ਤਿਆਗ ਪੰਜ ਤਰ੍ਹਾਂ ਦਾ ਹੁੰਦਾ ਹੈ।

अनेन पञ्चयज्ञेन यः पूजयति शङ्करम्।
भक्त्या परमया युक्तः स वै भक्त इतीरितः।।२५।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

25. ਜੋ ਕੋਈ ਇਸ ਪ੍ਰਂ ਤਰ੍ਹਾਂ ਦੇ ਤਿਆਗ ਨਾਲ ਸ਼ਿਵ ਦੀ ਆਰਾਧਨਾ ਕਰਦਾ ਹੈ ਉਸ ਨੂੰ ਬੇਸ਼ੱਕ ਭਗਤ(ਸੱਚਾ ਸੇਵਕ) ਕਹਿੰਦੇ ਹਨ।

पूजनाच्छिवभक्तस्य पुण्या गतिरवाप्यते।
अवमानान्महाघोरो नरको नात्र संशयः।।२६।।

26. ਇਸ ਤਰ੍ਹਾਂ ਦੇ ਸ਼ਿਵ ਦੇ ਭਗਤ ਦੀ ਪੂਜਾ ਕਰਨ ਵਾਲਾ ਗੁਣਵਾਣ ਬਣ ਜਾਂਦਾ ਹੈ। ਅਤੇ ਉਸ ਦੀ ਅਵੱਗਿਆ ਕਰਨ ਵਾਲਾ ਨਰਕਾਂ ਦਾ ਭਾਗੀ ਬਣਦਾ ਹੈ।

शिवभक्तो महातेजाः शिवभक्तिपराङ्मुखान्।
न स्पृशेन्नैव वीक्षेत न तैः सह वसेत् क्वचित्।।२७।।

27. ਸ਼ਿਵ ਦਾ ਉਪਾਸਕ ਜੋ ਕਿ ਸ਼ਕਤੀਵਾਨ ਹੁੰਦਾ ਹੈ, ਨੂੰ ਉਹਨਾਂ ਨੂੰ ਛੂਹਣਾ ਜਾਂ ਉਹਨਾਂ ਵੱਲ ਵੇਖਣਾ ਵੀ ਨਹੀ ਚਾਹੀਂਦਾ ਜੋ ਸ਼ਿਵ ਦੀ ਉਪਾਸਨਾ ਦੇ ਉਲਟ ਕੰਮ ਕਰਦੇ ਹਨ। ਉਸ ਨੂੰ ਉਹਨਾਂ ਨਾਲ ਰਹਿਣਾ ਵੀ ਨਹੀਂ ਚਾਹੀਂਦਾ।

यदा दीक्षाप्रवेशः स्याल्लिङ्गधारणपूर्वकः।
तदाप्रभृति भक्तोऽसौ पूजयेत् स्वागमस्थितान्।।२८।।

28. ਜਦੋ ਕੋਈ ਇਸ਼ਟਲਿੰਗ ਪਹਿਨ ਕਰ ਕੇ ਦਿਕਸ਼ਾ ਵੱਲ ਨੂੰ ਪ੍ਰਸ਼ਥਾਨ ਕਰਦਾ ਹੈ ਤਾਂ ਭਗਤਾਂ ਨੂੰ ਉਹਨਾਂ ਦੀ ਪੂਜਾ ਕਰਨੀ ਚਾਹੀਂਦੀ ਹੈ ਜੋ ਆਗਮਾਂ ਦੀ ਪਰੰਪਰਾ ਨੂੰ ਸਮਰਪਿਤ ਹੁੰਦੇ ਹਨ।

स्वमार्गाचारनिरताः सजातीया द्विजास्तु ये।
तेषां गृहेषु भुञ्जीत नेतरेषां कदाचन।।२९।।

29. ਭਗਤਾਂ ਨੂੰ ਸਿਰਫ ਉਹਨਾਂ ਦਵਿੱਜਾਂ ਦੇ ਘਰ ਖਾਣਾ ਖਾਣਾ ਚਾਹੀਂਦਾ ਹੈ ਜੋ ਆਪਣੀਆਂ ਪਰੰਪਰਾਵਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਜੋ ਉਹਨਾਂ(ਭਗਤਾਂ) ਵਰਗੇ ਹੀ ਹੋਣ ਨਾਂ ਕਿ ਕਿਸੇ ਹੋਰ ਵਰਗੇ।

स्वमार्गाचारविमुखैर्भविभिः प्राकृतात्मभिः।
प्रेषितं सकलं द्रव्यमात्मलीनमपि त्यजेत्।।३०।।

30. ਉਸ ਨੂੰ ਸਾਰੇ ਉਹ ਪਦਾਰਥ ਛੱਡ ਦੇਣੇ ਚਾਹੀਂਦੇ ਹਨ ਜੋ ਉਹਨਾਂ ਦੁਆਰਾ ਭੇਜੇ ਗਏ ਹੋਣ ਜੋ ਅਸੱਭਿਅਕ ਹੋਣ ਅਤੇ ਜੋ ਆਪਣੀਆਂ ਹੀ ਪਰੰਪਰਾਵਾਂ ਨੂੰ ਮੰਨਦੇ ਹੋਣ, ਚਾਹੇ ਉਹ ਉਹਨਾਂ ਦੀ ਜਾਗੀਰ ਹੀ ਕਿਉਂ ਨਾਂ ਹੋਵੇ।

नार्चयेदन्यदेवांस्तु न स्मरेन्न च कीर्तयेत्।
न तन्नैवेद्यमश्नीयाच्छिवभक्तो दृढव्रतः।।३१।।

31. ਜੋ ਸ਼ਿਵ ਦਾ ਉਪਾਸਕ ਹੁੰਦਾ ਹੈ ਅਤੇ ਪੱਕੇ ਮਨ ਵਾਲਾ ਹੁੰਦਾ ਹੈ ਨੂੰ ਕਿਸੇ ਹੋਰ ਦੀ ਪੂਜਾ ਨਹੀਂ ਕਰਨੀ ਚਾਹੀਦੀ, ਨਾਂ ਹੀ ਉਹਨਾਂ ਨੂੰ ਧਿਆਨ ਵਿੱਚ ਲਿਆਉਣਾ ਚਾਹੀਂਦਾ ਹੈ,



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਨਾ ਉਹਨਾਂ ਦੀ ਪ੍ਰਸ਼ੰਸਾ ਕਰਨੀ ਚਾਹੀਂਦੀ ਹੈ ਅਤੇ ਨਾ ਹੀ ਉਹਨਾਂ ਦਾ ਦਿੱਤਾ ਖਾਣਾ ਚਾਹੀਂਦਾ ਹੈ।

यद्गृहेष्वन्यदेवोऽस्ति तद्गृहाणि परित्यजेत्।
नान्यदेवार्चकान् मर्त्यान् पूजाकाले निरीक्षयेत्।।३२।।

32. ਭਗਤਾਂ ਨੂੰ ਉਹਨਾਂ ਘਰਾਂ ਵਿੱਚ ਵੀ ਨਹੀਂ ਜਾਣਾ ਚਾਹੀਂਦਾ ਜਿੱਥੇ ਕਿਸੇ ਹੋਰ ਦੀ ਪੂਜਾ ਹੁੰਦੀ ਹੋਵੇ। ਸ਼ਿਵ ਦੀ ਪੂਜਾ ਕਰਦੇ ਸਮੇਂ ਉਹਨਾਂ ਇਨਸਾਨਾਂ ਨੂੰ ਵੇਖਣਾ ਵੀ ਨਹੀਂ ਚਾਹੀਂਦਾ ਜੋ ਕਿਸੇ ਹੋਰ ਦੀ ਪੂਜਾ ਕਰਦੇ ਹੋਣ।

सदा शिवैकनिष्ठानां वीरशैवाध्ववर्तिनाम्।
न हि स्थावरलिङ्गानां निर्माल्याद्युपयुज्यते।।३३।।

33. ਮੰਦਰਾਂ ਵਿੱਚ ਸਥਾਪਿਤ ਸ਼ਿਵਲਿੰਗਾਂ ਦਾ ਬਚਿਆ ਹੋਇਆ ਖਾਣਾ ਸ਼ਿਵ ਭਗਤਾਂ ਅਤੇ ਜੋ ਵੀਰਸ਼ੈਵ ਹੁੰਦੇ ਹਨ, ਉਹਨਾਂ ਨੇ ਨਹੀਂ ਖਾਣਾ ਹੁੰਦਾ ।

यत्र स्थावरलिङ्गानामपाय: परिवर्तते।
अथवा शिवभक्तानां शिवलाञ्छनधारिणाम्।।३४।।

34. ਮੰਦਰਾਂ ਵਿੱਚ ਸਥਾਪਿਤ ਸ਼ਿਵਲਿੰਗਾਂ ਜਾਂ ਸ਼ੈਵ ਭਗਤਾਂ ਜਿਨ੍ਹਾਂ ਨੈ ਸ਼ੈਵ ਨਿਸ਼ਾਨ(ਰੁਦਰਾਕਸ਼, ਭਸਮ ਆਦਿ) ਪਹਿਨੇ ਹੋਣ, ਅਦਿ ਨੂੰ ਕੋਈ ਖਤਰਾ ਲਗਦਾ ਹੋਵੇ ਤਾਂ ਭਗਤਾਂ ਨੂੰ ਆਪਣੀ ਜਾਨ ਦੇ ਕੇ ਵੀ ਉਹਨਾਂ ਦੀ ਰੱਖਿਆ ਕਰਨੀ ਚਾਹੀਂਦੀ ਹੈ।

तत्र प्राणान् विहायापि परिहारं समाचरेत्।
शिवार्थं मुक्तजीवश्चेच्छिवसायुज्यमाप्नुयात्।।३५।।

35. ਜੇਕਰ ਇਸ ਤਰ੍ਹਾਂ ਕਰਨ ਨਾਲ ਸ਼ਿਵ ਕਰਕੇ ਉਹਨਾਂ ਦੀ ਜਾਨ ਵੀ ਚਲੀ ਜਾਂਦੀ ਹੈ ਤਾਂ ਉਹ ਸ਼ਿਵ ਨਾਲ ਇਕਮਿਕ ਹੋ ਜਾਂਦੇ ਹਨ।

शिवनिन्दाकरं दृष्ट्वा घातयेदथवा शपेत्।
स्थानं वा तत्परित्यज्य गच्छेद् यद्यक्षमो भवेत्।।३६।।

36. ਜੋ ਸ਼ਿਵ ਦਾ ਨਿਰਾਦਰ ਕਰਦੇ ਹਨ ਭਗਤਾਂ ਨੇ ਉਹਨਾਂ ਨੂੰ ਮਾਰ ਦੇਣਾ ਹੁੰਦਾ ਹੈ ਜਾਂ ਉਹਨਾਂ ਦਾ ਤ੍ਰਿਸਕਾਰ ਕਰਨਾ ਹੁੰਦਾ ਹੈ, ਜੇ ਉਹ ਇਸ ਤਰ੍ਹਾਂ ਨਾ ਕਰ ਸਕਣ ਤਾਂ ਉਹਨਾਂ ਨੇ ਉਸ ਜਗ੍ਹਾ ਨੂ ਛੱਡ ਕੇ ਚਲੇ ਜਾਣਾ ਹੁੰਦਾ ਹੈ।

यत्र चाचारनिन्दास्ति कदाचित्तत्र न व्रजेत्।
यद्गृहे शिवनिन्दास्ति तद्गृहाणि परित्यजेत्।।३७।।

37. ਜਿੱਥੇ ਕਿਤੇ ਵੀ ਧਾਰਮਿਕ ਕਿਰਿਆਵਾਂ ਦਾ ਨਿਰਾਦਰ ਹੁੰਦਾ ਹੈ ਭਗਤਾਂ ਨੂੰ ਉਥੇ ਨਹੀ ਜਾਣਾ ਚਾਹੀਂਦਾ ਅਤੇ ਜਿਸ ਘਰ ਵਿੱਚ ਸ਼ਿਵ ਦਾ ਨਿਰਾਦਰ ਹੁੰਦਾ ਹੈ ਉਸ ਘਰ ਵਿੱਚ ਜਾਣ ਤੋਂ ਵੀ ਗੁਰੇਜ ਕਰਨਾ ਚਾਹੀਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

यः सर्वभूताधिपतिं विश्वेशानं विनिन्दति।
न तस्य निष्कृतिः शक्या कर्तुं वर्षशतैरपि।।३८।।

38. ਜੋ ਸਭ ਦੇ ਮਾਲਕ, ਸ੍ਰਿਸ਼ਟੀ ਦੇ ਮਾਲਕ ਸ਼ਿਵ ਦਾ ਨਿਰਾਦਰ ਕਰਦੇ ਹਨ, ਉਹਨਾਂ ਦੁਆਰਾ ਸੌ ਸਾਲ ਵੀ ਕਿਸੇ ਤਰ੍ਹਾਂ ਦੀ ਪ੍ਰਾਪਤੀ ਨਹੀਂ ਹੁੰਦੀ।

शिवपूजापरो भूत्वा पर्वकर्म विसर्जयेत्।
अथवा पूर्वकर्म स्यात् सा पूजा निष्फला भवेत्।।३९।।

39. ਸ਼ਿਵ ਦੀ ਉਪਾਸਨਾ ਵਿੱਚ ਮਗਨ ਰਹਿਣ ਨਾਲ ਭਗਤ ਪਹਿਲਾਂ ਵਾਲਾ ਸਭ ਕੁਝ ਛੱਡ ਦਿੰਦੇ ਹਨ। ਅਤੇ ਜੇ ਉਹ ਇਹ ਸਭ ਨਾ ਛੱਡਣ ਤਾਂ ਸ਼ਿਵ ਦੀ ਪੂਜਾ ਬੇਅਰਥ ਹੋ ਜਾਂਦੀ ਹੈ।

उत्तमां गतिमाश्रित्य नीचां वृत्तिं समाश्रितः।
आरूढ - पतितो ज्ञेयः सर्वकर्मबहिष्कृतः।।४०।।

40. ਜੋ ਉਚੀ ਪਦਵੀ ਤੇ ਪਹੁੰਚਣ ਤੋਂ ਬਾਅਦ ਨੀਵੀਂ ਪਦਵੀ ਤੇ ਜਾਂਦਾ ਹੈ ਨੂੰ 'ਅਰਧਪਤਿਤ' ਕਿਹਾ ਜਾਂਦਾ ਹੈ ਅਤੇ ਉਹ ਸਾਰੀਆਂ ਧਾਰਮਿਕ ਕਿਰਿਆਵਾਂ ਤੋਂ ਵਾਂਝਾ ਹੋ ਜਾਂਦਾ ਹੈ।

पञ्चाक्षरोपदेशी च नरस्तुतिकरो यदि।
सोऽलिङ्गी सदुचारी कुकविः स तु विश्रुतः।।४१।।

41. ਜੋ ਭਗਤ ਆਪਣੇ ਗੁਰੂ ਤੋਂ ਪੰਚਅਕਸ਼ਰੀ ਮੰਤਰ ਗ੍ਰਹਿਣ ਕਰਦਾ ਹੈ, ਇਨਸਾਨਾਂ ਦੀ ਪ੍ਰਸੰਸ਼ਾ ਕਰਦਾ ਹੈ, ਉਹ ਬਿਨਾਂ ਲਿੰਗ ਵਾਲੇ ਪੁਰਸ਼ ਵਰਗਾ ਹੁੰਦਾ ਹੈ। ਉਹ ਬੁਰਾਈ ਵੱਲ ਨੂੰ ਜਾਂਦਾ ਹੈ, ਉਹ ਇੱਕ ਬੁਰਾ ਕਵੀ ਹੁੰਦਾ ਹੈ, ਅਤੇ ਸ਼ਾਸ਼ਤਰਾਂ ਦੇ ਗਿਆਨ ਤੋਂ ਵਾਂਝਾ ਮਨੁੱਖ ਹੁੰਦਾ ਹੈ।

चर्मपात्रे जलं तैलं न ग्राह्यं भक्ति-तत्परैः।
गृह्यते यदि भक्तेन रौरवं नरकं व्रजेत्।।४२।।

42. ਜੋ ਭਗਤੀ ਵਿੱਚ ਮਗਨ ਹੁੰਦੇ ਹਨ ਉਹ ਚਮੜੇ ਦੇ ਭਾਂਡੇ ਵਿਚ ਪਾਣੀ ਅਤੇ ਤੇਲ ਲੈ ਕੇ ਨਹੀਂ ਚਲਦੇ। ਅਤੇ ਜੇ ਉਹ ਇਸ ਤਰ੍ਹਾਂ ਕਰਦੇ ਹਨ ਉਹ ਨਰਕਾਂ ਦੇ ਭਾਗੀ ਬਣਦੇ ਹਨ।

न तस्य सूतकं किञ्चित्प्राणलिङ्गाङ्गसङ्गिनः।
जन्मनोत्थं मृतोत्थं च विद्यते परमार्थतः।।४३।।

43. ਉਹ ਭਗਤ ਜੋ ਪ੍ਰਾਣਲਿੰਗ ਨੂੰ ਆਪਣੀ ਆਤਮਾਂ ਮੰਨਦਾ ਹੈ ਉਸਨੂੰ ਜਨਮ ਜਾਂ ਮੌਤ ਵਰਗੀ ਕੋਈ ਅਸ਼ੁੱਧੀ(ਸੂਤਕ) ਤੰਗ ਨਹੀਂ ਕਰ ਸਕਦੀ।

लिङ्गार्चनरतायाश्च ऋतौ नार्या न सूतकम्।
तया प्रसूतिकायाश्च सूतकं नैव विद्यते।।४४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

44. ਜੋ ਇਸਤਰੀ ਸ਼ਿਵਲਿੰਗ ਦੀ ਪੂਜਾ ਕਰਦੀ ਹੈ, ਉਹ ਮਾਹਵਾਰੀ ਸਮੇਂ ਵੀ ਅਸ਼ੁੱਧ ਨਹੀ ਹੁੰਦੀ। ਇਸੇ ਤਰ੍ਹਾਂ ਬੱਚਾ ਜਣਨ ਪ੍ਰਕਿਰਿਆ ਤੋਂ ਬਾਅਦ ਵੀ ਕੋਈ ਅਸ਼ੁੱਧੀ ਨਹੀਂ ਹੁੰਦੀ।

**गृहे यस्मिन् प्रसूता स्त्री सूतकं नात्र विद्यते।**

**शिवपादाम्बु-संस्पर्शात् सर्वपापं प्रणश्यति।।४५।।**

45. ਉਸ ਘਰ ਵਿੱਚ ਕੋਈ ਪ੍ਰਦੂਸ਼ਣ ਨਹੀਂ ਹੁੰਦਾ ਜਿੱਥੇ ਔਰਤ ਨੇ ਬੱਚੇ ਨੂੰ ਜਨਮ ਦਿੱਤਾ ਹੁੰਦਾ ਹੈ ਕਿਉਂਕਿ ਵਰਤਿਆ ਗਿਆ ਪਾਣੀ ਸ਼ਿਵ ਦੇ ਪੈਰਾਂ ਨਾਲ ਅੰਮ੍ਰਿਤ ਬਣ ਗਿਆ ਹੁੰਦਾ ਹੈ।

**शिवस्थानानि तीर्थानि विशिष्टानि शिवार्चकः।**

**शिवयात्रोत्सवं नित्यं सेवेत परया मुदा।।४६।।**

46. ਸ਼ਿਵ ਉਪਾਸਕ(ਸ਼ੈਵ) ਨੂੰ ਬੜੀ ਖੁਸ਼ੀ ਨਾਲ ਸ਼ਿਵ ਦੇ ਖਾਸ ਧਾਰਮਿਕ ਸਥਾਨਾਂ ਤੇ ਜਾਣਾ ਚਾਹੀਂਦਾ ਹੈ ਅਤੇ ਸ਼ਿਵ ਦੇ ਆਦਰ ਲਈ ਰੱਖੇ ਤਿਉਹਾਰਾਂ ਵਿੱਚ ਵੀ ਸ਼ਾਮਲ ਹੋਣਾ ਚਾਹੀਂਦਾ ਹੈ।

**शिवक्षेत्रोत्सवमहायात्रादर्शनकाङ्क्षिणाम् ।**

**मार्गेऽन्नदानपानं च कुर्यान्माहेश्वरो जनः।।४७।।**

47. ਮਹੇਸ਼ਵਰਾਂ ਦੁਆਰਾ ਰਾਸਤੇ ਵਿੱਚ ਉਹਨਾਂ ਲੋਕਾਂ ਲਈ ਖਾਣੇ ਅਤੇ ਪਾਣੀ ਦੀ ਸੇਵਾ ਕਰਨੀ ਚਾਹੀਂਦੀ ਹੈ ਜੋ ਸ਼ਿਵ ਦੇ ਧਾਰਮਿਕ ਸਥਾਨਾਂ ਤੇ ਜਾਂਦੇ ਹਨ ਅਤੇ ਸ਼ਿਵ ਦੇ ਆਦਰ ਵਾਲੇ ਤਿਉਹਾਰਾਂ ਵਿੱਚ ਜਾਂਦੇ ਹਨ।

**नान्नतोयसमं दानं न चाहिंसापरं तपः।**

**तस्मान्महेश्वरो नित्यमन्नतोयप्रदो भवेत्।।४८।।**

48. ਪਾਣੀ ਅਤੇ ਖਾਣੇ ਦੀ ਸੇਵਾ ਵਰਗੀ ਕੋਈ ਸੇਵਾ ਨਹੀਂ ਅਤੇ ਅਹਿੰਸਾ ਜਿਹੀ ਕੋਈ ਤਪੱਸਿਆ ਨਹੀਂ। ਇਸ ਲਈ ਮਹੇਸ਼ਵਰਾ ਨੂੰ ਹਮੇਸ਼ਾ ਪਾਣੀ ਅਤੇ ਖਾਣੇ ਦੀ ਸੇਵਾ ਕਰਨੀ ਚਾਹੀਂਦੀ ਹੈ।

**स्वमार्गाचारवर्तिभ्यः स्वजातिभ्यः सदा व्रती।**

**दद्यात् तेभ्यः समादद्यात् कन्यां कुलसमुद्भवाम्।।४९।।**

49. ਜਿਨ੍ਹਾਂ ਨੇ ਸ਼ਿਵਚਰ ਦੀ ਸਹੁੰ ਲਈ ਹੁੰਦੀ ਹੈ ਨੇ ਵੀਰਸ਼ੈਵ ਪਰਿਵਾਰ ਵਿੱਚ ਹੀ ਵਿਆਹ ਕਰਨਾ ਹੁੰਦਾ ਹੈ ਅਤੇ ਜਿਨਾਂ ਦਾ ਧਰਮ ਇੱਕੋ ਹੋਵੇ ਅਤੇ ਉਸ ਦ ਬਰਾਬਰ ਦਾ ਹੋਵੇ।

**एवमाचारसंयुक्तो वीरशैवो महाव्रती।**

**पूजयेत्परया भक्तया गुरुं लिङ्गं च सन्ततम्।।५०**

50. ਵੀਰਸ਼ੈਵ ਜਿਸ ਨੂੰ 'ਮਹਾਂਵਰਤਿਨ'(ਜਿਸ ਨੇ ਮਹਾਨ ਵਰਤ ਰੱਖਿਆ ਹੋਵੇ) ਵੀ ਕਹਿੰਦੇ ਹਨ ਅਤੇ ਜੋ ਕਿ ਉਕਤ ਲਿਖੀਆਂ ਵਿਧੀਆਂ ਨੂੰ ਮੰਨਦਾ ਹੋਵੇ, ਨੇ ਹਮੇਸ਼ਾ ਗੁਰੂ ਅਤੇ ਲਿੰਗ ਦੀ ਪੂਜਾ ਅਤਿਅੰਤ ਸ਼ਰਧਾ ਨਾਲ ਕਰਨੀ ਹੁੰਦੀ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

गुरोरभ्यर्चनेनापि साक्षादभ्यर्चितः शिवः।

तयोर्नास्ति भिदा किञ्चिदेकत्वात् तत्त्वरूपतः।।५१।।

51. ਗੁਰੂ ਦੀ ਪੂਜਾ ਕਰਨ ਨਾਲ ਹੀ ਅਸਲ ਵਿੱਚ ਸ਼ਿਵ ਦੀ ਪੂਜਾ ਹੁੰਦੀ ਹੈ। ਦੋਵਾਂ ਵਿੱਚ ਕੋਈ ਫਰਕ ਨਹੀਂ ਕਿਉਂਕਿ ਉਹ ਧਾਰਮਿਕ ਤੌਰ ਤੇ ਇੱਕਰੂਪ ਹਨ।

यथा देवे जगन्नाथे सर्वानुग्रहकारके।

तथा गुरुवरे कुर्यादुपचारान् दिने दिने।।५२।।

52. ਜਿਵੇਂ ਕਿ ਮਹਾਨ ਮਾਲਕ ਸ਼ਿਵਾ ਦੇ ਸੰਦਰਭ ਵਿੱਚ ਵੀ ਇਹ ਸਹੀ ਹੈ, ਜੋ ਸਭ ਦਾ ਪੱਖ ਕਰਦਾ ਹੈ, ਇਸੇ ਤਰ੍ਹਾਂ ਗੁਰੂ ਵੀ ਹੈ। ਭਗਤ ਨੂੰ ਹਰ ਰੋਜ ਹਰ ਤਰ੍ਹਾਂ ਦੀ ਪੂਜਾ ਕਰਨੀ ਚਾਹੀਂਦੀ ਹੈ।

अप्रत्यक्षो महादेवः सर्वेषामात्ममायया।

प्रत्यक्षो गुरुरूपेण वर्तते भक्तिसिद्धये।।५३।।

53. ਮਹਾਨ ਭਗਵਾਨ ਸ਼ਿਵ ਜੀ ਮਹਾਰਾਜ ਆਪਣੀ ਮਾਇਆਸ਼ਕਤੀ ਕਰਕੇ ਸਭ ਤੋਂ ਅਦ੍ਰਿਸ਼ ਰਹਿੰਦੇ ਹਨ। ਭਗਤਾਂ ਦੀ ਭਗਤੀ ਦੀ ਪੂਰਤੀ ਲਈ ਉਹ ਗੁਰੂ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ।

शिवज्ञानं महाघोरसंसारार्णवतारकम्।

दीयते येन स गुरुः कस्य वन्द्यो न जायते।।५४।।

54. ਕੌਣ ਨਹੀਂ ਚਾਹੁੰਦਾ ਕਿ ਗੁਰੂ ਨੂੰ ਨਮਸ਼ਕਾਰ ਕੀਤਾ ਜਾਵੇ? ਗੁਰੂ ਉਹ ਹੂੰਦਾ ਹੈ ਜੋ ਸ਼ਿਵ ਦੇ ਗਿਆਨ ਨਾਲ ਇਸ ਸੰਸਾਰ ਦੇ ਭਿਓਨਕ ਸਮੁੰਦਰ ਨੂੰ ਪਾਰ ਕਰਨ ਵਿੱਚ ਮਦਦ ਕਰਦਾ ਹੈ।

यत्कटाक्षकलामात्रात् परमानन्दलक्षणम्।

लभ्यते शिवरूपत्वं स गुरुः केन नार्चितः?।।५५।।

55. ਗੁਰੂ ਉਹ ਹੈ ਜਿਸ ਦੇ ਪ੍ਰਕਾਸ਼ ਦੀ ਇੱਕ ਝਲਕ ਮਾਤਰ ਨਾਲ ਹੀ ਸ਼ਿਵ ਦੇ ਆਤਮਿਕ ਦਰਸ਼ਨ ਹੋ ਜਾਂਦੇ ਹਨ, ਜੋ ਕਿ ਸਰਵਉਚ ਆਸ਼ੀਸ਼ ਦਾ ਪ੍ਰਤੀ ਹੈ ਅਤੇ ਜੋ ਮਹਿਸੂਸ ਹੁੰਦਾ ਹੈ। ਅਜਿਹੇ ਗੁਰੂ ਦੀ ਪੂਜਾ ਕੌਣ ਨਹੀਂ ਕਰਨਾ ਚਾਹੇਗਾ?

हितमेव चरेन्नित्यं शरीरेण धनेन च।

आचार्यस्योपशान्तस्य शिवज्ञानमहानिधेः।।५६।।

56. ਇੱਕ ਸਿਆਣਾ ਭਗਤ ਜਿਸ ਵਿੱਚ ਸੁਤੰਤਰ ਹੋਣ ਦੀ ਤਾਂਘ ਹੁੰਦੀ ਹੈ, ਨੂੰ ਆਪਣੇ ਤਨ ਅਤੇ ਧਨ ਨਾਲ ਉਸ ਗੁਰੂ ਨੂੰ ਨਮਸ਼ਕਾਰ ਕਰਨਾ ਚਾਹੀਂਦਾ ਹੈ ਜੋ ____ ਹੈ ਅਤੇ ਸ਼ਿਵ ਜੀ ਮਹਾਰਾਜ ਦੇ ਗਿਆਨ ਦਾ ਸਾਗਰ ਹੁੰਦਾ ਹੈ।

गुरोराज्ञां न लङ्घेत सिद्धिकामो महामतिः।

तदाज्ञालङ्घनेनापि शिवाज्ञाच्छेदको भवेत्।।५७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

57. ਉਸ ਗੁਰੁ ਦੇ ਹੁਕਮ ਦੀ ਅਵੱਗਿਆ ਸ਼ਿਵ ਜੀ ਦੀ ਅਵੱਗਿਆ ਦੇ ਸਮਾਨ ਹੁੰਦੀ ਹੈ।

यथा गुरौ यथा लिङ्गे भक्तिमान् परिवर्तते।
जङ्गमे च तथा नित्यं भक्तिं कुर्याद्विचक्षणः।।५८।।

58. ਜਿਵੇਂ ਕਿ ਇੱਕ ਸੱਚਾ ਭਗਤ ਗੁਰੁ ਅਤੇ ਸ਼ਿਵਲਿੰਗ ਵਿੱਚ ਸੱਚੀ ਸ਼ਰਧਾ ਰੱਖਦਾ ਹੈ, ਇਸੇ ਤਰ੍ਹਾਂ ਉਹ ਜੰਗਮ ਪ੍ਰਤੀ ਵੀ ਹਮੇਸ਼ਾ ਆਪਣੀ ਸ਼ਰਧਾ ਰੱਖਦਾ ਹੈ।

एक एव शिवः साक्षात् सर्वानुग्रहकारकः।
गुरुजङ्गमलिङ्गात्मा वर्तते भुक्तिमुक्तिदः।।५९।।

59. ਸ਼ਿਵ ਜੋ ਕਿ ਇੱਕੋਇੱਕ ਸਭ ਦਾ ਪੱਖ ਕਰਨ ਵਾਲੇ ਭਗਵਾਨ ਹਨ, ਗੁਰੁ, ਲਿੰਗ ਅਤੇ ਜੰਗਮ ਦੇ ਰੂਪ ਵਿੱਚ ਪ੍ਰਸੰਨਤਾ ਅਤੇ ਸੁਤੰਤਰਤਾ ਦੇਣ ਵਾਲੇ ਹਨ।

लिङ्गं च द्विविधं प्रोक्तं जङ्गमाजङ्गमात्मना।
अजङ्गमे यथा भक्तिर्जङ्गमे च तथा स्मृता।।६०।।

60. ਲਿੰਗ ਦੋ ਤਰ੍ਹਾਂ ਦਾ ਹੁੰਦਾ ਹੈ, ਜੰਗਮ(ਅਸਥਿਰ) ਅਤੇ ਅਜੰਗਮ(ਸਥਿਰ)। ਸ਼ਾਸ਼ਤਰਾਂ ਵਿੱਚ ਦੱਸਿਆ ਗਿਆ ਹੈ ਕਿ ਜੰਗਮਲਿੰਗ ਦੀ ਆਰਾਧਨਾ ਅਜੰਗਮਲਿੰਗ ਦੀ ਅਰਾਧਨਾ ਦੇ ਬਰਾਬਰ ਹੈ।

अजङ्गमं तु यल्लिङ्गं मृच्छिलादिविनिर्मितम्।
तद्वरं जङ्गमं लिङ्गं शिवयोगीति विश्रुतम्।।६१।।

61. ਅਜੰਗਮਲਿੰਗ ਉਹ ਹੈ ਜੋ ਮਿੱਟੀ ਜਾਂ ਪੱਥਰ ਦਾ ਬਣਿਆ ਹੁੰਦਾ ਹੈ। ਇਸ ਤੋਂ ਉੱਤਮ ਜੰਗਮਲਿੰਗ ਹੁੰਦਾ ਹੈ ਜਿਸ ਨੂੰ 'ਸ਼ਿਵਜੋਗਿਨ' ਦੇ ਨਾਮ ਨਾਲ ਜਾਣਦੇ ਹਨ।

अचरे मन्त्रसंस्कारा लिङ्गे वसति शङ्करः।
सदाकालं वसत्येव चरलिङ्गे महेश्वरः।।६२।।

62. ਆਕਾਰਲਿੰਗ(ਅਜੰਗਮ) ਵਿੱਚ ਸ਼ੰਕਰ ਮੰਤਰਾਂ ਦੇ ਪ੍ਰਭਾਵ ਕਰਕੇ ਵਾਸ ਕਰਦੇ ਹਨ। ਕਾਰਲਿੰਗ(ਜੰਗਮ) ਵਿੱਚ ਮਹਾਨ ਪ੍ਰਭੂ ਹਮੇਸ਼ਾ ਵਾਸ ਕਰਦੇ ਹਨ।

शिवयोगिनि यद्दत्तं तदक्षयफलं भवेत्।
तस्मात्सर्वप्रयत्नेन तस्मै देयं महात्मने।।६३।।

63. ਸ਼ਿਵਜੋਗਿਨ ਨੂੰ ਜੋ ਵੀ ਤੋਹਫਾ ਦਿੱਤਾ ਜਾਂਦਾ ਹੈ ਉਸ ਦਾ ਅਸੀਮਤ ਫਲ ਮਿਲਦਾ ਹੈ। ਇਸ ਲਈ ਹਰ ਕੋਸ਼ਿਸ਼ ਕਰਕੇ ਉਸ ਨੂੰ ਤੋਹਫਾ ਦੇਣਾ ਚਾਹੀਂਦਾ ਹੈ।

यत्फलं लभते जन्तुः पूजया शिवयोगिनः।
तदक्षयमिति प्रोक्तं सकलागमपारगैः।।६४।।

64. ਇੱਕ ਇਨਸਾਨ ਜੋ ਸ਼ਿਵਯੋਗਿਨ ਦੀ ਪੂਜਾ ਤੋਂ ਬਾਅਦ ਫਲ ਪ੍ਰਾਪਤ ਕਰਦਾ ਹੈ ਉਹ ਅਸੀਮਤ ਹੁੰਦਾ ਹੈ ਇਹ ਆਗਮਾਂ ਦੇ ਜਾਣਕਾਰ ਕਹਿੰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

नावमन्येत कुत्रापि शिवयोगिनमागतम्।
अवमानाद्भवेत्तस्य दुर्गतिश्च न संशयः।।६५।।

65. ਜੰਗਮ (ਸ਼ਿਵਯੋਗਨ) ਜਿੱਥੇ ਵੀ ਜਾਣ ਕਿਸੇ ਨੂੰ ਉਹਨਾਂ ਦਾ ਅਨਾਦਰ ਨਹੀਂ ਕਰਨਾ ਚਾਹੀਂਦਾ। ਉਹਨਾਂ ਦਾ ਅਨਾਦਰ ਕਰਨ ਵਾਲਾ ਬੇਸ਼ੱਕ ਨਰਕਾਂ ਦਾ ਭਾਗੀ ਬਣਦਾ ਹੈ।

शिवयोगी शिवः साक्षादिति कैङ्कर्यभक्तितः।
पूजयेदादरेणैव यथा लिङ्गं यथागुरुम्।।६६।।

66. ਇਹ ਸਮਝਦੇ ਹੋਏ ਅਤੇ ਪੂਰੀ ਸ਼ਰਧਾ ਨਾਲ ਸੇਵਾ ਕਰਦੇ ਹੋਏ ਕਿ ਸ਼ਿਵਯੋਗਿਨ ਹੀ ਸ਼ਿਵ ਦਾ ਰੂਪ ਹੈ, ਇੱਕ ਭਗਤ ਨੂੰ ਉਸ ਦੀ ਪੂਜਾ ਇਸ ਤਰ੍ਹਾਂ ਕਰਨੀ ਚਾਹੀਂਦੀ ਹੈ ਜਿਵੇਂ ਕਿ ਉਹ ਸ਼ਿਵਲਿੰਗ ਜਾਂ ਗੁਰੂ ਦੀ ਪੂਜਾ ਕਰ ਰਿਹਾ ਹੋਵੇ।

पादोदकं यथा भक्त्या स्वीकरोति महेशितुः।
तथा शिवात्मनोर्नित्यं गुरुजङ्गमयोरपि।।६७।।

67. ਜਿਵੇਂ ਇੱਕ ਭਗਤ ਭਗਵਾਨ ਦਾ 'ਪਦੋਦਕਾ' ਗ੍ਰਹਿਣ ਕਰਦਾ ਹੈ, ਇਸੇ ਤਰ੍ਹਾਂ ਉਸ ਨੂੰ ਗੁਰੂ ਅਤੇ ਜੰਗਮ ਜੋ ਕਿ ਸ਼ਿਵ ਦੇ ਹੀ ਰੂਪ ਹਨ, ਨੂੰ ਗ੍ਰਹਿਣ ਕਰਨਾ ਚਾਹੀਂਦਾ ਹੈ।

सर्वमङ्गलमाङ्गल्यं सर्वपावनपावनम्।
सर्वसिद्धिकरं पुंसां शम्भोः पादाम्बुधारणम्।।६८।।

68. ਸ਼ਿਵ(ਸ਼ਿਵਲਿੰਗ) ਦੇ ਪਦੋਦਕਾ ਦਾ ਸਿਰ ਤੇ ਛਿੜਕਾਓ ਸ਼ੁਭ ਚੀਜਾਂ ਲਈ ਸ਼ੁਭ ਹੁੰਦਾ ਹੈ, ਪਵਿੱਤਰ ਚੀਜਾਂ ਲਈ ਪਵਿੱਤਰ ਹੁੰਦਾ ਹੈ ਅਤੇ ਇਨਸਾਨਾ ਲਈ ਸਭ ਤਰ੍ਹਾਂ ਦੀਆਂ ਪ੍ਰਾਪਤੀਆਂ ਲਿਆਉਂਦਾ ਹੈ।

शिरसा धारयेद्यस्तु पत्रं पुष्पं शिवार्पितम्।
प्रतिक्षणं भवेत्तस्य पौण्डरीकक्रियाफलम्।।६९।।

69. ਸ਼ਿਵ ਨੂੰ ਸਮਰਪਿਤ ਪੱਤਿਆਂ ਜਾਂ ਫੁੱਲਾਂ ਨੂੰ ਜੋ ਆਪਣੇ ਸਿਰ ਤੇ ਪਹਿਨਦਾ ਹੈ ਪੌਂਡਰੀਕ ਦੇ ਫਲ ਉਸ ਲਈ ਖੁਸ਼ੀ ਲਿਆਉਂਦੇ ਹਨ।

भुञ्जीयाद् रुद्रभुक्तान्नं रुद्रपीतं जलं पिबेत्।
रुद्राघ्रातं सदा जिघ्रेदिति जाबालिकी श्रुतिः।।७०।।

70. ਭਗਤਾਂ ਤੇ ਰੁਦਰਾ ਨੂੰ ਦਿੱਤਾ ਹੋਇਆ ਖਾਣਾ ਖਾਣਾ ਚਾਹੀਂਦਾ ਹੈ, ਰੁਦਰਾ ਨੂੰ ਦਿੱਤਾ ਹੋਇਆ ਪਾਣੀ ਪੀਣਾ ਚਾਹੀਂਦਾ ਹੈ ਔ ਰੁਦਰਾ ਨੂੰ ਦਿੱਤੀ ਹੋਈ ਚੀਜ਼ ਹੀ ਸੁੰਘਣੀ ਚਾਹੀਂਦੀ ਹੈ। ਜਬਾਲੋਪਨਿਸ਼ਦ ਵਿੱਚ ਇਹ ਸਿੱਖਿਆ ਦਿੱਤੀ ਗਈ ਹੈ।

अर्पयित्वा निजे लिङ्गे पत्रं पुष्पं फलं जलम्।
अन्नाद्यं सर्वभोज्यं च स्वीकुर्याद् भक्तिमान्नरः।।७१।।

71. ਜੋ ਭਗਤੀ ਵਿੱਚ ਰੰਗਿਆ ਹੁੰਦਾ ਹੈ, ਨੂੰ ਸਭ ਖਾਣੇ ਭਾਵ ਭੋਜਨ, ਪੱਤੇ, ਫੁੱਲ ਜਾਂ ਪਾਣੀ ਆਦਿ ਇਸ਼ਟਲਿੰਗ ਨੂੰ ਸਮਰਪਿਤ ਕਰ ਕੇ ਖਾਣੇ ਚਾਹੀਂਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

गुरुत्वात् सर्वभूतानां शम्भोरमिततेजसः।
तस्मै निवेदितं सर्वं स्वीकार्यं तत्परायणैः।।७२।।

72. ਕਿਉਂਕਿ ਅਨੰਤ ਜੋਤੀ ਦਾ ਮਾਲਕ ਸ਼ਿਵ ਸ਼ੰਭੂ ਜੋ ਕਿ ਸਭ ਦਾ ਗੁਰੂ ਹੈ, ਸਾਰੇ ਜੋ ਉਸ ਨੂੰ ਸਮਰਪਿਤ ਹਨ ਨੂੰ ਉਸ ਦੇ ਭਗਤਾਂ ਨਾਲ ਸਾਂਝ ਕਰਨੀ ਚਾਹੀਂਦੀ ਹੈ।

ये लिङ्गधारिणो लोके ये शिवैकपरायणाः।
तेषां तु शिवनिर्माल्यमुचितं नान्यजन्तुषु।।७३।।

73. ਸ਼ਿਵ ਦਾ ਪ੍ਰਸ਼ਾਦ(ਨਿਰਮਿਲਿਆ) ਉਹਨਾਂ ਲਈ ਸਹੀ ਹੈ ਜਿਨ੍ਹਾਂ ਨੇ ਲਿੰਗ ਪਹਿਨਿਆਂ ਹੁੰਦਾ ਹੈ ਜਾਂ ਜੋ ਸ਼ਿਵਾ ਨੂੰ ਸਮਰਪਿਤ ਹਨ ਨਾਂ ਕਿ ਸਾਰਿਆਂ ਲਈ।

अन्नजाते तु भक्तेन भुज्यमाने शिवार्पिते।
सिक्थे सिक्थेऽश्वमेधस्य यत्फलं तदवाप्यते।।७४।।

74. ਜਦੋਂ ਪੂਰੀ ਤਰ੍ਹਾਂ ਪਕਾਏ ਭੋਜਨ ਰੂਪੀ ਦਾਣੇ ਸ਼ਿਵ ਨੂੰ ਚੜ੍ਹਾਏ ਜਾਂਦੇ ਹਨ ਉਹ ਹੀ ਭਗਤ ਖਾਂਦੇ ਹਨ ਤਾਂ ਜੋ ਅਸ਼ਵਮੇਧ ਯੱਗ ਦਾ ਫਲ ਹੁੰਦਾ ਹੈ ਉਹੀ ਉਹਨਾਂ ਨੂੰ ਮਿਲਦਾ ਹੈ।

निर्माल्यं निर्मलं शुद्धं शिवेन स्वीकृतं यतः।
निर्मलैस्तत्परैर्धार्यं नान्यैः प्राकृतजन्तुभिः।।७५।।

75. ਪ੍ਰਸ਼ਾਦ ਇਸ ਲਈ ਪਵਿੱਤਰ ਅਤੇ ਸ਼ੁੱਧ ਹੁੰਦਾ ਹੈ ਕਿਉਂਕਿ ਇਹ ਸ਼ਿਵਾ ਨੇ ਪ੍ਰਵਾਨ ਕੀਤਾ ਹੁੰਦਾ ਹੈ। ਇਹ ਪ੍ਰਸ਼ਾਦ ਉਹਨਾਂ ਪਵਿੱਤਰ ਲੋਕਾਂ ਨੇ ਹੀ ਲੈਣਾ ਹੁੰਦਾ ਹੈ ਜੋ ਸ਼ਿਵ ਨੂੰ ਸਮਰਪਿਤ ਹੁੰਦੇ ਹਨ ਅਤੇ ਨਾਂ ਕੇ ਉਹਨਾਂ ਲੋਕਾਂ ਨੇ ਜੋ ਪਵਿੱਤਰ ਨਹੀਂ ਹੁੰਦੇ।

शिव-भक्तिविहीनानां जन्तूनां पापकर्मणाम्।
विशुद्धे शिवनिर्माल्ये नाधिकारोऽस्ति कुत्रचित्।।७६।।

76. ਜੋ ਲੋਕ ਪਾਪ ਵਾਲੀਆਂ ਕਿਰਿਆਵਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਸ਼ਿਵ ਦੀ ਭਗਤੀ ਤੋਂ ਰਹਿਤ ਹੁੰਦੇ ਹਨ, ਉਹਨਾਂ ਕੋਲ ਸ਼ਿਵਾ ਦੇ ਇਸ ਪਵਿੱਤਰ ਪ੍ਰਸ਼ਾਦ ਪ੍ਰਾਪਤ ਕਰਨ ਦੀ ਕੋਈ ਯੋਗਤਾ ਨਹੀਂ ਹੁੰਦੀ।

शिवलिङ्गप्रसादस्य स्वीकाराद्यत्फलं भवेत्।
तथा प्रसादस्वीकाराद् गुरुजङ्गमयोरपि।।७७।।

77. ਜੋ ਫਲ ਸ਼ਿਵਲਿੰਗ(ਇਸ਼ਟਲਿੰਗ) ਦੇ ਪ੍ਰਸ਼ਾਦ ਨੂੰ ਗ੍ਰਹਿਣ ਕਰਨ ਤੇ ਮਿਲਦਾ ਹੈ ਉਹੀ ਫਲ ਗੁਰੂ ਅਤੇ ਜੰਗਮ ਦੇ ਪ੍ਰਸ਼ਾਦ ਗ੍ਰਹਿਣ ਕਰਨ ਤੇ ਮਿਲਦਾ ਹੈ।

तस्माद् गुरुं महादेवं शिवयोगिनमेव च।
पूजयेत् तत्प्रसादान्नं भुञ्जीयात् प्रतिवासरम्।।७८।।

78. ਇਸ ਲਈ ਸਾਨੂੰ ਗੁਰੂ, ਲਿੰਗ ਅਤੇ ਜੰਗਮ ਦੀ ਪੂਜਾ ਕਰਨੀ ਚਾਹੀਂਦੀ ਹੈ ਉਹਨਾਂ ਦੇ ਪ੍ਰਸ਼ਾਦ ਦੇ ਰੂਪ ਵਿੱਚ ਭੋਜਨ ਖਾਣਾ ਚਾਹੀਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

शिवलिङ्गे शिवाचार्ये शिवयोगिनि भक्तिमान्।
दानं कुर्याद्यथाशक्ति तत्प्रसादयुतः सदा।।७९।।

79. ਇੱਕ ਭਗਤ ਜੋ ਪ੍ਰਸ਼ਾਦ ਗ੍ਰਹਿਣ ਕਰਦਾ ਹੈ, ਨੂੰ ਸ਼ਿਵਲਿੰਗ, ਸ਼ਿਵਆਚਾਰਿਆ ਅਤੇ ਜੰਗਮ ਨੂੰ ਆਪਣੀ ਯੋਗਤਾ ਅਨੁਸਾਰ ਤੋਹਫੇ ਦੇਣੇ ਚਾਹੀਂਦੇ ਹਨ।

दानं च त्रिविधं प्रोक्तं सोपाधिनिरुपाधिकम्।
सहजं चेति सर्वेषां सर्व - तन्त्रविशारदैः।।८०।।

80. ਦਾਨ ਤਿੰਨ ਤਰਾਂ ਦਾ ਹੁੰਦਾ ਹੈ, ਸੋਪਾਧੀ ਦਾ ਦਾਨ, ਨਿਰੁਪਾਧੀ ਦਾ ਦਾਨ ਅਤੇ ਸਹਿਜ ਦਾਨ। ਸਾਰੇ ਆਗਮਾਂ ਵਿੱਚ ਸਿੱਧਾਂ ਦੁਆਰਾ ਭਗਤਾ ਲਈ ਇਹ ਦੱਸਿਆ ਗਿਆ ਹੈ।

फलाभिसन्धि-संयुक्तं दानं यद्विहितं भवेत्।
तत् सोपाधिकमाख्यातं मुमुक्षुभिरनाहतम्।।८१।।

81. ਕਿਸੇ ਤਰਾਂ ਦੇ ਫਲ ਦੀ ਪ੍ਰਾਪਤੀ ਲਈ ਕੀਤਾ ਗਿਆ ਦਾਨ ਸੋਪਾਧੀ ਦਾਨ ਕਹਾਉਂਦਾ ਹੈ। ਇਹ ਉਹਨਾਂ ਦੁਆਰਾ ਨਹੀਂ ਦਿੱਤਾ ਜਾਂਦਾ ਜੋ ਸੁਤੰਤਰਤਾ ਦੀ ਇੱਛਾ ਰੱਖਦੇ ਹਨ।

फलाभिसन्धिनिर्मुक्तमीश्वरार्पितकाङ्क्षितम् ।
निरुपाधिकमाख्यातं दानं दानविशारदैः।।८२।।

82. ਜੋ ਦਾਨ ਕਿਸੇ ਵੀ ਤਰ੍ਹਾਂ ਦੀ ਇੱਛਾ ਤੋਂ ਪ੍ਰੇਰਿਤ ਨਹੀਂ ਹੁੰਦਾ ਅਤੇ ਸਿਰਫ ਸ਼ਿਵ ਨੂੰ ਧਿਆਨ ਵਿੱਚ ਰੱਖ ਕੇ ਦਿੱਤਾ ਜਾਂਦਾ ਹੈ ਉਸ ਨੂੰ ਦਾਨ ਦੇ ਸਿੱਧ ਗੁਰੂਆਂ ਦੁਆਰਾ ਨਿਰੁਪਾਧੀ ਦਾ ਦਾਨ ਕਿਹਾ ਜਾਂਦਾ ਹੈ।

आदातृदातृदेयानां शिवभावं विचिन्तयन्।
आत्मनोऽकर्तृभावं च यद्दत्तं सहजं भवेत्।।८३।।

83. ਜੋ ਦਾਨ ਇਸ ਵਿਚਾਰ ਨਾਲ ਦਿੱਤਾ ਜਾਂਦਾ ਹੈ ਕਿ ਦੇਣ ਵਾਲਾ, ਲੈਣ ਵਾਲਾ ਅਤੇ ਵਸਤੂ ਸਾਰੇ ਸ਼ਿਵ ਦਾ ਰੂਪ ਹਨ ਅਤੇ ਦੇਣ ਵਾਲਾ ਆਪ ਦਾਨੀ ਨਹੀਂ ਹੈ, ਨੂੰ ਸਹਿਜ ਦਾਨ ਕਿਹਾ ਜਾਂਦਾ ਹੈ।

सहजं दानमुत्कृष्टं सर्वदानोत्तमोत्तमम्।
शिवज्ञानप्रदं पुंसां जन्मरोगनिवर्तकम्।।८४।।

84. ਸਹਿਜਦਾਨ ਸਭ ਤੋਂ ਉਤਮ ਹੈ। ਇਹ ਦਾਨ ਸਭ ਨੂੰ ਸ਼ਿਵ ਦੀ ਸੋਝੀ ਪ੍ਰਦਾਨ ਕਰਦਾ ਹੈ ਜਿਸ ਨਾਲ ਸਭ ਆਵਾਗਮਨ ਦੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਨ।

शिवाय शिवभक्ताय दीयते यदि किञ्चन।
भक्त्या तदपि विख्यातं सहजं दानमुत्तमम्।।८५।।

85. ਜੇ ਇੱਕ ਤਿਲ ਮਾਤਰ ਵੀ ਸ਼ਿਵਾ ਜਾਂ ਉਸ ਦੇ ਭਗਤ ਨੂੰ ਦਾਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਉਸ ਨੂੰ ਵੀ ਮਹਾਨ ਸਹਿਜ ਦਾਨ ਕਹਿੰਦੇ ਹਨ।

दानात् स्वर्णसहस्रस्य सत्पात्रे यत्फलं भवेत्।
एकपुष्पप्रदानेन शिवे तत्फलमिष्यते।।८६।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

86. ਇੱਕ ਕਾਬਿਲ ਵਿਅਕਤੀ ਨੂੰ ਹਜ਼ਾਰ ਸੋਨੇ ਦੇ ਸਿੱਕੇ ਦੇਣ ਤੇ ਜੋ ਫਲ ਮਿਲਦਾ ਹੈ ਉਹੀ ਫਲ ਸ਼ਿਵ ਨੂੰ ਸਿਰਫ ਇੱਕ ਫੁੱਲ ਅਰਪਿਤ ਕਰਨ ਤੇ ਮਿਲਦਾ ਹੈ।

शिव एव परं पात्रं सर्वविद्यानिधिर्गुरुः।

तस्मै दत्तं तु यत्किञ्चित् तदनन्तफलं भवेत्।।८७।।

87. ਸ਼ਿਵ ਜੋ ਕਿ ਖਜਾਨਿਆਂ ਦਾ ਖਜਾਨਾ ਹੈ, ਜੋ ਗੁਰੂ ਹੈ ਅਤੇ ਇੱਕ ਕਾਬਿਲ ਲੈਣ ਵਾਲਾ ਹੈ, ਨੂੰ ਅਰਪਿਤ ਕੀਤੀ ਛੋਟੀ ਚੀਜ਼ ਵੀ ਅਨੰਤ ਫਲ ਦਿੰਦੀ ਹੈ।

शिवयोगी शिवः साक्षाच्छिवज्ञान-महोदधिः।

यत्किञ्चिद्दीयते तस्मै तद्दानं पारमार्थिकम्।।८८।।

88. ਸ਼ਿਵਯੋਗਿਨ ਜੋ ਕਿ ਸ਼ਿਵ ਦੇ ਗਿਆਨ ਦਾ ਸਮੁੰਦਰ ਹੈ, ਅਸਲ ਵਿੱਚ ਖੁਦ ਸ਼ਿਵ ਹੀ ਹੈ। ਇਸ ਲਈ ਉਸ ਨੂੰ ਜੋ ਦਾਨ ਦਿੱਤਾ ਜਾਂਦਾ ਹੈ ਉਸ ਦਾ ਸਭ ਤੋਂ ਉੱਚਾ ਫਲ ਮਿਲਦਾ ਹੈ।

शिवयोगी महत्पात्रं सर्वेषां दानकर्मणि।

तस्मान्नास्ति परं किञ्चित् पात्रं शास्त्रविचारतः।।८९।।

89. ਦਾਨ ਲੈਣ ਵਾਲਿਆਂ ਦੇ ਸੰਦਰਭ ਵਿੱਚ ਸਭ ਤੋਂ ਕਾਬਿਲ ਲੈਣ ਵਾਲਾ ਸ਼ਿਵਯੋਗਿਨ ਹੀ ਹੈ। ਇਸ ਲਈ ਦਾਨ ਲੈਣ ਵਾਲਿਆਂ ਵਿੱਚੋਂ ਉਸ ਤੋਂ ਉੱਤਮ ਕੋਈ ਵੀ ਨਹੀਂ। ਸ਼ਾਸ਼ਤਰਾਂ ਵਿੱਚ ਇਹੀ ਕਿਹਾ ਗਿਆ ਹੈ।

भिक्षामात्रप्रदानेन शान्ताय शिवयोगिने।

यत्फलं लभ्यते नैतद् यज्ञकोटिशतैरपि।।९०।।

90. ਸ਼ਿਵਯੋਗਿਨ ਜੋ ਕਿ ਇੱਕ ਯੋਗੀ ਹੁੰਦਾ ਹੈ, ਨੂੰ ਮੂੰਹ ਭਰ ਖਾਣਾ ਦੇਣ ਤੇ ਜੋ ਫਲ ਮਿਲਦਾ ਹੈ, ਅਜਿਹਾ ਫਲ ਹਜ਼ਾਰਾਂ, ਕਰੋੜਾਂ ਕੁਰਬਾਨੀਆਂ ਕਰਨ ਤੇ ਵੀ ਨਹੀਂ ਮਿਲਦਾ।

शिवयोगिनि सन्तृप्ते तृप्तो भवति शङ्करः।

तत्तृप्त्या तन्मयं विश्वं तृप्तिमेति चराचरम्।।९१।।

91. ਜਦੋਂ ਸ਼ਿਵਯੋਗਿਨ ਤ੍ਰਿਪਤ ਹੁੰਦਾ ਹੈ, ਸ਼ਿਵ ਜੀ ਵੀ ਤ੍ਰਿਪਤ ਹੋ ਜਾਂਦੇ ਹਨ। ਸ਼ਿਵ ਜੀ ਦੇ ਤ੍ਰਿਪਤ ਹੋਣ ਨਾਲ ਸਾਰਾ ਚੱਲ ਅਤੇ ਅਚੱਲ ਸੰਸਾਰ ਜੋ ਉਹਨਾਂ ਦਾ ਹੀ ਸਿਰਜਿਆ ਹੋਇਆ ਹੈ, ਤ੍ਰਿਪਤ ਹੋ ਜਾਂਦਾ ਹੈ।

तस्मात्सर्वप्रयत्नेन येन केनापि कर्मणा।

तृप्तिं कुर्यात् सदाकालमन्नाद्यैः शिवयोगिनः।।९२।।

92. ਇਸ ਲਈ ਸਭ ਤਰਾਂ ਦੀਆਂ ਕੋਸ਼ਿਸ਼ਾਂ ਕਰਕੇ ਇੱਕ ਭਗਤ ਨੇ ਸ਼ਿਵਯੋਗਿਨ ਨੂੰ ਭੋਜਨ ਨਾਲ ਤ੍ਰਿਪਤ ਕਰਨਾ ਚਾਹੀਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

निरुपाधिकचिद्रूपपरानन्दात्म - वस्तुनि।
समाप्तं सकलं यस्य स दानी शङ्करः स्वयम्।।९३।।

93. ਦੇਣ ਵਾਲਾ(ਸਹਿਜਦਾਨੀ), ਜਿਸ ਦਾ ਚਾਰ-ਚੁਫੇਰਾ ਸਰਵਉੱਚ ਗਿਆਨ ਅਤੇ ਆਸ਼ੀਸ਼ ਦੇ ਮਾਲਕ ਨੇ ਮੱਲਿਆ ਹੋਇਆ ਹੈ, ਖ਼ੁਦ ਸ਼ਿਵ ਹੀ ਹੈ।

उक्ताखिलाचार-परायणोऽसौ
सदा वितन्वन् सहजं तु दानम्।
ब्रह्मादिसम्पत्सु विरक्तचित्तो
भक्तो हि माहेश्वरतामुपैति।।९४।।

94. ਜੋ ਭਗਤ ਉਪਰੋਕਤ ਸਾਰੀਆਂ ਕਿਰਿਆਵਾਂ ਵਿੱਚ ਗ੍ਰਸਿਤ ਰਹਿੰਦਾ ਹੈ, ਸਹਿਜਦਾਨ ਕਰਦਾ ਹੈ ਅਤੇ ਜਿਸ ਦਾ ਮਨ ਬ੍ਰਹਮਾਂ ਦੇ ਖਜਾਨੇ ਵੱਲ ਆਕਰਸ਼ਿਤ ਹੁੰਦਾ ਹੈ, ਮਹੇਸ਼ਵਰ ਦੀ ਉਪਾਧੀ ਪ੍ਰਾਪਤ ਕਰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਦਸਵਾਂ ਅਧਿਆਇ

भक्तस्थलं समाख्यातं भवता गणनायक।
केन वा धर्मभेदेन भक्तो माहेश्वरो भवेत्?।।१।।

1. ਅਗਸਤਿਆ ਨੇ ਕਿਹਾ - ਹੇ ਗਣਾਂ(ਸ਼ਿਵ ਦੇ ਭਗਤਾਂ) ਦੇ ਭਗਵਾਨ, ਭਗਤਸਥਾਲਾ ਦੀ ਵਿਆਖਿਆ ਤੁਸੀਂ ਹੀ ਕੀਤੀ ਹੈ। ਕਿਸ ਤਰਾਂ ਦੀ ਖਾਸ ਕਿਰਿਆ ਕਰਨ ਨਾਲ ਭਗਤ ਮਹੇਸ਼ਵਰ ਬਣ ਸਕਦੇ ਹਨ?

केवले सहजे दाने निष्णातः शिवतत्परः।
ब्रह्मादिस्थानविमुखो भक्तो माहेश्वरः स्मृतः।।२।।

2. ਰੇਣੂਕਾ ਨੇ ਕਿਹਾ - ਜੋ ਭਗਤ ਸਹਿਜਦਾਨ ਦੀ ਤਾਕ ਵਿੱਚ ਰਹਿੰਦੇ ਹਨ, ਜੋ ਸ਼ਿਵ ਦੀ ਭਗਤੀ ਨੂੰ ਸਮਰਪਿਤ ਰਹਿੰਦੇ ਹਨ ਅਤੇ ਜੋ ਬ੍ਰਹਮਾਂ ਦੀ ਸਥਿਤੀ ਦੇ ਉਲਟ ਹੁੰਦੇ ਹਨ, ਉਹਨਾਂ ਨੂੰ ਮਹੇਸ਼ਵਰ ਕਿਹਾ ਜਾਂਦਾ ਹੈ।

भक्तेर्यदा समुत्कर्षो भवेद् वैराग्यगौरवात्।
तदा माहेश्वरः प्रोक्तो भक्तः स्थिरविवेकवान्।।३।।

3. ਜਦੋਂ ਸ਼ਿਵ ਨਾਲ ਇਕਮਿਕ ਹੋ ਕੇ ਭਗਤੀਭਾਵ ਵਿੱਚ ਵਾਧਾ ਹੁੰਦਾ ਹੈ ਤਾਂ ਭਗਤ ਦ੍ਰਿੜ ਨਿਸਚੇ ਨਾਲ ਬਾਕੀਆਂ ਤੋਂ ਅਲੱਗ ਹੋ ਕੇ ਮਹੇਸ਼ਵਰ ਬਣ ਜਾਂਦਾ ਹੈ।

माहेश्वरस्थलं वक्ष्ये यथोक्तं शम्भुना पुरा।
माहेश्वरप्रशंसादौ लिङ्गनिष्ठा ततः परम्।।४।।

4. ਮੈਂ ਤੁਹਾਨੂੰ ਮਹੇਸ਼ਵਰਸਥਾਲਾ ਦੇ ਉਪ-ਸਥਾਲਾ ਬਾਰੇ ਦੱਸਾਂਗਾਂ ਜਿਸ ਬਾਰੇ ਸ਼ਿਵ ਜੀ ਨੇ ਬਹੁਤ ਸਮਾਂ ਪਹਿਲਾਂ ਦੱਸਿਆ ਸੀ, ਇਹ ਹਨ,

पूर्वाश्रयनिरासश्च तथाद्वैत – निराकृतिः।
आह्वानवर्जनं पश्चादष्टमूर्तिनिराकृतिः।।५।।

5. ੧) ਮਹੇਸ਼ਵਰਾਪ੍ਰਸ਼ੰਸਾਸਥਾਲਾ ੨) ਲਿੰਗਨਿਸ਼ਠਾਸਥਾਲਾ ੩) ਪੂਰਵਸਰਾਇਆਨਿਰਾਸਨਾਸਥਾਲਾ ੪) ਅਦਵੈਤਨਿਰਾਸਨਾਸਥਾਲਾ ੫) ਆਹਵਾਨਨਿਰਾਸਨਾਸਥਾਲਾ ੬) ਅਸਤਮੂਰਤੀਨਿਰਾਸਨਾਸਥਾਲਾ ੭) ਸਰਵਗਤਵਨਿਰਾਸਨਾਸਥਾਲਾ ੮)ਸ਼ਿਵਜਗਨਮਿਆਸਥਾਲਾ ਅਤੇ ੯)ਭਗਤਦੇਹੀਕਲਿੰਗਾਸਥਾਲਾ ।

सर्वगत्वनिरासश्च शिवत्वं विश्वभक्तयोः।
एवं नवविधं प्रोक्तं माहेश्वरमहास्थलम्।।६।।

6. ਇਸ ਲਈ ਮਹਾਨ ਮੇਸ਼ਵਰ ਦੇ ਨੌਂ ਉਪ-ਸਥਾਲ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

आदितः क्रमशो वक्ष्ये स्थलभेदस्य लक्षणम्।
समाहितेन मनसा श्रूयतां भवता मुने!।।७।।

7. ਹੁਣ ਮੈਂ ਮਹੇਸ਼ਵਰਸਥਾਲਾ ਦੇ ਇਹਨਾਂ ਉਪਸਥਾਲਾਂ ਦੀ ਪਰਿਭਾਸ਼ਾ ਸ਼ੁਰੂ ਤੋਂ ਤਰਤੀਬਵਾਰ ਦੱਸਾਂਗਾ। ਹੇ ਰਿਸ਼ੀ, ਇਹ ਸਭ ਨੂੰ ਇਕ ਮਨ ਇੱਕ ਚਿਤ ਨਾਲ ਸੁਣੋਂ

विश्वस्मादधिको रुद्रो विश्वानुग्रहकारकः।
इति यस्य स्थिरा बुद्धिः स वै माहेश्वरः स्मृतः।।८।।

8. ਉਹ ਭਗਤ ਜਿਸ ਦੇ ਮਨ ਵਿੱਚ ਇਹ ਪੱਕਾ ਵਿਸ਼ਵਾਸ਼ ਹੁੰਦਾ ਹੈ ਕਿ ਰੁਦਰਾ ਹੀ ਸਭ ਤੋਂ ਮਹਾਨ ਹੈ, ਅਤੇ ਸਭ ਦਾ ਭਲਾ ਕਰਨ ਵਾਲਾ ਹੈ, ਨੂੰ ਮਹੇਸ਼ਵਰ ਕਹਿੰਦੇ ਹਨ।

ब्रह्माद्यैर्मलिनप्रायैर्निर्मले   परमेश्वरे।
साम्योक्तिं यो न सहते स वै माहेश्वराभिधः।।९।।

9. ਜੋ ਕੋਈ ਮਹਾਨ ਮਹੇਸ਼ਵਰ ਦੇ ਬਰਾਬਰ ਦਾ ਹੋਣ ਵਾਲੀ ਗੱਲ ਨੂੰ ਬਰਦਾਸ਼ਤ ਨਹੀਂ ਕਰਦਾ, ਜੋ ਬ੍ਰਹਮਾਂ ਅਤੇ ਹੋਰਾਂ ਵਾਂਗੂੰ ਸ਼ੁੱਧ ਹੈ, ਹੀ ਬੇਸ਼ੱਕ ਮਹੇਸ਼ਵਰ ਬਣਨ ਲਈ ਯੋਗ ਹੈ।

ईश्वरः सर्वभूतानां ब्रह्मादीनां महानिति।
बुद्धियोगात्तदासक्तो भक्तो माहेश्वरः स्मृतः।।१०।।

10. ਜੋ ਭਗਤ ਇਸ ਵਿਸ਼ਵਾਸ਼ ਨਾਲ ਸ਼ਿਵ ਨਾਲ ਜੁੜਿਆ ਹੁੰਦਾ ਹੈ ਕਿ ਸ਼ਿਵ ਹੀ ਸਾਰਿਆਂ ਲਈ ਬ੍ਰਹਮਾਂ ਦੀ ਤਰ੍ਹਾਂ ਮਹਾਨ ਪ੍ਰਭੂ ਹੈ, ਨੂੰ ਮਹੇਸ਼ਵਰਾ ਕਹਿੰਦੇ ਹਨ।

ब्रह्मादिदेवताजालं मोहितं मायया सदा।
अशक्तं मुक्तिदाने तु क्षयातिशय-संयुतम्।।११।।

11. ਦੇਵਤਿਆਂ ਦਾ ਜਾਲ, ਜਿਵੇਂ ਕਿ ਬ੍ਰਹਮਾਂ ਜੋ ਕਿ ਮਾਇਆਸ਼ਕਤੀ ਦੇ ਮੋਹ ਵਿੱਚ ਫਸਿਆ ਹੋਇਆ ਹੈ, ਜੋ ਕਿ ਮੋਹ ਨਾਲ ਮੁਰਝਾਇਆ ਹੋਇਆ ਹੈ, ਮੁਕਤੀ ਦੇਣ ਦੇ ਯੋਗ ਨਹੀਂ।

अनादिमुक्तो भगवानेक एव महेश्वरः।
मुक्तिदश्चेति यो वेद स वै माहेश्वरः स्मृतः।।१२।।

12. ਜੋ ਇਹ ਜਾਣ ਲੈਂਦਾ ਹੈ ਕਿ ਮਹੇਸ਼ਵਰ ਜੋ ਕਿ ਸਮੇਂ ਦੇ ਚੱਕਰ ਅਤੇ ਬੰਧਨ ਤੋਂ ਮੁਕਤ ਹੈ, ਹੀ ਮੁਕਤੀ ਦੇ ਸਕਦਾ ਹੈ, ਨੂੰ ਮਹੇਸ਼ਵਰ ਕਹਿੰਦੇ ਹਨ।

क्षयातिशयसंयुक्ता ब्रह्मविष्ण्वादि-सम्पदः।
तृणवन्मन्यते युक्त्या वीरमाहेश्वरः सदा।।१३।।

13. ਵੀਰਮਹੇਸ਼ਵਰ ਹਮੇਸ਼ਾ ਇਹ ਸੋਚ ਰੱਖਦਾ ਹੈ ਕਿ ਬ੍ਰਹਮਾਂ ਦੁਆਰਾ ਦਿੱਤਾ ਧਨ ਜਾਂ ਅਮੀਰੀ ਜੋ ਕਿ ਨਾਸ਼ ਦਾ ਕਾਰਣ ਬਣਦੀ ਹੈ, ਘਾਹ ਦੇ ਤਿਨਕੇ ਦੇ ਸਮਾਨ ਹੈ।

शब्दस्पर्शादिसम्पन्ने सुखलेशे तु निःस्पृहः।
शिवानन्दे समुत्कण्ठो वीरमाहेश्वरो भवेत्।।१४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

14. ਵੀਰਮਹੇਸ਼ਵਰ ਹਮੇਸ਼ਾ ਧੁਨੀ ਜਾਂ ਛੂਹਣ ਵਾਲੀਆਂ ਚੀਜਾਂ, ਜੋ ਕਿ ਛੋਟੀ ਖੁਸ਼ੀ ਦਿੰਦੀਆਂ ਹਨ, ਤੋਂ ਨਿਰਲੇਪ ਰਹਿੰਦਾ ਹੈ ਅਤੇ ਸ਼ਿਵ ਦੀ ਆਸ਼ੀਸ਼ ਪ੍ਰਾਪਤ ਕਰਨ ਦੀ ਤਾਂਘ ਰੱਖਦਾ ਹੈ।

परस्त्रीसङ्गनिर्मुक्तः परद्रव्यपराङ्मुखः।

शिवार्थकार्यसम्पन्नः शिवागमपरायणः।।१५।।

15. ਵੀਰਮਹੇਸ਼ਵਰ ਪਰਾਈ ਇਸਤਰੀ ਨਾਲ ਸਬੰਧ ਬਣਾਉਣ ਦੇ ਖਿਲਾਫ ਹੁੰਦਾ ਹੈ, ਦੂਸਰਿਆਂ ਦੇ ਧਨ ਵਿੱਚ ਦਿਲਚਸਪੀ ਨਹੀਂ ਵਿਖਾਉਂਦਾ, ਸ਼ਿਵ ਨੂੰ ਪ੍ਰਾਪਤ ਕਰਨ ਵਾਲੀਆਂ ਕਿਰਿਆਵਾਂ ਵਿੱਚ ਰੁੱਝਾ ਰਹਿੰਦਾ ਹੈ, ਸ਼ਿਵਆਗਮਾਂ ਦਾ ਅਧਿਐਨ ਕਰਦਾ ਹੈ, ਅਜਿਹੇ ਮਨ ਦਾ ਮਾਲਕ ਹੁੰਦਾ ਹੈ ਜੋ ਸ਼ਿਵ ਦੀ ਪ੍ਰਸੰਸਾ ਦੀ ਖੁਸ਼ੀ ਨਾਲ ਝੂਮਦਾ ਰਹਿੰਦਾ ਹੈ,

शिवस्तुतिरसास्वादमोदमानमनाः शुचिः।

शिवोत्कर्षप्रमाणानां सम्पादनसमुद्यतः।।१६।।

16. 'ਮੈਂ' ਦੇ ਵਿਚਾਰ ਨੂੰ ਤਿਆਗ ਕੇ, ਹੰਕਾਰ ਤੋਂ ਮੁਕਤ ਹੋ ਕੇ ਸ਼ਿਵ ਦੀ ਮਹਾਨਤਾ ਨੂੰ ਸਾਬਤ ਕਰਨ ਵਾਲੇ ਸਾਧਨਾਂ ਦੀ ਖੋਜ ਵਿੱਚ ਰੁੱਝਾ ਰਹਿੰਦਾ ਹੈ, ਦੁੱਖਾਂ ਦੇ ਪਿੰਜਰੇ ਤੋਂ ਸੱਖਣਾ ਹੁੰਦਾ ਹੈ, ਮੋਹ-ਮਾਇਆ ਤੋਂ ਸੱਖਣਾ ਹੁੰਦਾ ਹੈ, ਈਰਖਾ ਦੇ ਪ੍ਰਭਾਵ ਤੋਂ ਸੱਖਣਾਂ ਹੁੰਦਾ ਹੈ,

निर्ममो निरहंकारो निरस्तक्लेशपञ्जरः।

अस्पृष्टमदसम्बन्धो मात्सर्यावेशवर्जितः।।१७।।

17. ਕਾਮ ਦੀਆਂ ਭਾਵਨਾਵਾਂ ਤੋਂ ਮੁਕਤ ਹੁੰਦਾ ਹੈ, ਗੁੱਸੇ ਤੋਂ ਪੈਦਾ ਹੋਣ ਵਾਲੀ ਹਿੰਸਾ ਤੋਂ ਮੁਕਤ ਹੁੰਦਾ ਹੈ, ਪ੍ਰਸੰਨ ਦਿਲ ਵਾਲਾ ਹੁੰਦਾ ਹੈ, ਸਭ ਦਾ ਭਲਾ ਕਰਨ ਵਾਲਾ ਹੁੰਦਾ ਹੈ,

निरस्तमदनोन्मेषो निर्धूतक्रोधविप्लवः।

सदा सन्तुष्टहृदयः सर्वप्राणिहिते रतः।।१८।।

18. ਸ਼ਿਵ ਦੀ ਅਵੱਗਿਆ ਕਰਨ ਵਾਲਿਆਂ ਦਾ ਵਿਰੋਧੀ ਹੁੰਦਾ ਹੈ, ਸ਼ਿਵਾ ਦੀ ਪ੍ਰਸੰਸਾ ਕਰਨ ਵਾਲਿਆਂ ਦਾ ਸਾਥੀ ਹੁੰਦਾ ਹੈ,

निवारणसमुद्योगी शिवकार्यविरोधिनाम्।

सहचारी सदाकालं शिवोत्कर्षाभिधायिभिः।।१९।।

19. ਸ਼ਿਵ ਦੀ ਅਵੱਗਿਆ ਦੇ ਸੰਦਰਭ ਵਿੱਚ ਆਪਣੀ ਜਾਨ ਦੇਣ ਤੋਂ ਵੀ ਕੰਨੀ ਨਹੀਂ ਕਤਰਾਉਂਦਾ,

20. ਸਿਰਫ ਸ਼ਿਵਾ ਦੀ ਭਗਤੀ ਕਰਦਾ ਹੈ, ਅਤੇ ਆਪਣੀ ਆਤਮਾਂ ਵਿੱਚ ਸਭ ਦਾ ਵਿਚਾਰ ਰੱਖਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

अस्य माहेश्वरस्योक्तं लिङ्गनिष्ठामहास्थलम्।
प्राणात्ययेऽपि सम्पन्ने यदत्याज्यं विधीयते।।२१।।

21. ਲਿੰਗਨਿਸ਼ਠਾਮਥਾਲਾ ਦਾ ਅਸੂਲ ਹੈ ਕਿ ਇਸ ਨੂੰ ਨਹੀ ਨਕਾਰਨਾ ਭਾਵੇਂ ਮੌਤ ਦਾ ਮੌਕਾ ਵੀ ਆਵੇ, ਇਹ ਮਹੇਸ਼ਵਰ ਨੂੰ ਤਜਵੀਜ਼ ਕੀਤੀ ਗਈ ਹੈ।

अपगच्छतु सर्वस्वं शिरश्छेदनमस्तु वा।
माहेश्वरो न मुच्येत लिङ्गपूजामहाव्रतम्।।२२।।

22. ਸਭ ਛੱਡ ਦਿਓ, ਸਿਰ ਵੀ ਭਾਵੇਂ ਕਟ ਜਾਵੇ, ਫਿਰ ਵੀ ਮਹੇਸ਼ਵਰ ਲਿੰਗ-ਪੂਜਾ ਪ੍ਰਤੀ ਆਪਣੇ ਸਮਰਪਣ ਨੂੰ ਨਹੀਂ ਤਿਆਗਦਾ।

लिङ्गपूजामकृत्वा तु ये न भुञ्जन्ति मानवाः।
तेषां महात्मनां हस्ते मोक्षलक्ष्मी पस्थिता।।२३।।

23. ਉਹ ਮਹਾਨ ਲੋਕ ਜੋ ਸ਼ਿਵ ਦੀ ਅਰਾਧਨਾ ਕਰਨ ਤੋਂ ਬਿਨਾਂ ਖਾਣਾਂ ਨਹੀਂ ਖਾਂਦੇ, ਨੂੰ ਆਸਾਨੀ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

किमन्यैर्धर्मकलिलैः कीकषार्थप्रदायिभिः।
साक्षान्मोक्षप्रदः शम्भोर्धर्मो लिङ्गार्चनात्मकः।।२।।

24. ਦੂਸਰੇ ਤੁੱਛ ਫਰਜ਼ਾਂ ਨੂੰ ਨਿਭਾਉਣ ਦਾ ਕੀ ਫਾਇਦਾ ਜਿਨ੍ਹਾਂ ਨਾਲ ਤੁੱਝ ਨਤੀਜੇ ਮਿਲਦੇ ਹਨ, ਲਿੰਗਪੂਜਾ ਦੇ ਰੂਪ ਵਿੱਚ ਸ਼ਿਵ ਦੇ ਫਰਜ਼ ਨੂੰ ਨਿਭਾਉਣਾਂ ਹੀ ਮੁਕਤੀ ਪ੍ਰਾਪਤੀ ਦਾ ਰਾਹ ਹੈ।

अर्पितेनान्नपानेन लिङ्गे नियमपूजिते।
ये देहवृत्तिं कुर्वन्ति महामाहेश्वरा हि ते।।२५।।

25. ਜੋ ਲੋਕ ਲਿੰਗ ਪੂਜਾ ਤੋਂ ਬਾਅਦ ਸਮਰਪਿਤ ਕੀਤੇ ਹੋਏ ਪਾਣੀ ਅਤੇ ਭੋਜਨ ਦਾ ਸੇਵਨ ਕਰਦੇ ਹਨ, ਹੀ ਅਸਲ ਵਿੱਚ ਮਹੇਸ਼ਵਰ ਦਾ ਰੂਪ ਹੁੰਦੇ ਹਨ।

चिन्मये शाङ्करे लिङ्गे स्थिरं येषां मनः सदा।
विमुक्तेतरसवार्थं ते शिवा नात्र संशयः।।२६।।

26. ਜਿਨ੍ਹਾਂ ਦਾ ਮਨ ਦ੍ਰਿੜ-ਨਿਸਚੇ ਨਾਲ ਬਾਕੀ ਸਾਰੇ ਵਿਚਾਰ ਤਿਆਗ ਕੇ ਸ਼ਿਵਲਿੰਗ ਤੇ ਟਿਕਿਆ ਹੁੰਦਾ ਹੈ, ਜੋ ਕਿ ਸ਼ੁੱਧ ਗਿਆਨ ਦਾ ਸਾਧਨ ਹੈ, ਹੀ ਸ਼ਿਵ ਦਾ ਰੂਪ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।

लिङ्गे यस्य मनोलीनं लिङ्गस्तुतिपरा च वाक्।
लिङ्गार्चनपरौ हस्तौ स रुद्रो नात्र संशयः।।२७।।

27. ਜਿਸ ਦਾ ਮਨ ਸ਼ਿਵਲਿੰਗ ਨਾਲ ਇਕਮਿਕ ਹੁੰਦਾ ਹੈ, ਜਿਸਦੀ ਆਵਾਜ਼ ਸ਼ਿਵ ਦੀ ਪ੍ਰਸੰਸਾ ਵਿੱਚ ਰੁੱਝੀ ਰਹਿੰਦੀ ਹੈ, ਅਤੇ ਜਿਨ੍ਹਾਂ ਦੇ ਹੱਥ ਸ਼ਿਵਲਿੰਗ ਦੀ ਪੂਜਾ ਵਿੱਚ ਰੁੱਝੇ ਹੁੰਦੇ ਹਨ, ਉਹੀ ਰੁਦਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

लिङ्गनिष्ठस्य किं तस्य कर्मणा स्वर्गहेतुना?।
नित्यानन्दशिवप्राप्तिर्यस्य शास्त्रेषु निश्चिता।।२८।।

28. ਜੋ ਭਗਤ ਪੱਕੇ ਮਨ ਨਾਲ ਸ਼ਿਵਲਿੰਗ ਨੂੰ ਸਮਰਪਿਤ ਹੁੰਦਾ ਹੈ, ਉਸ ਲਈ ਸਵਰਗ ਦੀ ਕਾਮਨਾ ਕਰਨ ਦਾ ਕੀ ਲਾਭ। ਉਸ ਦੇ ਸੰਦਰਭ ਵਿੱਚ ਸ਼ਿਵ ਦੀ ਪਵਿੱਤਰ ਆਸ਼ੀਸ਼ ਲੈਣਾ ਹੀ ਅਸੂਲ ਹੈ, ਇਹ ਸ਼ਾਸ਼ਤਰਾਂ ਵਿੱਚ ਲਿਖਿਆ ਹੋਇਆ ਹੈ।

लिङ्गनिष्ठापरं शान्तं भूतिरुद्राक्षसंयुतम्।
प्रशंसन्ति सदाकालं ब्रह्माद्या देवता मुदा।।२९।।

29. ਬ੍ਰਹਮਾਂ ਅਤੇ ਹੋਰ ਦੇਵਤੇ ਹਮੇਸ਼ਾ ਉਸ ਦੀ ਪ੍ਰਸੰਸਾ ਕਰਦੇ ਹਨ ਜੋ ਪੱਕੇ ਮਨ ਨਾਲ ਸ਼ਿਵ ਨੂੰ ਸਮਰਪਿਤ ਹੁੰਦਾ ਹੈ ਅਤੇ ਜੋ ਰੁਦਰਾਕਸ਼ ਅਤੇ ਭਸਮ ਨਾਲ ਨਿਵਾਜਿਆ ਹੁੰਦਾ ਹੈ।

लिङ्गैकनिष्ठहृदयः सदा माहेश्वरो जनः।
पूर्वाश्रयगतान् धर्मांस्त्यजेत् स्वाचाररोधकान्।।३०।।

30. ਉਹ ਇਨਸਾਨ ਜਿਸ ਨੂੰ ਮਹੇਸ਼ਵਰ ਕਹਿੰਦੇ ਹਨ, ਜਿਸ ਦਾ ਮਨ ਡੂੰਘਾਈ ਨਾਲ ਸ਼ਿਵਲਿੰਗ ਨੂੰ ਸਮਰਪਿਤ ਹੈ, ਉਹਨਾਂ ਸਾਰੀਆਂ ਪਿਛਲੀਆਂ ਕਿਰਿਆਵਾਂ ਦਾ ਨਿਵਾਰਣ ਕਰ ਸਕਦਾ ਹੈ ਜੋ ਇਸ ਸਮੇਂ ਦੀਆਂ ਕਿਰਿਆਵਾਂ ਦੀਆਂ ਵਿਰੋਧੀ ਹਨ।

स्वजातिकुलजान् धर्मान् लिङ्गनिष्ठाविरोधिनः।
त्यजन् माहेश्वरो ज्ञेयः पूर्वाश्रयनिरासकः।।३१।।

31. ਉਸਦੇ ਪਿਛਲੇ ਜਨਮ ਦੇ ਜਾਤ ਅਤੇ ਕਰਮਾਂ ਵਾਲੀਆਂ ਕਿਰਿਆਵਾਂ ਜੋ ਲਿੰਗਸਥਾਲ ਦੀਆਂ ਵਿਰੋਧੀ ਸਨ, ਨੂੰ ਤਿਆਗ ਕੇ ਮਹੇਸ਼ਵਰ ਪੂਰਵਸ਼ਰਿਆਨਿਰਾਸਕ ਬਣ ਜਾਂਦਾ ਹੈ, ਉਹ ਜਿਸ ਨੇ ਕਿ ਪਿਛਲੇ ਵਿਸ਼ਵਾਸ਼ ਵਾਲੀਆਂ ਕਿਰਿਆਵਾਂ ਦਾ ਤਿਆਗ ਕਰ ਦਿੱਤਾ ਹੋਵੇ।

शिवसंस्कारयोगेन विशुद्धानां महात्मनाम्।
किं पूर्वकालिकैर्धर्मैः प्राकृतानां हि ते मताः।।३२।।

32. ਜੋ ਮਹਾਨ ਆਤਮਾਵਾਂ ਸ਼ਿਵਾਦਿਕਸ਼ਾ ਦੀ ਵਿਧੀ ਨਾਲ ਪਵਿੱਤਰ ਹੋ ਗਏ ਹੋਣ, ਉਸ ਲਈ ਪਿਛਲੀਆਂ ਕਿਰਿਆਵਾਂ ਦਾ ਕੀ ਲਾਭ। ਇਹ ਤਾਂ ਅਸ਼ੁੱਧ ਲੋਕਾਂ ਲਈ ਹਨ।

शिवसंस्कार - योगेन शिवधर्मानुषङ्गिणाम्।
प्राकृतानां न धर्मेषु प्रवृत्तिरुपपद्यते।।३३।।

33. ਸ਼ੈਵਦਿਕਸ਼ਾ ਤੋਂ ਬਾਅਦ ਵੀਰਸ਼ੈਵ ਦੀਆਂ ਪ੍ਰਕਿਰਿਆਵਾਂ ਵਿੱਚ ਜੋ ਲੋਕ ਝੁਕਾਉ ਰੱਖਦੇ ਹਨ, ਉਹਨਾਂ ਦੁਆਰਾ ਕਿਸੇ ਅਸ਼ੁੱਧ ਪ੍ਰਾਣੀ ਦੀਆਂ ਕਿਰਿਆਵਾਂ ਵੱਲ ਝੁਕਾਉ ਰੱਖਣ ਦਾ ਕੀ ਲਾਭ।

विशुद्धाः प्राकृताश्चेति द्विविधा मानुषाः स्मृताः।
शिवसंस्कारिणः शुद्धाः प्राकृता इतरे मताः।।३४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

34. ਦੋ ਤਰ੍ਹਾਂ ਦੇ ਇਨਸਾਨ ਹੁੰਦੇ ਹਨ - ਵਿਸ਼ੁੱਧ ਅਤੇ ਪ੍ਰਾਕਿਰਤਾ(ਅਸ਼ੁੱਧ)। ਜੋ ਸ਼ੈਵਦਿਕਸ਼ਾ ਦੀ ਪ੍ਰਕਿਰਿਆ ਤੋਂ ਗੁਜ਼ਰਦੇ ਹਨ ਉਹਨਾਂ ਨੂੰ ਵਿਸ਼ੁੱਧ ਕਿਹਾ ਜਾਂਦਾ ਹੈ, ਅਤੇ ਦੂਜਿਆਂ ਨੂੰ ਪ੍ਰਾਕਿਰਤ(ਅਸ਼ੁੱਧ) ਕਿਹਾ ਜਾਂਦਾ ਹੈ।

**वर्णाश्रमादिधर्माणां व्यवस्था हि द्विधा मता।**

**एका शिवेन निर्दिष्टा ब्रह्मणा कथितापरा।।३५।।**

35. ਵਰਣਾ(ਜਾਤ-ਪਾਤ) ਅਤੇ ਆਸ਼ਰਮਾਂ(ਜ਼ਿੰਦਗੀ ਦੇ ਪੜਾਓ) ਦੇ ਫਰਜ਼ਾਂ ਦੀ ਤਰਤੀਬ ਵੀ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਉਹ ਜੋ ਸ਼ਿਵਾ ਦੇ ਅਨੁਸਾਰ ਹੁੰਦੀ ਹੈ, ਅਤੇ ਦੂਸਰੀ ਜੋ ਬ੍ਰਹਮਾਂ ਦੇ ਅਨੁਸਾਰ ਹੁੰਦੀ ਹੈ।

**शिवोक्तधर्मनिष्ठा तु शिवाश्रमनिषेविणाम्।**

**शिवसंस्कारहीनानां धर्मः पैतामहः स्मृतः।।३६।।**

36. ਜੋ ਸ਼ਿਵਾ ਦੇ ਹੁਕਮ ਨੂੰ ਮੰਨਦੇ ਹਨ ਉਹ ਸ਼ਿਵਾ ਦੇ ਹੁਕਮ ਅਨੁਸਾਰ ਧਰਮ ਵਿੱਚ ਦ੍ਰਿੜ ਵਿਸ਼ਵਾਸ਼ ਰੱਖਦੇ ਹਨ। ਜੋ ਸ਼ਿਵਾ ਦੇ ਹੁਕਮ ਤੋਂ ਬਿਨ੍ਹਾਂ ਹੁੰਦੇ ਹਨ, ਉਹ ਪਿਤਾਮਾ(ਬ੍ਰਹਮਾਂ) ਦੇ ਹੁਕਮ ਅਨੁਸਾਰ ਧਰਮ ਨੂੰ ਮੰਨਦੇ ਹਨ।

**पूज्यपूजकयोर्लिङ्गजीवयोर्भेदवर्जने ।**

**पूजाकर्माद्यसम्पत्तेर्लिङ्गनिष्ठा विरोधतः।।३७।।**

37. ਜੋ ਸ਼ੈਵਦਿਕਸ਼ਾ ਨੂੰ ਮੰਨਦੇ ਹਨ, ਉਹਨਾਂ ਵਿੱਚ ਜਾਤ-ਪਾਤ ਦਾ ਕੋਈ ਭੇਦਭਾਵ ਨਹੀਂ ਹੁੰਦਾ ਜਿਵੇਂ ਕਿ ਅੱਗ ਵਿੱਚ ਜਲਣ ਵਾਲੀਆਂ ਲੱਕੜੀਆਂ ਦੇ ਆਕਾਰ ਨਾਲ ਕੋਈ ਫਰਕ ਨਹੀਂ ਪੈਂਦਾ।

**सर्वाद्वैतविचारस्य ज्ञानाभावे व्यवस्थितेः।**

**भवेन्माहेश्वरः कर्मी सर्वाद्वैतनिरासकः।।३८।।**

38. ਇਸ ਲਈ ਉਹਨਾਂ ਲੋਕਾਂ ਨੂੰ ਜੋ ਸ਼ੈਵਦਿਕਸ਼ਾ ਨੂੰ ਮੰਨਦੇ ਹਨ ਸ਼ਿਵ ਦੇ ਭਗਤਾਂ ਵਿੱਚ ਜਾਤ ਦਾ ਭੇਦਭਾਵ ਨਹੀਂ ਰੱਖਣਾ ਚਾਹੀਂਦਾ।

**प्रेरकं शङ्करं बुद्ध्वा प्रेर्यमात्मानमेव च।**

**भेदात् तं पूजयेन्नित्यं न चाद्वैतपरो भवेत्।।३९।।**

39. ਇੱਕ ਮਹੇਸ਼ਵਰ ਜੋ ਕਿ ਧਾਰਮਿਕ ਕਿਰਿਆਵਾਂ ਵਿੱਚ ਰੁੱਝਿਆ ਹੁੰਦਾ ਹੈ, ਨੂੰ ਸ਼ਿਵ ਅਤੇ ਜੀਵ ਵਿੱਚ ਨਾਂ-ਇਕਮਿਕਤਾ ਦੇ ਵਿਚਾਰ ਨੂੰ ਤਿਆਗ ਦੇਣਾ ਚਾਹੀਂਦਾ ਹੈ(ਕਿਉਂਕਿ ਸ਼ਿਵ ਅਤੇ ਜੀਵ ਇਕਮਿਕ ਹੀ ਹੁੰਦੇ ਹਨ),

**पतिः साक्षान्महादेवः पशुरेव तदाश्रयः।**

**अनयोः स्वामिभृत्यत्वमभेदे कथमिष्यते?।।४०।।**

40. ਕਿਉਂਕਿ ਲਿੰਗ(ਸ਼ਿਵ) ਅਤੇ ਜੀਵ ਦੇ ਵਖਰੇਵੇਂ (ਜੋ ਕਿ ਪੂਜਣਯੋਗ ਅਤੇ ਪੂਜਾ ਕਰਨ ਵਾਲੇ ਵਿੱਚ ਵਾਧਾ ਬਣਦਾ ਹੈ) ਦਾ ਸਿਧਾਂਤ ਲਿੰਗ ਦੀ ਭਗਤੀ ਦੇ ਖਿਲਾਫ ਹੋਵੇਗਾਂ ਅਤੇ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਪੂਜਾ ਦੀਆਂ ਕਿਰਿਆਵਾਂ ਦੇ ਵੀ ਉਲਟ ਹੋਵੇਗਾ ਅਤੇ ਇਸ ਲਈ ਵੀ ਕਿਉਂਕਿ ਇਹ ਇਸ ਤਰ੍ਹਾਂ ਦੀ ਅਗਿਆਨਤਾ ਵੀ ਫੈਲਾਏਗਾ ਕਿ ਉਹ ਪੂਜਾ ਕਰਨ ਵਾਲਾ ਹੈ ਅਤੇ ਸ਼ਿਵ ਦੀ ਪੂਜਾ ਹੋ ਰਹੀ ਹੈ, ਹਾਲਾਂਕਿ ਉਹ ਦੋਵੇਂ ਇਕਮਿਕ ਹੀ ਹਨ।

**साक्षात्कृतं परं तत्त्वं यदा भवति बोधतः।**

**तदाद्वैत-समापत्तिर्ज्ञानहीनस्य न क्वचित्।।४१।।**

41. ਇਸ ਦੂਹਰੇ ਵਿਚਾਰ ਨਾਲ ਪੂਜਾ ਕਰਨਾ ਕਿ ਸ਼ਿਵ ਪ੍ਰੇਰਣਾ ਦੇਣ ਵਾਲਾ ਹੈ ਅਤੇ ਉਸ(ਭਗਤ) ਨੂੰ ਪ੍ਰੇਰਣਾ ਮਿਲ ਰਹੀ ਹੈ, ਸ਼ਿਵ ਇਸ ਵਿਚਾਰ ਨਾਲ ਸਹਿਮਤ ਨਹੀਂ ਹੁੰਦੇ।

**भेदस्य कर्महेतुत्वाद् व्यवहारः प्रवर्तते।**

**लिङ्गपूजादिकर्मस्थो न चाद्वैतं समाचरेत्।।४२।।**

42. ਮਹਾਂਦੇਵ ਅਸਲੀ ਪਤੀ(ਮਾਲਕ) ਹੈ ਅਤੇ ਜੀਵਆਤਮਾਂ ਉਸ ਤੇ ਨਿਰਭਰ ਕਰਦੀ ਹੈ ਅਤੇ (ਬੰਨ੍ਹੀ ਹੋਈ ਆਤਮਾਂ ਹੈ), ਉਹਨਾਂ ਵਿਚਕਾਰ ਮਾਲਕ ਅਤੇ ਨੌਕਰ ਵਾਲੀ ਇਹ ਦੂਹਰੀ ਧਾਰਣਾ ਕਿਵੇਂ ਅਨੁਕੂਲ ਹੋ ਸਕਦੀ ਹੈ?

**पूजादिव्यवहारः स्याद्भेदाश्रयतया सदा।**

**लिङ्गपूजापरस्तस्मान्नाद्वैते निरतो भवेत्।।४३।।**

43. ਜਦੋਂ ਸਰਵਉੱਚ ਸਿਧਾਂਤ (ਸ਼ਿਵ) ਦਾ ਰੱਬੀ ਚਾਨਣ ਹੋਣ ਨਾਲ ਗਿਆਨ ਹੁੰਦਾ ਹੈ ਉਦੋਂ ਗੈਰ-ਦਵੈਤ ਦੀ ਸਥਿਤੀ ਬਣਦੀ ਹੈ, ਇਹ ਉਸ ਲਈ ਕਦੇ ਨਹੀਂ ਬਣਦੀ ਜੋ ਅਗਿਆਨੀ ਹੈ।

**लिङ्गार्चनपरः शुद्धः सर्वाद्वैतनिरासकः।**

**स्वेष्टलिङ्गे शिवाकारे न तमावाहयेच्छिवम्।।४४।।**

44. ਜਦੋਂ ਪੂਜਾ ਦੇ ਰੂਪ ਵਿੱਚ ਕਿਰਿਆ ਕੀਤੀ ਜਾਂਦੀ ਹੈ, ਤਾਂ ਦਵੈਤ ਦੀ ਸਥਿਤੀ ਬਣਦੀ ਹੈ, ਜੋ ਇਨਸਾਨ ਲਿੰਗ ,ਦੀ ਪੂਜਾ ਵਿੱਚ ਵਿਸ਼ਵਾਸ਼ ਰੱਖਦਾ ਹੈ ਉਸਨੂੰ ਗੈਰ-ਦਵੈਤ ਸਿਧਾਂਤ ਨਹੀਂ ਅਪਣਾਉਣਾ ਚਾਹੀਂਦਾ।

**यदा शिवकलायुक्तं लिङ्गं दद्यान्महागुरुः।**

**तदारभ्य शिवस्तत्र तिष्ठत्याह्वानमत्र किम्?।।४५।।**

45. ਕਿਉਂਕਿ ਪੂਜਾ ਦੀਆਂ ਸਾਰੀਆਂ ਕਿਰਿਆਵਾਂ ਦਵੈਤ ਦੇ ਸਿਧਾਂਤ ਤੇ ਆਧਾਰਿਤ ਹੁੰਦੀਆਂ ਹਨ, ਇਸ ਲਈ ਜੋ ਲਿੰਗ ਦੀ ਪੂਜਾ ਦੀ ਧਾਰਣਾ ਰੱਖਦਾ ਹੈ ਉਸਨੂੰ ਗੈਰ-ਦਵੈਤ ਵੱਲ ਨਹੀਂ ਝੁਕਣਾ ਚਾਹੀਂਦਾ।

**ससंस्कारेषु लिङ्गेषु सदा सन्निहितः शिवः।**

**तत्राह्वानं न कर्तव्यं प्रतिपत्तिविरोधकम्।।४६।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

46. ਜੋ ਲਿੰਗ ਪੂਜਾ ਨੂੰ ਸਮਰਪਿਤ ਹੁੰਦਾ ਹੈ, ਸ਼ੁੱਧ ਹੁੰਦਾ ਹੈ, ਅਤੇ ਜਿਸਨੇ ਸ਼ਿਵ ਅਤੇ ਜੀਵ ਵਿੱਚ ਗੈਰ-ਦਵੈਤ ਦੀਆਂ ਧਾਰਨਾਵਾਂ ਨੂੰ ਤਿਆਗ ਦਿੱਤਾ ਹੁੰਦਾ ਹੈ, ਨੂੰ ਆਪਣੇ ਇਸ਼ਟਲਿੰਗ ਵਿੱਚ ਸ਼ਿਵਾ ਨੂੰ ਜਾਗਰਿਤ ਨਹੀਂ ਕਰਨਾ ਚਾਹੀਂਦਾ।

**नाह्वानं न विसर्गं च स्वेष्टलिङ्गे तु कारयेत्।**
**लिङ्गनिष्ठापरो नित्यमिति शास्त्रस्य निश्चयः।।४७।।**

47. ਜਦੋਂ ਮਹਾਨ ਗੁਰੁ ਲਿੰਗ ਪ੍ਰਦਾਨ ਕਰਦਾ ਹੈ ਜੋ ਸ਼ਿਵ(ਸ਼ਿਵਕਾਲ) ਦੀ ਚਮਕ ਨਾਲ ਭਰਪੂਰ ਹੁੰਦਾ ਹੈ, ਉਸੇ ਸਮੇਂ ਤੋਂ ਉਸ ਵਿੱਚ ਸ਼ਿਵ ਦਾ ਵਾਸ ਹੋ ਜਾਂਦਾ ਹੈ। ਇਸ ਲਈ ਫਿਰ ਸ਼ਿਵ ਜਾਗਰਣ ਕਰਨ ਦੀ ਕੀ ਲੋੜ?

**यथात्मशिवयोरैक्यं न मतं कर्मसङ्गिनः।**
**तथा शिवात्पृथिव्यादेरद्वैतमपि नेष्यते।।४८।।**

48. ਸ਼ਿਵ ਹਮੇਸ਼ਾ ਉਸ ਸ਼ਿਵਲਿੰਗ ਵਿੱਚ ਰਹਿੰਦਾ ਹੈ ਜਿਸ ਨੂੰ ਗੁਰੁ ਨੇ ਪਵਿੱਤਰ ਕੀਤਾ ਹੁੰਦਾ ਹੈ। ਇਸ ਲਈ ਸਾਨੂੰ ਸ਼ਿਵ ਜਾਗਰਣ ਨਹੀਂ ਕਰਨਾ ਚਾਹੀਂਦਾ ਕਿਉਂਕਿ ਇਹ ਸ਼ਾਸ਼ਤਰਾਂ ਦੇ ਖਿਲਾਫ ਹੁੰਦਾ ਹੈ।

**पृथिव्याद्यष्टमूर्तित्वमीश्वरस्य प्रकीर्तितम्।**
**तदधिष्ठातृभावेन न साक्षादेकभावतः।।४९।।**

49. ਜੋ ਸ਼ਿਵ ਦੀ ਭਗਤੀ ਵਿੱਚ ਗ੍ਰਸਿਤ ਹੁੰਦਾ ਹੈ ਨੇ ਸ਼ਿਵਲਿੰਗ ਦੇ ਸੰਦਰਭ ਵਿੱਚ ਨਾਂ ਤਾਂ ਸ਼ਿਵ ਜਾਗਰਣ ਕਰਨਾ ਹੁੰਦਾ ਹੈ ਅਤੇ ਨਾਂ ਸ਼ਿਵ ਨੂ ਰਿਟਾਇਰ ਕਰਨਾ ਹੁੰਦਾ ਹੈ, ਇਹ ਸ਼ਾਸ਼ਤਰਾਂ ਵਿੱਚ ਦੱਸਿਆ ਗਿਆ ਹੈ।

**पृथिव्यादिकमिदं सर्वं कार्यं कर्ता महेश्वरः।**
**नैतत्साक्षान्महेशोऽयं कुलालो मृत्तिका यथा।।५०।।**

50. ਜੋ ਪੂਜਾ ਦੀਆਂ ਕਿਰਿਆਵਾਂ ਨਾਲ ਸਬੰਧਤ ਹੁੰਦਾ ਹੈ ਉਸਨੇ ਜੀਵ ਅਤੇ ਸ਼ਿਵਾ ਦੀ ਪਛਾਣ ਨੂੰ ਸਵੀਕਾਰ ਨਹੀਂ ਕਰਨਾ ਹੁੰਦਾ, ਇਸੇ ਤਰ੍ਹਾਂ ਸ਼ਿਵ ਨਾਲ ਧਰਤੀ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਨਾ ਹੁੰਦਾ।

**पृथिव्याद्यात्मपर्यन्तप्रपञ्चो ह्यष्टधा स्थितः।**
**तनुरीशस्य चात्मायं सर्वतत्त्वनियामकः।।५१।।**

51. ਮਾਲਕ ਸ਼ਿਵ ਦੇ ਸੰਦਰਭ ਵਿੱਚ ਅੱਠ ਸਥਿਤੀਆਂ ਜਿਵੇਂ ਕਿ ਧਰਤੀ ਆਦਿ ਦਾ ਇਹ ਵਿਚਾਰ ਹੈ ਕਿ ਉਹ(ਸ਼ਿਵਾ) ਧਰਤੀ ਦਾ ਪ੍ਰਧਾਨ ਦੇਵਤਾ ਹੈ ਨਾਂ ਕਿ ਇਹ ਭਾਵਨਾਂ ਕਿ ਸ਼ਿਵ ਦੀ ਪਛਾਣ ਧਰਤੀ ਕਰਕੇ ਹੈ।

**शरीरभूतादेतस्मात् प्रपञ्चात्परमेष्ठिनः।**
**आत्मभूतस्य देवस्य नाभेदो न पृथक्स्थितिः।।५२।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

52. ਜੋ ਕੁਝ ਵੀ ਪ੍ਰਿਥਵੀ ਨਾਲ ਬਣਿਆ ਹੈ, ਉਹ ਪ੍ਰਭਾਵ ਹੈ ਅਤੇ ਇਹ ਸਭ ਕਰਨ ਵਾਲਾ ਮਹੇਸ਼ਵਰ ਹੈ, ਬਿਲਕੁਲ ਉਵੇਂ ਜਿਵੇਂ ਘੜੇ ਨੂੰ ਮਿੱਟੀ ਨਹੀ ਕਿਹਾ ਜਾ ਸਕਦਾ।

**अचेतनत्वात्पृथ्व्यादेरज्ञत्वादात्मनस्तथा ।**

**सर्वज्ञस्य महेशस्य नैकरूपत्वमिष्यते।।५३।।**

53. ਇਹ ਸੰਸਾਰ ਜੋ ਧਰਤੀ ਤੋਂ ਕੁਰਬਾਨੀ ਦੇਣ ਵਾਲੇ(ਯਜਮਾਨ ਜਾਂ ਆਤਮਾਂ) ਤੱਕ ਅੱਠ ਪਰਤਾਂ ਤੋਂ ਬਣਿਆ ਹੈ, ਇਹ ਸ਼ਿਵ ਦਾ ਹੀ ਸ਼ਰੀਰ ਹੈ। ਇਹ ਆਤਮਾਂ ਸਾਰੇ ਤੱਤਾਂ ਨੂੰ ਨਿਯੰਤਰਿਤ ਕਰਨ ਵਾਲੀ ਹੈ।

**इति यश्चिन्तयेन्नित्यं पृथ्व्यादेरष्टमूर्तितः।**

**विलक्षणं महादेवं सोऽष्टमूर्ति - निरासकः।।५४।।**

54. ਪਰਾਸ਼ਿਵਾਬ੍ਰਹਮਾਂ ਵਿੱਚ ਕੋਈ ਵਖਰੇਵਾਂ ਨਹੀਂ ਹੈ, ਇਹ ਆਤਮਾਂ ਦੇ ਰੂਪ ਇਸ ਸੰਸਾਰ ਵਿੱਚ ਸ਼ਰੀਰ ਵਿੱਚ ਰੱਬ ਦਾ ਰੂਪ ਹੈ।

**सर्वगत्वे महेशस्य सर्वत्राराधनं भवेत्।**

**न लिङ्गमात्रे तन्निष्ठो न शिवं सर्वगं स्मरेत्।।५५।।**

55. ਕਿਉਂਕਿ ਧਰਤੀ ਅਗਾਧ ਹੈ ਅਤੇ ਆਤਮਾਂ ਗਿਆਨ ਤੋਂ ਰਹਿਤ ਹੈ, ਇਸਦੀ ਮਹੇਸ਼ਵਰ ਨਾਲ ਕੋਈ ਹੋਂਦ ਨਹੀ ਕਿਉਂਕਿ ਮਹੇਸ਼ਵਰ ਸਰਵਵਿਆਪਕ ਹੈ।

**सर्वगोऽपि स्थितः शम्भुः स्वाधारे हि विशेषतः।**

**तस्मादन्यत्र विमुखः स्वेष्टलिङ्गे यजेच्छिवम्।।५६।।**

56. ਇਸ ਲਈ ਜੋ ਹਮੇਸ਼ਾ ਇਹ ਸੋਚਦਾ ਹੈ ਕਿ ਮਹੇਸ਼ਵਰ(ਸ਼ਿਵ) ਅੱਠ ਕਿਸਮਾਂ ਜਿਵੇਂ ਕਿ ਪ੍ਰਿਥਵੀ ਤੋਂ ਭਿੰਨ ਹੈ, ਨੂੰ ਅਸ਼ਟਮੂਰਤੀਨਿਰਾਸਾਕਾ ਕਹਿੰਦੇ ਹਨ(ਅਜਿਹਾ ਇਨਸਾਨ ਜੋ ਸ਼ਿਵ ਦੇ ਅੱਠ ਰੂਪਾਂ ਨੂੰ ਨਕਾਰਦਾ ਹੈ)।

**शिवः सर्वगतश्चापि स्वाधारे व्यज्यते भृशम्।**

**शमीगर्भे यथा वह्निर्विशेषेण विभाव्यते।।५७।।**

57. ਜੇ ਮਹੇਸ਼ਵਰ ਸਰਵਵਿਆਪਲ ਹੈ ਤਾਂ ਉਸਦੀ ਪੂਜਾ ਸਾਰੇ ਪਾਸੇ ਹੋਣੀ ਚਾਹੀਂਦੀ ਹੈ ਨਾਂ ਕਿ ਸਿਰਫ ਲਿੰਗ ਦੇ ਰੂਪ ਵਿੱਚ, ਇਸ ਲਈ ਜੋ ਦ੍ਰਿੜ ਨਿਸਚੇ ਨਾਲ ਲਿੰਗ ਦਾ ਭਗਤ ਹੈ ਉਸਨੇ ਸ਼ਿਵਾ ਨੂੰ ਸਰਵਵਿਆਪਕ ਨਹੀਂ ਮੰਨਣਾ ਹੁੰਦਾ।

**सर्वगत्वं महेशस्य सर्वशास्त्रविनिश्चितम्।**

**तथाप्याश्रयलिङ्गादौ पूजार्थमधिका स्थितिः।।५८।।**

58. ਭਾਵੇਂ ਕਿ ਸ਼ਿਵਾ ਸਰਵਵਿਆਪਕ ਹੈ, ਪਰ ਉਹ ਇਸ਼ਟਲਿੰਗ ਵਿੱਚ ਰਹਿੰਦਾ ਹੈ ਜੋ ਉਸਦਾ ਘਰ ਹੈ। ਇਸ ਲਈ ਭਗਤ ਨੂੰ ਸ਼ਿਵ ਨੂੰ ਇਸ਼ਟਲਿੰਗ ਵਿੱਚ ਰਹਿੰਦਾ ਮੰਨ ਕੇ ਪੂਜਣਾ ਚਾਹੀਂਦਾ ਹੈ ਆ ਨਾਂ ਕਿ ਇਹ ਮੰਨ ਕੇ ਕਿ ਉਹ(ਸ਼ਿਵ) ਹਰ ਜਗ੍ਹਾ ਰਹਿੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

नित्यं भासि तदीयस्त्वं या ते रुद्र शिवा तनूः।
अघोरा पापकाशीति श्रुतिराह सनातनी।।५९।।

59. ਭਾਵੇਂ ਕਿ ਸ਼ਿਵਾ ਸਰਵਵਿਆਪਕ ਹੈ, ਉਹ ਖਾਸ ਤੌਰ ਤੇ ਇਸ਼ਟਲਿੰਗ ਵਿੱਚ ਮਿਲਦਾ ਹੈ ਜੋ ਕਿ ਉਸਦਾ ਘਰ ਹੈ, ਜਿਵੇਂ ਕਿ ਸ਼ਮੀ ਦਰਖਤ ਦੀ ਕੁੱਖ ਵਿੱਚੋਂ ਅਗਨੀ ਲੱਭੀ ਜਾ ਸਕਦੀ ਹੈ।

तस्मात् सर्वप्रयत्नेन सर्वस्थानपराङ्मुखः।
स्वेष्टलिङ्गे महादेवं पूजयेत् पूजकोत्तमः।।६०।।

60. ਸ਼ਿਵ ਦੀ ਸਰਵਵਿਆਪਿਕਤਾ ਸਾਰੇ ਸ਼ਾਸ਼ਤਰਾਂ ਵਿੱਚ ਦੱਸੀ ਗਈ ਹੈ, ਫਿਰ ਵੀ ਉਸਦਾ ਵਾਸ ਖਾਸ ਤੌਰ ਤੇ ਇਸ਼ਟਲਿੰਗਾਂ ਵਿੱਚ ਹੀ ਹੈ ਜੋ ਉਸਦੇ ਘਰ ਹਨ।

शिवस्य सर्वगत्वेऽपि सर्वत्र रतिवर्जितः।
स्वेष्टलिङ्गे यजन् देवं सर्वगत्वनिरासकः।।६१।।

61. ਪੁਰਾਣੇ ਗਰੰਥ ਸ਼ਰੁਤੀ ਵਿੱਚ ਕਿਹਾ ਗਿਆ ਹੈ, "ਹੇ ਰੁਦਰ, ਤੁਸੀਂ ਇੱਕ ਪਵਿੱਤਰ ਸ਼ਰੀਰ ਦੀ ਤਰ੍ਹਾਂ ਇਸ਼ਟਲਿੰਗ ਦੇ ਰੂਪ ਵਿੱਚ ਪ੍ਰਜਲਵਿਤ ਹੁੰਦੇ ਹੋ, ਜੋ ਕਿ ਸ਼ਾਂਤ ਹੈ ਅਤੇ ਜੋ ਸਾਰੇ ਤਰ੍ਹਾਂ ਦੇ ਪਾਪਾਂ ਤੋਂ ਰਹਿਤ ਹੈ"।

पूजाविधौ नियम्यत्वाल्लिङ्गमात्रे स्थितं शिवम्।
पूजयन्नपि देवस्य सर्वगत्वं विभावयेत्।।६२।।

62. ਇਸ ਲਈ ਮਹੇਸ਼ਵਰ ਜੋ ਕਿ ਸਭ ਤੋਂ ਵੱਧ ਪੂਜਣਯੋਗ ਹੈ, ਦੀ ਪੂਜਾ ਹੋਰ ਸਾਰੀਆਂ ਥਾਵਾਂ ਛੱਡ ਕੇ ਉਸਦੇ ਇਸ਼ਟਲਿੰਗ ਵਿੱਚ ਹੀ ਹੋਣੀ ਚਾਹੀਂਦੀ ਹੈ।

यस्मादेतत्समुत्पन्नं महादेवाच्चराचरम्।
तस्मादेतन्न भिद्येत यथा कुम्भादिकं मृदः।।६३।।

63. ਭਾਵੇਂ ਕਿ ਸ਼ਿਵਾ ਸਰਵਵਿਆਪਕ ਹੈ, ਜੋ ਸ਼ਿਵ ਦੀ ਪੂਜਾ ਬਿਨਾਂ ਕਿਸੇ ਬਾਹਰੀ ਚੀਜ਼ ਦੇ ਆਪਣੇ ਇਸ਼ਟਲਿੰਗ ਵਿੱਚ ਕਰਦਾ ਹੈ, ਨੂੰ ਸਰਵੱਗਤਵਨਿਰਾਸਕ ਕਹਿੰਦੇ ਹਨ।

शिवतत्त्वात् समुत्पन्नं जगदस्मान्न भिद्यते।
फेनोर्मिबुद्बुदाकारो यथा सिन्धोर्न भिद्यते।।६४।।

64. ਸ਼ਿਵ ਦੀ ਇਸ਼ਟਲਿੰਗ ਦਾ ਵਾਸੀ ਸਮਝ ਕੇ ਪੂਜਾ ਕਰਨਾਂ ਹੀ ਅਸਲ ਵਿੱਚ ਪੂਜਾ ਹੈ, ਪਰੰਤੂ ਸ਼ਿਵ ਭਗਤ(ਮਹੇਸ਼ਵਰ) ਨੇ ਸ਼ਿਵ ਦੀ ਸਰਵਵਿਆਪਕਤਾ ਦਾ ਧਿਆਨ ਮਨ ਵਿੱਚ ਕਰਨਾ ਹੁੰਦਾ ਹੈ।

यथा तन्तुभिरुत्पन्नः पटस्तन्तुमयः स्मृतः।
तथा शिवात्समुत्पन्नं शिव एव चराचरम्।।६५।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

65. ਕਿਉਂਕਿ ਇਹ ਚੱਲ ਅਤੇ ਅਚੱਲ(ਸਜੀਵ ਅਤੇ ਨਿਰਜੀਵ) ਸੰਸਾਰ ਦਾ ਜਨਮ ਸ਼ਿਵ ਤੋਂ ਹੀ ਹੋਇਆ ਹੈ, ਇਹ ਸੰਸ਼ਾਰ ਸ਼ਿਵ ਤੋਂ ਅਲੱਗ ਨਹੀਂ ਹੈ, ਜਿਵੇਂ ਕਿ ਮਿੱਟੀ ਦੇ ਘੜੇ ਨੂੰ ਮਿੱਟੀ ਨਾਲੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ।

आत्मशक्तिविकासेन शिवो विश्वात्मना स्थितः।

कुटीभावाद्यथा भाति पटः स्वस्य प्रसारणात्।।६६।।

66. ਇਹ ਸੰਸਾਰ ਜੋ ਸ਼ਿਵ ਦੇ ਸਿਧਾਂਤਾਂ ਤੇ ਆਧਾਰਿਤ ਜਨਮਿਆਂ ਹੈ, ਉਸ ਤੋਂ ਵੱਖ ਨਹੀਂ ਹੈ ਜਿਵੇਂ ਕਿ ਸਮੁੰਦਰ ਦੀ ਝੱਗ ਅਤੇ ਲਹਿਰਾਂ ਸਮੁੰਦਰ ਤੋਂ ਵੱਖ ਨਹੀਂ ਹਨ।

तस्माच्छिवमयं सर्वं जगदेतच्चराचरम्।

तदभिन्नतया भाति सर्पत्वमिव रज्जुतः।।६७।।

67. ਜਿਵੇਂ ਕਿ ਕੱਪੜਾ ਧਾਗੇ ਦੇ ਰੇਸ਼ਿਆਂ ਤੋਂ ਬਣਿਆਂ ਹੁੰਦਾ ਹੈ, ਇਸੇ ਤਰ੍ਹਾਂ ਇਹ ਚੱਲ ਅਤੇ ਅਚੱਲ ਸੰਸਾਰ ਸ਼ਿਵ ਤੋਂ ਹੀ ਜਨਮਿਆਂ ਹੈ ਅਤੇ ਸ਼ਿਵ ਦਾ ਹੀ ਰੂਪ ਹੈ(ਸ਼ਿਵ ਤੋਂ ਬਣਿਆ - ਸ਼ਿਵਾਮਾਇਆ)।

रज्जौ सर्पत्ववद्भाति शुक्तौ च रजतत्ववत्।

चीरत्ववदपि स्थाणौ मरीच्यां च जलत्ववत्।।६८।।

68. ਸ਼ਿਵ ਆਪਣੀ ਸ਼ਕਤੀ ਦੇ ਪਸਾਰੇ ਦੁਆਰਾ ਸਸਸ਼ਾਰ ਦੇ ਰੂਪ ਵਿੱਚ ਵਿਦਿਆਮਾਨ ਹੈ, ਜਿਵੇਂ ਕਿ ਕੱਪੜਾ ਵਧ ਕੇ ਥਾਨ ਦੇ ਰੂਫ ਵਿੱਚ ਵਿਸਤਰਿਤ ਹੁੰਦਾ ਹੈ।

गन्धर्वपुरवद्व्योम्नि सच्चिदानन्दलक्षणे।

निरस्तभेद-सद्भावे शिवे विश्वं विराजते।।६९।।

69. ਇਸ ਲਈ ਇਹ ਸਾਰਾ ਸੰਸਾਰ ਜੋ ਕਿ ਚੱਲ ਅਤੇ ਅਚੱਲ ਹੈ ਜੋ ਕਿ ਸ਼ਿਵਾ ਦਾ ਸਿਰਜਿਆ ਹੋਇਆ ਹੈ, ਉਸ ਤੋਂ ਭਿੰਨ ਨਹੀਂ ਹੈ ਜਿਵੇਂ ਕਿ ਰੱਸੇ ਤੋਂ ਧਾਗੇ ਵੱਖ ਨਹੀਂ ਹੁੰਦੇ।

पत्रशाखादिरूपेण यथा तिष्ठति पादपः।

तथा भूम्यादिरूपेण शिव एको विराजते।।७०।।

70. ਇਹ ਸੰਸਾਰ ਸ਼ਿਵਾ ਵਿੱਚ ਚਮਕਦਾ ਹੈ ਜੋ ਕਿ ਹੋਂਦ, ਗਿਆਨ ਅਤੇ ਆਸ਼ੀਸ਼ ਦੇ ਸੁਭਾਅ ਦਾ ਹੈ ਅਤੇ ਜੋ ਕਿਸੇ ਵੀ ਤਰ੍ਹਾਂ ਦੇ ਵੱਖਰੇਵਿਆਂ ਤੋਂ ਭਿੰਨ ਹੈ,

समस्तजगदात्मापि शङ्करः परमेश्वरः।

भक्तानां हृदयाम्भोजे विशेषेण विराजते।।७१।।

71. ਜਿਵੇਂ ਕਿ ਰੱਸੇ ਦਾ ਸੱਪਣੀ ਜਿਹਾ ਹੋਣਾ, ਸ਼ੰਕੂ ਦਾ ਚਾਂਦੀਪਣ, ਇੱਕ ਪੋਸਟ ਤੇ ਚੋਰ ਜਿਹਾ ਆਕਾਰ, ਮ੍ਰਿਹਤ੍ਰਿਸ਼ਨਾ ਵਿੱਚ ਪਾਣੀ ਦਾ ਅਹਿਸਾਸ ਅਤੇ ਆਕਾਸ਼ ਵਿੱਚ ਗੰਧਰਵ ਸ਼ਹਿਰ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

कैलासे मन्दरे चैव हिमाद्रौ कनकाचले।

हृदयेषु च भक्तानां विशेषेण व्यवस्थित:।।७२।।

72. ਜਿਵੇਂ ਕਿ ਇੱਕ ਦਰੱਖਤ ਪੱਤਿਆਂ ਅਤੇ ਟਹਿਣੀਆਂ ਦੇ ਰੂਪ ਵਿੱਚ ਖੜ੍ਹਾ ਹੁੰਦਾ ਹੈ, ਇਸੇ ਤਰ੍ਹਾਂ ਸ਼ਿਵਾ ਧਰਤੀ ਦੇ ਰੂਪ ਵਿੱਚ ਵਿਦਿਆਮਾਨ ਹੈ।

सर्वात्मापि परिच्छिन्नो यथा देहेषु वर्तते।

तथा स्वकीय-भक्तेषु शङ्करो भासते सदा।।७३।।

73. ਹਾਲਾਂਕਿ ਸ਼ੰਕਰ, ਇੱਕ ਸਰਵਉਚ ਮਾਲਕ, ਸਾਰੇ ਸੰਸਾਰ ਵਿੱਚ ਇੱਕ ਆਤਮਾਂ ਦੀ ਤਰ੍ਹਾਂ ਵਾਸ ਕਰਦਾ ਹੈ, ਫਿਰ ਵੀ ਉਹ ਇੱਕ ਭਗਤ ਦੇ ਕੰਵਲ-ਰੂਪੀ ਦਿਲ ਵਿੱਚ ਵੀ ਖਾਸ ਤੌਰ ਤੇ ਚਮਕਦਾ ਹੈ।

नित्यं भाति त्वदीयेषु या ते रुद्र शिवा तनू:।

अघोरा पापकाशीति श्रुतिराह सनातनी।।७४।।

74. ਉਸਦਾ ਕੈਲਾਸ਼, ਮੰਦਰਾ ਪਰਬਤ, ਹਿਮਾਲਿਆ, ਮੇਰੂ ਪਰਬਤ ਅਤੇ ਭਗਤਾਂ ਦੇ ਦਿਲਾਂ ਵਿੱਚ ਖਾਸ ਤੌਰ ਤੇ ਵਾਸ ਹੈ।

विशुद्धेषु विरक्तेषु विवेकिषु महात्मसु।

शिवस्तिष्ठति सर्वात्मा शिवलाञ्छन-धारिषु।।७५।।

75. ਜਿਵੇਂ ਕਿ ਸ਼ੰਕਰ, ਭਾਵੇਂ ਉਹ ਸਾਰਿਆਂ ਲਈ ਵੈਸ਼ਵਿਕ ਆਪੇ ਦਾ ਰੂਪ ਹੈ, ਉਹ ਸਾਰਿਆਂ ਦੇ ਸ਼ਰੀਰਾਂ ਵਿੱਚ ਵੀ ਵਾਸ ਕਰਦਾ ਹੈ, ਅਤੇ ਸਾਰੇ ਭਗਤਾਂ ਦੇ ਦਿਲਾਂ ਵਿੱਚ ਵੀ।

नित्यं सन्तोषयुक्तानां ज्ञाननिर्धूतकर्मणाम्।

माहेश्वराणामन्त:स्थो विभाति परमेश्वर:।।७६।।

76. ਇੱਕ ਪੌਰਾਣਿਕ ਸ਼ਰੁਤੀ ਵਿੱਚ ਕਿਹਾ ਗਿਆ ਹੈ, "ਹੇ ਰੁਦਰ, ਤੁਹਾਡਾ ਸ਼ਰੀਰ ਲਿੰਗ ਦੇ ਰੂਪ ਵਿੱਚ, ਜੋ ਕਿ ਸ਼ਾਂਤ ਹੈ ਅਤੇ ਜੋ ਦੋਸ਼ ਰਹਿਤ ਹੈ, ਜੋ ਤੁਹਾਨੂੰ ਸਮਰਪਿਤ ਹਨ ਉਹਨਾਂ ਵਿੱਚ ਚਮਕਦਾ ਹੈ।

अन्यत्र शम्भोरतिमात्र-शून्यो

निजेष्टलिङ्गे नियतान्तरात्मा।

शिवात्मकं विश्वमिदं विबुध्यन्

माहेश्वरोऽसौ भवति प्रसादी।।७७।।

77. ਸ਼ਿਵ ਜੋ ਕਿ ਵੈਸ਼ਵਿਕ ਆਤਮਾਂ ਹੈ, ਉਹਨਾਂ ਦੇ ਦਿਲਾਂ ਵਿੱਚ ਵਾਸ ਕਰਦਾ ਹੈ ਜੋ ਸ਼ੁੱਧ ਹਨ ਅਤੇ ਜੋ ਇਸ ਤੁੱਛ ਅਤੇ ਮਾਮੂਲੀ ਜ਼ਿੰਦਗੀ ਨਾਲ ਨਹੀਂ ਜੁੜੇ ਹਨ, ਉਹ ਮਹਾਨ ਇਨਸਾਨ ਜੋ ਅਲੱਗ ਹਨ, ਅਤੇ ਜੋ ਸ਼ਿਵ ਦੇ ਦਿੱਤੇ ਨਿਸ਼ਾਨਾਂ ਨਾਲ ਸਜੇ ਹੋਏ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

78. ਮਹਾਨ ਮਾਲਕ ਮਹੇਸ਼ਵਰਾਂ ਦੇ ਦਿਲਾਂ ਵਿੱਚ ਚਮਕਦਾ ਹੈ, ਜੋ ਹਮੇਸ਼ਾ ਸੰਤੁਸ਼ਟ ਹਨ ਅਤੇ ਜਿਨ੍ਹਾਂ ਦੇ ਕਰਮਾਂ ਦੇ ਫਲਾਂ ਨੂੰ ਗਿਆਨ ਨੇ ਨਸ਼ਟ ਕਰ ਦਿੱਤਾ ਹੈ।

79. ਇਹ ਮਹੇਸ਼ਵਰ ਜਿਸ ਦਾ ਸ਼ਿਵਾ ਤੋਂ ਬਿਨਾਂ ਕਿਸੇ ਹੋਰ ਦੇਵਤਿਆਂ ਨਾਲ ਕੋਈ ਸਬੰਧ ਨਹੀਂ, ਜਿਨ੍ਹਾਂ ਦਾ ਮਨ ਇਸ਼ਟਲਿੰਗ ਵਿੱਚ ਲੱਗਿਆ ਹੋਇਆ ਹੈ ਅਤੇ ਜੋ ਇਹ ਸੰਸਾਰ ਨੂੰ ਸ਼ਿਵਾ ਦੀ ਆਤਮਾਂ ਦੇਖਰੇਖ ਕਰਕੇ ਪ੍ਰਸ਼ਾਦਿਨ ਬਣ ਗਏ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਗਿਆਰਵਾਂ ਅਧਿਆਇ

उक्तो माहेश्वरः साक्षाल्लिङ्गनिष्ठादिधर्मवान्।
कथमेष प्रसादीति कथ्यते गणनायक!।।१।।

1. ਅਗਸਤਿਆ ਆਖਦੇ ਹਨ - ਮਹੇਸ਼ਵਰ ਬਾਰੇ ਐਲਾਨ ਕੀਤਾ ਹੋਇਆ ਹੈ ਕਿ ਮਹੇਸ਼ਵਰ ਉਹ ਹਨ ਜਿਨ੍ਹਾਂ ਦੀ ਦ੍ਰਿੜਤਾ ਇਸ਼ਟਲਿੰਗ ਨਾਲ ਜੁੜੇ ਹੋਣ ਕਰਕੇ ਬਣੀ ਹੋਈ ਹੈ। ਹੇ ਗਣਾਂ ਦੇ ਮਾਲਕ ਉਨ੍ਹਾਂ ਨੂੰ ਪ੍ਰਸਾਦਿਨ ਕਿਵੇਂ ਕਹਿੰਦੇ ਹਨ?

लिङ्गनिष्ठादिभावेन ध्वस्तपापनिबन्धनः।
मनः - प्रसादयोगेन प्रसादीत्येष कथ्यते।।२।।

2. ਉਹ ਮਹੇਸ਼ਵਰ ਜਿਸ ਦੇ ਪਾਪਾਂ ਦੇ ਬੰਧਨ ਇਸ਼ਟਲਿੰਗ ਪ੍ਰਤੀ ਦ੍ਰਿੜ-ਨਿਸਚੇ ਕਰਕੇ ਨਸ਼ਟ ਹੋਏ ਹਨ, ਉਹਨਾਂ ਨੂੰ ਮਨ ਦੀ ਸ਼ਾਂਤੀ ਕਰਕੇ ਪ੍ਰਸਾਦਿਨ ਕਹਿੰਦੇ ਹਨ।

प्रसादिस्थलमित्येतदस्य माहात्म्यबोधकम्।
अन्तरस्थलभेदेन सप्तधा परिकीर्तितम्।।३।।

3. ਇਹ ਪ੍ਰਸ਼ਾਦੀ ਸ਼ਥਲ ਜੋ ਉਹਨਾਂ ਦੀ ਮਹਾਨਤਾ ਨੂੰ ਦਰਸਾਉਂਦਾ ਹੈ, ਅੰਦਰਲੇ ਸਥਲਾਂ ਦੀ ਭਿੰਨਤਾ ਕਰਕੇ ਸੱਤ ਗੁਣਾ ਵਾਲਾ ਹੈ।

प्रसादिस्थलमादौ तु गुरुमाहात्म्यकं ततः।
ततो लिङ्गप्रशंसा च ततो जङ्गमगौरवम्।।४।।

4. ਇਹ ਸੱਤ ਗੁਣਾ ਵਾਲਾ ਹੈ

ततो भक्तस्य माहात्म्यं ततः शरणकीर्तनम्।
शिवप्रसादमाहात्म्यमिति सप्तप्रकारकम्।।५।।

5. ਇਹ ਹਨ - ੧) ਪ੍ਰਸ਼ਾਦੀਸਥਲਾ ੨) ਗੁਰੂਮਹੱਤਮਇਆਸਥਲਾ ੩) ਲਿੰਗਪ੍ਰਸ਼ਾਦਮਸਥਲਾ ੪) ਜੰਗਮਗੌਰਵਸਥਲਾ (ਜੰਗਮਮਹੱਤਮਇਆਸਥਲਾ)੫) ਭਗਤਾਮਹੱਤਮਿਆਸਥਲਾ ੬) ਸਰਨਕੀਰਤਨਸਥਲਾ (ਸਰਨਮਹੱਤਵਿਆਸਥਲਾ) ੭) ਪ੍ਰਸ਼ਾਦਮਮਹੱਤਮਾਇਆਸਥਲਤ (ਪ੍ਰਸ਼ਾਦਾ-ਮਹੱਤਵਸਥਲਾ)

क्रमाल्लक्षणमेतेषां कथयामि महामुने।
नैर्मल्यं मनसो लिङ्गं प्रसाद इति कथ्यते।।
शिवस्य लिङ्गरूपस्य प्रसादादेव सिद्धयति।।६।।

6. ਹੇ ਮਹਾਨ ਰਿਸ਼ੀ, ਹੁਣ ਮੈਂ ਇਹਨਾਂ ਦੀਆਂ ਵਿਸ਼ੇਸ਼ਤਾਵਾਂ ਇਸੇ ਕ੍ਰਮ ਅਨੁਸਾਰ ਦੱਸਾਂਗਾ। ਸ਼ੁੱਧਤਾ ਦੇ ਰੂਪ ਵਿੱਚ ਮਾਨਸਿਕ ਨਿਸ਼ਾਨੀ ਨੂੰ ਪ੍ਰਸ਼ਾਦ ਕਹਿੰਦੇ ਹਨ। ਇਹ ਇਸ਼ਟਲਿੰਗ ਦੇ ਰੂਪ ਵਿੱਚ ਸ਼ਿਵਾ ਦੀ ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

शिवप्रसादो यद्द्रव्यं शिवाय विनिवेदितम्।

निर्माल्यं तत्तु शैवानां मनोनैर्मल्यकारणम्।।७।।

7. ਜੋ ਚੀਜ਼ ਸ਼ਿਵਾ ਨੂੰ ਅਰਪਿਤ ਕੀਤੀ ਜਾਂਦੀ ਹੈ ਉਸ ਨੂੰ ਪ੍ਰਸਾਦ ਕਹਿੰਦੇ ਹਨ। ਅਰਪਿਤ ਕਰਨ ਤੋਂ ਬਾਅਦ ਬਚੀ ਹੋਈ ਚੀਜ਼ ਸ਼ਿਵ ਦੇ ਭਗਤ ਲਈ ਮਾਨਸਿਕ ਪਵਿੱਤਰਤਾ ਦਾ ਕਾਰਣ ਬਣਦੀ ਹੈ।

मनः प्रसादसिद्ध्यर्थं निर्मलज्ञानकारणम्।

शिवप्रसादं स्वीकुर्वन् प्रसादीत्येष कथ्यते।।८।।

8. ਸ਼ਿਵਾ ਦਾ ਪ੍ਰਸਾਦ ਗ੍ਰਹਿਣ ਕਰਕੇ, ਜੋ ਕਿ ਮਾਨਸਿਕ ਪਵਿੱਤਰਤਾ ਦਾ ਕਾਰਣ ਹੈ, ਮਨ ਦੀ ਸ਼ਾਤੀ ਪ੍ਰਾਪਤ ਕਰਨਾ ਹੀ ਪ੍ਰਸਾਦਿਨ ਹੁੰਦਾ ਹੈ।

अन्नशुद्ध्या हि सर्वेषां तत्त्वशुद्धिरुदाहृता।

विशुद्धमन्नजातं हि यच्छिवाय समर्पितम्।।९।।

9. ਸਭ ਦੇ ਸੰਦਰਵ ਵਿੱਚ ਭੋਜਨ ਦੀ ਪਵਿਤਰਤਾ ਤੋਂ ਹੀ ਸਿਧਾਂਤਾਂ ਦੀ ਪਵਿੱਤਰਤਾ ਦੱਸੀ ਗਈ ਹੈ। ਜੋ ਭੋਜਨ ਵੀ ਸ਼ਿਵਾ ਨੂੰ ਅਰਪਿਤ ਕੀਤਾ ਜਾਂਦਾ ਹੈ ਉਹ ਪਵਿੱਤਰ ਹੁੰਦਾ ਹੈ।

तदेव सर्वकालं तु भुञ्जानो लिङ्गतत्परः।

मनःप्रसादमतुलं लभते ज्ञानकारणम्।।१०।।

10. ਜੋ ਪ੍ਰਾਣੀ ਲਿੰਗ ਨੂੰ ਸਮਰਪਿਤ ਹੈ, ਹਰ ਸਮੇਂ ਇਸ ਨੂੰ ਗ੍ਰਹਿਣ ਕਰਦਾ ਹੈ ਅਤੇ ਅਸੀਮ ਮਨ ਦੀ ਸ਼ਾਂਤੀ ਪ੍ਰਾਪਤ ਕਰਦਾ ਹੈ, ਇਹੀ ਸ਼ਾਂਤੀ ਗਿਆਨ ਦਾ ਸਰੋਤ ਹੈ।

आत्मभोगाय नियतं यद्यद्द्रव्यं समाहितम्।

तत्तत् समर्प्य देवाय भुञ्जीतात्मविशुद्धये।।११।।

11. ਜੋ ਕੋਈ ਚੀਜ਼ ਵੀ ਆਪਣੇ ਮਨੋਰੰਜਨ ਲਈ ਪ੍ਰਾਪਤ ਕੀਤੀ ਜਾਂਦੀ ਹੈ, ਉਹ ਸਭ ਪਹਿਲਾਂ ਸ਼ਿਵ ਨੂੰ ਅਰਪਿਤ ਕਰਨੀ ਚਾਹੀਂਦੀ ਹੈ ਅਤੇ ਫਿਰ ਆਤਮਿਕ ਸ਼ੱਧਤਾ ਲਈ ਆਪ ਗ੍ਰਹਿਣ ਕਰਨੀ ਚਾਹੀਂਦੀ ਹੈ।

नित्यसिद्धेन देवेन भिषजा जन्मरोगिणाम्।

यद्यत् प्रसादितं भुक्त्वा तत्तज्जन्मरसायनम्।।१२।

12. ਜੋ ਵੀ ਚੀਜ਼ ਸ਼ਿਵ ਨੂੰ ਅਰਪਿਤ ਕਰਨ ਤੋਂ ਬਾਅਦ ਪ੍ਰਸਾਦ ਦੇ ਰੂਪ ਵਿੱਚ ਗ੍ਰਹਿਣ ਕੀਤੀ ਜਾਂਦੀ ਹੈ, ਉਹ ਸ਼ਿਵ ਜੋ ਕਿ ਇਸ਼ਟਲਿੰਗ ਜਾਂ ਸ਼ਿਵਲਿੰਗ ਵਿੱਚ ਸਦਾ ਵਿਦਿਅਮਾਨ ਰਹਿੰਦਾ ਹੈ ਅਤੇ ਜੋ ਆਵਾਗਮਨ ਦੇ ਦੋਸ਼ ਜਾਂ ਬਿਮਾਰੀ ਤੋਂ ਗ੍ਰਸ਼ਿਤ ਹੁੰਦੇ ਹਨ ਸ਼ਿਵ ਉਹਨਾਂ ਦਾ ਡਾਕਟਰ ਹੈ ਅਤੇ ਆਵਾਗਮਨ ਵਾਲਿਆਂ ਲਈ ਦਵਾਈ ਦਾ ਕੰਮ ਕਰਦਾ ਹੈ।

आरोग्यकारणं पुंसामन्तःकरणशुद्धिदम्।

तापत्रयमहारोग - समुद्धरणभेषजम्।।१३।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

13. ਸ਼ਿਵਾ ਦਾ ਪ੍ਰਸਾਦ ਚੰਗੀ ਸਿਹਤ ਲਈ ਹੈ, ਇਨਸਾਨ ਦੀਆਂ ਇੰਦਰੀਆਂ ਲਈ ਸ਼ੱਧਤਾ ਦਾ ਕੰਮ ਕਰਦਾ ਹੈ, ਮਨੁੱਖ ਲਏ ਤਿੰਨ ਪਾਪਾਂ ਤੋਂ ਉਭਾਰਨ ਲਈ ਇੱਕ ਦਵਾਈ ਹੈ, ਸ਼ੁੱਧ ਗਿਆਨ ਦਾ ਸਾਧਨ ਹੈ, ਇਨਸਾਨਾਂ ਨੂੰ ਗਿਰਨ ਤੋਂ ਬਚਾਉਣ ਦਾ ਸਾਧਨ ਹੈ,

विद्यावैशद्यकरणं विनिपातविघातनम्।

द्वारं ज्ञानावतारस्य मोहोच्छेदस्य कारणम्।।१४।।

14. ਗਿਆਨ ਦੀ ਖੋਜ ਦਰਵਾਜਾ ਹੈ, ਭਰਮ ਨੂੰ ਦੂਰ ਕਰਨ ਦਾ ਸਾਧਨ ਹੈ, ਤਿਆਗ ਦੀ ਦੌਲਤ ਦਾ ਸਾਧਨ ਹੈ,

वैराग्यसम्पदो मूलं महानन्दप्रवर्धनम्।

दुर्लभं पापचित्तानां सुलभं शुद्धकर्मणाम्।।१५।।

15. ਆਸ਼ੀਸ਼ ਵਧਾਉਣ ਵਾਲਾ ਹੈ, ਉਹਨਾਂ ਲਈ ਦੁਰਲਭ ਹੈ ਜੋ ਪਾਪਾਂ ਵਿੱਚ ਗ੍ਰਸਿਤ ਹਨ, ਸਾਫ ਮਨ ਵਾਲਿਆਂ ਲਈ ਸੁਲਭ ਹੈ, ਅਤੇ ਜੋ ਬ੍ਰਹਮਾਂ, ਵਿਸ਼ਨੂ ਅਤੇ ਵਸ਼ਿਸ਼ਟ ਰਿਸ਼ੀ ਆਦਿ ਨੂੰ ਮਿਲਿਆ ਹੋਇਆ ਹੈ।

आदृतं ब्रह्मविष्ण्वाद्यैर्वसिष्ठाद्यैश्च तापसैः।

शिवस्वीकृतमन्नाद्यं स्वीकार्यं सिद्धिकांक्षिभिः।।१६।।

16. ਉਹ ਖਾਣਾਂ ਜੋ ਸ਼ਿਵ ਨੇ ਗ੍ਰਹਿਣ ਕੀਤਾ ਹੁੰਦਾ ਹੈ ਉਹਨਾਂ ਨੂੰ ਗ੍ਰਹਿਣ ਕਰਨਾ ਚਾਹੀਂਦਾ ਹੈ ਜੋ ਚੰਗੇ ਕਰਮਾਂ ਦੀ ਇੱਛਾ ਰੱਖਦੇ ਹਨ।

पत्रं पुष्पं फलं तोयं यच्छिवाय निवेदितम्।

तत्तत् - स्वीकारयोगेन सर्वपापक्षयो भवेत्।।१७।।

17. ਪੱਤੇ, ਫੁੱਲ, ਫਲ ਆਦਿ ਜੋ ਵੀ ਸ਼ਿਵ ਨੂੰ ਸਮਰਪਿਤ ਹੈ ਉਸ ਨੂੰ ਸਵੀਕਾਰ ਕਰਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

यथा शिवप्रसादान्नं स्वीकार्यं लिङ्गतत्परैः।

तथा गुरोः प्रसादान्नं तथैव शिवयोगिनाम्।।१८।।

18. ਸ਼ਿਵ ਦੀ ਅਰਾਧਨਾ ਲਈ ਤਤਪਰ ਲੋਕਾਂ ਦੁਆਰਾ ਜਿਵੇਂ ਹੀ ਸ਼ਿਵ ਦਾ ਪ੍ਰਸਾਦ ਰੂਪੀ ਭੋਜਨ ਸਵੀਕਾਰ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਗੁਰੂ ਅਤੇ ਸ਼ਿਵਯੋਗੀਆਂ ਦਾ ਪ੍ਰਸਾਦ ਸਵੀਕਾਰ ਹੋਣਾ ਚਾਹੀਂਦਾ ਹੈ।

गुरुरेवात्र सर्वेषां कारणं सिद्धिकर्मणाम्।

गुरुरूपो महादेवो यतः साक्षादुपस्थितः।।१९।।

19. ਇਸ ਸਾਰੇ ਜਗਤ ਵਿੱਚ ਸਾਰੇ ਸਿੱਧ ਕੰਮਾਂ ਦਾ ਕਾਰਣ ਗੁਰੂ ਹੀ ਹੈ ਕਿਉਂਕਿ ਗੁਰੂ ਦੇ ਰੂਪ ਵਿੱਚ ਸਾਕਸ਼ਾਤ ਮਹਾਂਦੇਵ ਉਪਸਥਿਤ ਹੁੰਦੇ ਹਨ।

निष्कलो हि महादेवो नित्यज्ञानमहोदधिः।

सकलो गुरुरूपेण सर्वानुग्राहको भवेत्।।२०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

20. ਮਹਾਨ ਸ਼ਿਵ ਜੋ ਕਿ ਬਿਨਾਂ ਅੰਗਾਂ ਤੋਂ ਹਨ ਅਤੇ ਜੋ ਗਿਆਨ ਦੇ ਸਮੁੰਦਰ ਹਨ ਗੁਰੁ, ਜਿਨ੍ਹਾਂ ਕੋਲ ਅੰਗ ਹਨ, ਦੇ ਰੂਪ ਵਿੱਚ ਸਭਨਾਂ ਦਾ ਭਲਾ ਕਰਦੇ ਹਨ।

**यः शिवः स गुरुर्ज्ञेयो यो गुरुः स शिवः स्मृतः।**

**न तयोरन्तरं कुर्यात् ज्ञानावाप्तौ महामतिः।।२१।।**

21. ਸਾਨੂੰ ਇਹ ਜਾਣ ਲੈਣਾ ਚਾਹੀਂਦਾ ਹੈ ਕਿ ਸ਼ਿਵ ਹੀ ਗੁਰੁ ਹੈ ਅਤੇ ਗੁਰੁ ਹੀ ਸ਼ਿਵ ਹੈ, ਸਿਆਣਿਆਂ ਲੋਕਾਂ ਨੂੰ ਗਿਆਨ ਦੀ ਪ੍ਰਾਪਤੀ ਲਈ ਇਹਨਾਂ ਦੋਵਾਂ ਵਿੱਚ ਕੋਈ ਫਰਕ ਨਹੀਂ ਕਰਨਾ ਚਾਹੀਂਦਾ।

**हस्तपादादिसाम्येन नेतरैः सदृशं वदेत्।**

**आचार्यं ज्ञानदं शुद्धं शिवरूपतया स्थितम्।।२२।।**

22. ਗੁਰੁ ਗਿਆਨ ਦੇਣ ਵਾਲਾ ਅਧਿਆਪਕ ਹੈ, ਪਵਿੱਤਰ ਹੈ, ਅਤੇ ਸ਼ਿਵ ਦਾ ਹੀ ਰੂਪ ਹੈ। ਸਾਨੂੰ ਗੁਰੁ ਨੂੰ ਆਮ ਲੋਕਾਂ ਦੇ ਬਰਾਬਰ ਇਸ ਆਧਾਰ ਤੇ ਨਹੀਂ ਸਮਝਣਾ ਚਾਹੀਂਦਾ ਕਿਉਂਕਿ ਗੁਰੁ ਦੇ ਵੀ ਅੰਗ ਪੈਰ ਹਨ।

**आचार्यस्यावमानेन श्रेयःप्राप्तिर्विहन्यते।**

**तस्मान्निःश्रेयसप्राप्त्यै पूजयेत् तं समाहितः।।२३।।**

23. ਗੁਰੁ ਜਾਂ ਆਚਾਰਿਆ ਦਾ ਨਿਰਾਦਰ ਕਰਨ ਤੇ ਮੋਕਸ਼ ਲਾਭ ਵਿੱਚ ਵਿਘਨ ਪੈਂਦਾ ਹੈ, ਇਸ ਲਈ ਮੋਕਸ਼ ਦੀ ਪ੍ਰਾਪਤੀ ਲਈ ਗੁਰੁ ਦੀ ਪੂਜਾ ਇਕ ਮਨ ਇੱਕ ਚਿੱਤ ਹੋ ਕੇ ਕਰਨੀਂ ਚਾਹੀਂਦੀ ਹੈ।

**गुरुभक्तिविहीनस्य शिवभक्तिर्न जायते।**

**ततः शिवे यथा भक्तिस्तथा भक्तिर्गुरावपि।।२४।।**

24. ਜੋ ਪ੍ਰਾਣੀ ਗੁਰੁ ਦੀ ਭਗਤੀ ਜਾਂ ਪੂਜਾ ਤੋਂ ਰਹਿਤ ਹੈ ਤਾਂ ਉਸ ਵਿੱਚ ਸ਼ਿਵ ਦੀ ਭਗਤੀ ਨਹੀਂ ਜਾਗ ਸਕਦੀ, ਇਸ ਲਈ ਜਿਵੇਂ ਉਸ ਦੇ ਮਨ ਵਿੱਚ ਸ਼ਿਵ ਲਈ ਭਗਤੀ ਹੈ ਉਸੇ ਤਰਾਂ ਗੁਰੁ ਲਈ ਵੀ ਭਗਤੀ ਹੋਣੀ ਚਾਹੀਂਦੀ ਹੈ।

**गुरुमाहात्म्ययोगेन निजज्ञानातिरेकतः।**

**लिङ्गस्यापि च माहात्म्यं सर्वोत्कृष्टं विभाव्यते।।२५।।**

25. ਗਿਆਨ ਵਿੱਚ ਵਾਧਾ ਹੋਣ ਕਰਕੇ ਗੁਰੁ ਦੀ ਮਹਿਮਾਂ ਅਤੇ ਲਿੰਗ ਦੀ ਮਹਾਨਤਾ ਵੀ ਉਚ ਪੱਧਰ ਤੇ ਮਹਿਸੂਸ ਹੁੰਦੀ ਹੈ।

**शिवस्य बोधलिङ्गं यद् गुरुबोधितचेतसा।**

**तदेव लिङ्गं विज्ञेयं शाङ्करं सर्वकारणम्।।२६।।**

26. ਗੁਰੁ ਦੁਆਰਾ ਗਿਆਨ ਦੇਣ ਤੇ ਮਨ ਵਿੱਚ ਚਾਨਣ ਪੈਦਾ ਹੁੰਦਾ ਹੈ ਅਤੇ ਸ਼ਿਵ, ਜੋ ਕਿ ਗਿਆਨ ਦਾ ਚਿੰਨ ਹੈ ਅਤੇ ਜਿਸ ਨੂੰ ਸ਼ਿਵ ਲਿੰਗ ਕਹਿੰਦੇ ਹਨ, ਦਾ ਗਿਆਨ ਹੁੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

परं पवित्रममलं लिङ्गं ब्रह्म सनातनम्।
शिवाभिधानं चिन्मात्रं सदानन्दं निरङ्कुशम्।।२७।।

27. ਬਿਨਾਂ ਗੁਰੂ ਦੀ ਕਿਰਪਾ ਦੇ ਲਿੰਗ(ਜੋ ਪੁਰਾਤਨ ਬ੍ਰਹਮਾਂ ਹੈ) ਦੀ ਸੋਝੀ ਕਿਵੇਂ ਹੋ ਸਕਦੀ ਹੈ।

कारणं सर्वलोकानां वेदानामपि कारणम्।
पूरणं सर्वतत्त्वस्य तारणं जन्मवारिधेः।।२८।।

28. ਸ਼ਿਵ ਨਾਮਕ ਲਿੰਗ ਪਰਮ ਪਵਿੱਤਰ, ਨਿਰਮਲ, ਸਨਾਤਨ, ਬ੍ਰਹਮਾਂ, ਚਿੰਨਮਾਤਰ, ਸਦਾਨੰਦ, ਆਸ਼ੀਸ਼ ਸਹਿਤ, ਸਾਰੇ ਲੋਕਾਂ ਦਾ ਕਾਰਣ, ਵੇਦਾਂ ਦਾ ਵੀ ਕਾਰਣ, ਸਾਰੇ ਤੱਤਾਂ ਦਾ ਪੂਰਕ, ਜਨਮਰੂਪੀ ਸਮੁੰਦਰ ਤੋਂ ਪਾਰ ਲੈ ਜਾਣ ਵਾਲਾ, ਜਯੋਤੀਮਈ,

ज्योतिर्मयमनिर्देश्यं योगिनामात्मनि स्थितम्।
कथं विज्ञायते लोके महागुरुदयां विना?।।२९।।

29. ਬਿਨਾਂ ਕਿਸੇ ਨਿਰਦੇਸ਼ ਦੇ ਕੰਮ ਕਰਨ ਵਾਲਾ ਅਤੇ ਯੋਗੀਆਂ ਦੇ ਹਿਰਦੇ ਵਿੱਚ ਵਾਸ ਕਰਨ ਵਾਲਾ ਹੈ।

ब्रह्मणा विष्णुना पूर्वं यल्लिङ्गं ज्योतिरात्मकम्।
अपरिच्छेद्यमभवत् केन वा परिचोद्यते?।।३०।।

30. ਜਿਸ ਜਯੋਤੀਸਰਵਰੂਪ ਲਿੰਗ ਦਾ ਪ੍ਰਾਚੀਨ ਕਾਲ ਵਿੱਚ ਬ੍ਰਹਮਾਂ ਅਤੇ ਵਿਸ਼ਣੂ ਨੇ ਪਾਰ ਨਹੀਂ ਪਾਇਆ ਉਸ ਨੂੰ ਕੌਣ ਜਾਣ ਸਕਦਾ ਹੈ।

बहुनात्र किमुक्तेन? लिङ्गं ब्रह्म सनातनम्।
योगिनो यत्र लीयन्ते मुक्तपाशनिबन्धनाः।।३१।।

31. ਬਹੁਤ ਜਿਆਦਾ ਕਹਿਣ ਨਾਲ ਕੀ ਲਾਭ? ਇਹ ਲਿੰਗ ਰੂਪੀ ਬ੍ਰਹਮਾਂ ਸਨਾਤਨ ਹੈ, ਯੋਗੀ ਲੋਕ ਬੰਧਨਾਂ ਤੋਂ ਮੁਕਤ ਹੋ ਕੇ ਉਸ ਵਿੱਚ ਲੀਨ ਹੋ ਜਾਂਦੇ ਹਨ।

पीठिका परमा शक्तिर्लिङ्गं साक्षात् परः शिवः।
शिवशक्तिसमायोगं विश्वं लिङ्गं तदुच्यते।।३२।।

32. ਪੀਠਿਕਾ ਪਰਮ ਸ਼ਕਤੀ ਹੈ ਅਤੇ ਲਿੰਗ ਸਾਕਸ਼ਾਤ ਸ਼ਿਵ ਹੈ। ਸ਼ਿਵ ਅਤੇ ਸ਼ਕਤੀ ਦਾ ਸਮਾਯੋਗ ਵਿਸ਼ਵ ਲਿੰਗ ਕਹਾਉਂਦਾ ਹੈ।

ब्रह्मादयः सुराः सर्वे मुनयः शौनकादयः।
शिवलिङ्गार्चनादेव स्वं स्वं पदमवाप्नुयुः।।३३।।

33. ਸਮਸਤ ਦੇਵਤਿਆਂ, ਬ੍ਰਹਮਾਂ ਆਦਿ ਰਿਸ਼ੀਆਂ, ਸ਼ੌਨਕ ਆਦਿ ਨੇ ਸ਼ਿਵਲਿੰਗ ਦੀ ਪੂਜਾ ਨਾਲ ਹੀ ਇਹਨਾਂ ਪਦਾਂ ਦੀ ਪ੍ਰਾਪਤੀ ਕੀਤੀ ਹੈ।

विश्वाधिपत्वमीशस्य लिङ्गमूर्तेः स्वभावजम्।
अनन्यदेवसादृश्यं श्रुतिराह सनातनी।।३४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

34. ਲਿੰਗਰੂਪੀ ਈਸ਼ਵਰ ਦਾ ਵਿਸ਼ਵਿਕ ਹੋਣਾ ਕੁਦਰਤੀ ਹੈ। ਇਸਦੇ ਬਰਾਬਰ ਵਿਸ਼ਵਿਕ ਕੋਈ ਨਹੀ ਇਹ ਸਭ ਸਨਾਤਨੀ ਸ਼ਰੁਤੀ ਅਰਥਾਤ ਵੇਦਾਂ ਵਿੱਚ ਕਿਹਾ ਗਿਆ ਹੈ।

**गुरुशिष्यसमारूढलिङ्गमाहात्म्य - सम्पदः।**

**सर्वं चिद्रूपविज्ञानाज्जङ्गमाधिक्यमुच्यते।।३५।।**

35. ਗੁਰੁ ਅਤੇ ਚੇਲੇ ਦੇ ਵਿਚ ਉਤਪੰਨ ਲਿੰਗਮਹਾਤਮਿਆ ਦੀ ਸੰਪਤੀ ਦੀ ਅਪੇਕਸ਼ਾ ਵਿਗਿਆਨ ਦੇ ਕਾਰਨ ਜੰਗਮ ਲਿੰਗ ਦਾ ਮਹਾਤਮਿਆ ਜਿਆਦਾ ਮੰਨਿਆ ਗਿਆ ਹੈ।

**जानन्त्यतिशयाद्ये तु शिवं विश्वप्रकाशकम्।**

**स्वस्वरूपतया ते तु जङ्गमा इति कीर्तिताः।।३६।।**

36. ਜੋ ਲੋਕ ਵਿਸ਼ਵ ਦੇ ਪ੍ਰਕਾਸ਼ਕ ਸ਼ਿਵ ਨੂੰ ਅੰਦਰੂਨੀ ਤੌਰ ਤੇ ਜਾਣਦੇ ਹਨ ਉਹਨਾਂ ਨੂੰ ਜੰਗਮ ਕਿਹਾ ਜਾਂਦਾ ਹੈ।

**ये पश्यन्ति जगज्जालं चिद्रूपं शिवयोगतः।**

**निर्धूतमलसंस्पर्शास्ते स्मृताः शिवयोगिनः।।३७।।**

37. ਜੋ ਲੋਕ ਕਿਸੇ ਵੀ ਤਰ੍ਹਾਂ ਦੀ ਅਸ਼ੁੱਧਤਾ ਤੋਂ ਆਜ਼ਾਦ ਹਨ ਅਤੇ ਇਸ ਸੰਸਾਰ ਦੇ ਜਾਲ ਨੂੰ ਸ਼ਿਵ ਦੇ ਨਾਲ ਸਬੰਧ ਹੋਣ ਕਰਕੇ ਇਕ ਸਰਵਉੱਚ ਗਿਆਨ ਦੇ ਸੁਭਾਅ ਦਾ ਮੰਨਦੇ ਹਨ, ਉਹਨਾਂ ਨੂੰ ਸ਼ਿਵਯੋਗੀ ਕਹਿੰਦੇ ਹਨ।

**घोरसंसारतिमिरपरिध्वंसन - कारणम्।**

**येषामस्ति शिवज्ञानं ते मताः शिवयोगिनः।।३८।।**

38. ਜਿਨ੍ਹਾਂ ਨੂੰ ਉਸ ਸ਼ਿਵ ਦਾ ਗਿਆਨ ਹੈ ਜੋ ਜਨਮ ਮਰਣ ਦੇ ਚੱਕਰ ਦੇ ਹਨੇਰੇ ਨੂੰ ਦੂਰ ਕਰਨ ਦਾ ਸ੍ਰੋਤ ਹੈ, ਉਹਨਾਂ ਨੂੰ ਵੀ ਸ਼ਿਵਯੋਗੀ ਕਹਿੰਦੇ ਹਨ।

**जितकामा जितक्रोधा मोहग्रन्थिविभेदिनः।**

**समलोष्टाश्मकनकाः साधवः शिवयोगिनः।।३९।।**

39. ਸ਼ਿਵਯੋਗੀ ਉਹ ਪਵਿੱਤਰ ਲੋਕ ਹਨ ਜਿਨ੍ਹਾਂ ਨੇ ਇੱਛਾਵਾਂ ਅਤੇ ਗੁੱਸੇ ਨੂੰ ਜਿੱਤ ਲਿਆ ਹੈ, ਭਰਮ ਦੇ ਜਾਲ ਨੂੰ ਤੋੜ ਦਿੱਤਾ ਹੈ, ਜਿਨ੍ਹਾਂ ਲਈ ਮਿੱਟੀ ਦਾ ਢੇਲਾ, ਪੱਥਰ ਅਤੇ ਸੋਨਾਂ ਇੱਕੋ ਜਿਹੇ ਹਨ।

**समाः शत्रौ च मित्रे च साक्षात्कृतशिवात्मकाः।**

**निःस्पृहा निरहङ्कारा वर्तन्ते शिवयोगिनः।।४०।।**

40. ਸ਼ਿਵਯੋਗੀਆਂ ਲਈ ਵੈਰੀ ਅਤੇ ਮਿੱਤਰ ਇੱਕ ਸਮਾਨ ਹਨ, ਉਹਨਾਂ ਨੇ ਆਪਣੇ ਅੰਦਰ ਸ਼ਿਵ ਨੂੰ ਮਹਿਸੂਸ ਕੀਤਾ ਹੈ, ਉਹ ਲੋਕ ਲਾਲਚ ਅਤੇ ਹਉਮੈਂ ਤੋਂ ਆਜ਼ਾਦ ਹਨ।

**दुर्लभं हि शिवज्ञानं दुर्लभं शिवचिन्तनम्।**

**येषामेतद्द्वयं चास्ति ते हि साक्षाच्छिवात्मकाः।।४१।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

41. ਸ਼ਿਵ ਦਾ ਗਿਆਨ ਦੁਰਲਭ ਹੈ, ਸ਼ਿਵ ਦਾ ਧਿਆਨ ਦੁਰਲਭ ਹੈ ਅਤੇ ਜਿਨ੍ਹਾਂ ਕੋ ਇਹ ਦੋਨੋਂ ਹਨ ਉਹ ਸ਼ਿਵਸਵਰੂਪ ਹਨ।

पादाग्ररेणवो यत्र पतन्ति शिवयोगिनाम्।

तदेव सदनं पुण्यं पावनं गृहमेधिनाम्।।४२।।

42. ਸ਼ਿਵਯੋਗੀਆਂ ਦੇ ਪੈਰਾਂ ਦੀ ਧੂੜ ਜਿੱਥੇ ਡਿਗਦੀ ਹੈ, ਗ੍ਰਹਿਸਥੀਆਂ ਦਾ ਉਹ ਘਰ ਪਵਿੱਤਰ ਅਤੇ ਪੁੰਨ ਲੈਣ ਵਾਲਾ ਹੋ ਜਾਂਦਾ ਹੈ। ਸ਼ਿਵਯੋਗੀਆਂ ਦਾ ਦਰਸ਼ਨ ਪੁਰਸ਼ਾਂ ਲਈ ਪ੍ਰਾਪਤੀਆਂ ਦਾ ਕਾਰਣ ਬਣਦਾ ਹੈ।

सर्वसिद्धिकरं पुंसां दर्शनं शिवयोगिनाम्।

स्पर्शनं पापशमनं पूजनं मुक्ति - साधनम्।।४३।।

43. ਉਹਨਾਂ ਦਾ ਸ਼ਪਰਸ਼ ਪਾਪਾਂ ਦਾ ਨਾਸ਼ ਕਰਨ ਵਾਲਾ ਅਤੇ ਪੂਜਾ ਮੁਕਤੀ ਦੇਣ ਵਾਲੀ ਹੁੰਦੀ ਹੈ।

महतां शिवतात्पर्य - वेदिनामनुमोदिनाम्।

किं वा फलं न सिद्ध्येत सम्पर्काच्छिवयोगिनाम्?।।४४।।

44. ਉਹ ਜੰਗਮ ਜੋ ਸ਼ਿਵ ਦਾ ਗਿਆਨ ਰੱਖਣ ਵਾਲੇ ਹਨ ਅਤੇ ਸ਼ਿਵ ਦੀ ਆਸ਼ੀਸ਼ ਦਾ ਆਨੰਦ ਮਾਣਦੇ ਹਨ, ਉਹਨਾਂ ਤੋਂ ਕਿਸ ਕਿਸ ਤਰਾਂ ਦਾ ਫਲ ਪ੍ਰਾਪਤ ਨਹੀਂ ਹੋ ਸਕਦਾ? (ਆਰਥਾਤ ਸਾਰੇ ਤਰ੍ਹਾਂ ਦੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ)।

गुरोर्लिङ्गस्य माहात्म्यकथनाच्छिवयोगिनाम्।

सिद्धं भक्तस्य माहात्म्यं तथाप्येष प्रशस्यते।।४५।।

45. ਹਾਲਾਂਕਿ ਗੁਰੁ, ਲਿੰਗ ਅਤੇ ਸ਼ਿਵਯੋਗੀਆਂ ਦੀ ਮਹਿਮਾਂ ਦਾ ਵਰਣਨ ਕਰਨ ਨਾਲ ਭਗਤਾਂ ਦਾ ਮਹੱਤਵ ਸਿੱਧ ਹੋ ਜਾਂਦਾ ਹੈ, ਫਿਰ ਵੀ ਇਸ ਭਗਤ ਦੀ ਪ੍ਰਸੰਸਾ ਇਹਨਾਂ ਸ਼ਲੋਕਾਂ ਵਿੱਚ ਕੀਤੀ ਗਈ ਹੈ।

ये भजन्ति महादेवं परमात्मानमव्ययम्।

कर्मणा मनसा वाचा ते भक्ता इति कीर्तिताः।।४६।।

46. ਜੋ ਲੋਕ ਪਰਮਆਤਮਾਂ ਅਤੇ ਸਰਵਉਚ ਭਗਵਾਨ ਦੀ ਪੂਜਾ ਆਪਣੇ ਮਨ ਅਤੇ ਜੀਭ ਨਾਲ ਕਰਮ ਨਾਲ ਕਰਦੇ ਹਨ, ਉਹਨਾਂ ਨੂੰ ਭਗਤ ਕਿਹਾ ਗਿਆ ਹੈ।

दुर्लभा हि शिवे भक्तिः संसारभयतारिणी।

सा यत्र वर्तते साक्षात् स भक्तः परिगीयते।।४७।।

47. ਸੰਸਾਰ ਰੂਪੀ ਡਰ ਤੋਂ ਪਾਰ ਲੈ ਜਾਣ ਵਾਲੀ ਸ਼ਿਵਭਗਤੀ ਦੁਰਲਭ ਹੈ, ਇਹ ਜਿਸਦੇ ਅੰਦਰ ਹੈ ਉਸਨੂੰ ਸਾਕਸ਼ਾਤ ਭਗਤ ਕਿਹਾ ਜਾਂਦਾ ਹੈ।

किं वेदैः किं ततः शास्त्रैः किं यज्ञैः किं तपोव्रतैः।

नास्ति चेच्छाङ्करी भक्तिर्देहिनां जन्मरोगिणाम्।।४८।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

48. ਜਨਮਰੂਪੀ ਰੋਗ ਤੋਂ ਗ੍ਰਸਤ ਦੇਹਧਾਰੀ ਮਨੁੱਖਾਂ ਦੇ ਅੰਦਰ ਜੇਕਰ ਸ਼ਿਵ ਪ੍ਰਤੀ ਭਗਤੀ ਹੀ ਨਹੀਂ ਹੈ ਤਾਂ ਫਿਰ ਉਹਨਾਂ ਦੁਆਰਾ ਪੜ੍ਹੇ ਗਏ ਵੇਦ, ਸ਼ਾਸ਼ਤਰ, ਉਹਨਾਂ ਦੁਆਰਾ ਕੀਤੇ ਗਏ ਯੱਗ ਤਪੱਸਿਆ ਅਤੇ ਵਰਤ ਆਦਿ ਦਾ ਕੀ ਲਾਭ? ਅਰਥਾਤ ਸ਼ਿਵ ਭਗਤੀ ਤੋਂ ਬਿਨ੍ਹਾਂ ਸਭ ਵਿਅਰਥ ਹੈ।

शिवभक्तिविहीनस्य सुकृतं चापि निष्फलम्।
विपरीतफलं च स्याद् दक्षस्यापि महाध्वरे।।४९।।

49. ਜੋ ਸ਼ਿਵਭਗਤੀ ਤੋਂ ਰਹਿਤ ਹੈ ਉਸਦਾ ਕੀਤਾ ਪੁੰਨ ਵੀ ਨਿਫਲ ਹੁੰਦਾ ਹੈ। ਦਕਸ਼ ਨੂੰ ਵੀ ਆਪਣੇ ਕੀਤੇ ਮਹਾਂਯੱਗ ਤੋਂ ਉਲਟਾ ਫਲ ਮਿਲਿਆ ਸੀ।

अत्यन्तपापकर्मापि शिवभक्त्या विशुद्ध्यति।
चण्डो यथा पुरा भक्त्या पितृहापि शिवोऽभवत्।।५०।।

50. ਅਤਿਅੰਤ ਪਾਪ ਕਰਨ ਵਾਲਾ ਵੀ ਸ਼ਿਵਭਗਤੀ ਕਰਕੇ ਸ਼ੁੱਧ ਹੋ ਜਾਂਦਾ ਹੈ। ਜਿਵੇਂਕਿ ਪ੍ਰਾਚੀਨਕਾਲ ਵਿੱਚ ਆਪਣੇ ਪਿਤਾ ਨੂੰ ਮਾਰਨ ਵਾਲਾ ਚੰਡ ਵੀ ਸ਼ਿਵਭਗਤੀ ਦੁਆਰਾ ਸ਼ਿਵਸਵਰੂਪ ਹੋ ਗਿਆ ਸੀ।

सुकृतं दुष्कृतं चापि शिवभक्तस्य नास्ति हि।
शिवभक्तिविहीनानां कर्मपाशनिबन्धनम्।।५१।।

51. ਸ਼ਿਵ ਭਗਤ ਦੇ ਲਈ ਨਾਂ ਪੁੰਨ ਹੈ ਤੇ ਨਾਂ ਪਾਪ। ਕਰਮਾਂ ਦਾ ਬੰਧਨ ਕੇਵਲ ਸ਼ਿਵਭਗਤੀ ਤੋਂ ਰਹਿਤ ਜੀਵਾਂ ਲਈ ਹੈ।

शिवाश्रितानां जन्तूनां कर्मणा नास्ति सङ्गमः।
वाजिनां दिननाथस्य कथं तिमिरजं भयम्?।।५२।।

52. ਸ਼ਿਵ ਦੇ ਉਪਰ ਨਿਰਭਰ ਜੀਵਾਂ ਨੂੰ ਕਰਮਾਂ ਦਾ ਫਲ ਨਹੀਂ ਮਿਲਦਾ। ਸੂਰਜ ਦੇ ਘੋੜਿਆਂ ਨੂੰ ਅੰਧਕਾਰ ਦਾ ਡਰ ਕਿਵੇਂ ਹੋ ਸਕਦਾ ਹੈ।

निरोद्धुं न क्षमं कर्म शिवभक्तान् विशृङ्खलान्।
कथं मत्तगजान् रुन्ध्येच्छृङ्खला बिसतन्तुजा?।।५३।।

53. ਜੋ ਸ਼ਿਵਭਗਤ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹਨ ਉਹਨਾਂ ਨੂੰ ਕਰਮ ਨਹੀਂ ਰੋਕ ਸਕਦੇ। ਕੰਵਲ ਦੇ ਰੇਸ਼ੇ ਦੇ ਬਣੇ ਸੰਗਲ ਮਤਵਾਲੇ ਹਾਥੀ ਨੂੰ ਕਿਵੇਂ ਰੋਕ ਸਕਦੇ ਹਨ?

ब्राह्मणः क्षत्रियो वापि वैश्यो वा शूद्र एव वा।
अन्त्यजो वा शिवे भक्तः शिववन्मान्य एव सः।।५४।।

54. ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਜਾਂ ਸਮਾਜ ਵਿੱਚ ਸਭ ਤੋਂ ਛੋਟੇ ਲੋਕ ਵੀ ਜੇਕਰ ਸ਼ਿਵ ਦੇ ਪ੍ਰਤੀ ਭਗਤੀ ਰੱਖਦੇ ਹਨ ਤਾਂ ਉਹਨਾਂ ਨੂੰ ਵੀ ਸ਼ਿਵ ਦ ਸਮਾਨ ਮੰਨਿਆਂ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

शिवभक्तिसमावेशे क्व जातिपरिकल्पना?।
इन्धनेष्वग्निदग्धेषु को वा भेदः प्रकीर्त्यते?।।५५।।

55. ਸ਼ਿਵ ਭਗਤੀ ਦਾ ਸਮਾਵੇਸ਼ ਹੋ ਜਾਣ ਤੋਂ ਬਾਅਦ ਜਾਤ-ਪਾਤ ਦੀ ਕਲਪਲਾਂ ਕਿੱਥੇ ਸੰਭਵ ਹੋ ਸਕਦੀ ਹੈ? ਜਦੋਂ ਅਲੱਗ ਅਲੱਗ ਤਰ੍ਹਾਂ ਦੀਆਂ ਲੱਕੜੀਆਂ ਨੂੰ ਅੱਗ ਵਿੱਚ ਜਲਾਇਆ ਜਾਂਦਾ ਹੈ ਤਾਂ ਉਹਨਾਂ ਵਿੱਚ ਕਿਸੇ ਤਰ੍ਹਾਂ ਦਾ ਅੰਤਰ ਕਿਵੇਂ ਰਹਿ ਸਕਦਾ ਹੈ।

शुद्धा नियमसंयुक्ताः शिवार्पित-फलागमाः।
अर्चयन्ति शिवं लोके विज्ञेयास्ते गणेश्वराः।।५६।।

56. ਸ਼ੁੱਧ, ਨਿਯਮ ਨਾਲ ਬੰਨ੍ਹਾਂ ਹੋਏ ਅਤੇ ਆਪਣੀ ਅਰਚਨਾ ਦਾ ਫਲ ਸ਼ਿਵ ਨੂੰ ਅਰਪਿਤ ਕਰਨ ਵਾਲੇ ਜੋ ਲੋਕ ਸ਼ਿਵ ਦੀ ਅਰਚਨਾ ਪੂਜਾ ਕਰਦ ਹਨ ਤਾਂ ਉਹਨਾਂ ਨੂੰ ਗਨੇਸ਼ਵਰ(ਰੁਦਰ) ਕਿਹਾ ਜਾਂਦਾ ਹੈ।

गुरुलिङ्गादिमाहात्म्यबोधान्वेषण – सङ्गतः।
सर्वात्मना शिवापत्तिः शरणस्थानमुच्यते।।५७।।

57. ਗੁਰੂ, ਲਿੰਗ ਅਤੇ ਜੰਗਮ ਦੀ ਮਹੱਤਤਾ ਦੇ ਗਿਆਨ ਦੀ ਖੋਜ ਵਿੱਚ ਅਤੇ ਸਭ ਪ੍ਰਕਾਰ ਨਾਲ ਸ਼ਿਵ ਦੀ ਸ਼ਰਨ ਵਿੱਚ ਜਾਣਾ ਸ਼ਰਨਸਥਲ ਕਹਾਉਂਦਾ ਹੈ।

ब्रह्मादिविबुधान् सर्वान् मुक्त्वा प्राकृतवैभवान्।
प्रपद्यते शिवं यत्तु शरणं तदुदाहृतम्।।५८।।

58. ਪ੍ਰਕਿਰਤੀ ਦੇ ਧਨ ਤੋਂ ਯੁਕਤ ਬ੍ਰਹਮਾਂ ਆਦਿ ਸਭ ਦੇਵੀ ਦੇਵਤਿਆਂ ਨੂੰ ਛੱਡਕੇ ਜੋ ਸ਼ਿਵ ਦੀ ਸ਼ਰਣ ਵਿੱਚ ਜਾਂਦਾ ਹੈ ਉਸ ਨੂੰ ਸ਼ਰਣਸਥਲ ਕਹਿੰਦੇ ਹਨ।

शरण्यः सर्वभूतानां शङ्करः शशिशेखरः।
सर्वात्मना प्रपन्नस्तं शरणागत उच्यते।।५९।।

59. ਜਿਸ ਦੇ ਸਿਰ ਤੇ ਚੰਦਰਮਾਂ ਸ਼ੁਸ਼ੋਭਿਤ ਹੈ ਅਜਿਹੇ ਸਭ ਪ੍ਰਾਣੀਆਂ ਦੇ ਸ਼ਰਣ ਦਾਤਾ ਸ਼ੰਕਰ ਹਨ। ਜੋ ਸਾਰੀਆਂ ਇੱਛਾਵਾਂ ਨਾਲ ਉਸ ਦੀ ਸ਼ਰਣ ਵਿੱਚ ਜਾਂਦਾ ਹੈ ਉਸਨੂੰ ਸ਼ਰਣਾਗਤ ਕਹਿੰਦੇ ਹਨ।

विमुक्तभोगलालस्यो देवतान्तरनिःस्पृहः।
शिवमभ्यर्थयन् मोक्षं शरणार्थीति गीयते।।६०।।

60. ਜਿਸਦੀ ਭੋਗ ਲਾਲਸਾ ਖਤਮ ਹੋ ਗਈ ਹੋਵੇ ਅਤੇ ਜਿਸ ਦੀ ਕਿਸੇ ਹੋਰ ਦੇਵੀ-ਦੇਵਤੇ ਵਿੱਚ ਦਿਲਚਸਪੀ ਨਾਂ ਹੋਵੇ ਅਤੇ ਜੋ ਸ਼ਿਵ ਨੂੰ ਮੁਕਤੀ ਲਈ ਪ੍ਰਾਰਥਨਾਂ ਯਾਚਨਾਂ ਕਰਦਾ ਹੋਵੇ ਉਸਨੂੰ ਸ਼ਰਨਾਰਥੀ ਕਹਿੰਦੇ ਹਨ।

ये प्रपन्ना महादेवं मनोवाक्कायकर्मभिः।
तेषां तु कर्मजातेन किं वा देवादितर्पणैः?।।६१।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

61. ਜੋ ਲੋਕ ਮਨ, ਵਚਨਾਂ ਅਤੇ ਕਰਮ ਨਾਲ ਮਹਾਂਦੇਵ ਦੀ ਸ਼ਰਨ ਵਿੱਚ ਗਏ ਹਨ, ਉਹਨਾਂ ਦੁਆਰਾ ਹੋਰ ਕਿਰਿਆਵਾਂ ਕਰਨ ਦਾ ਕੀ ਲਾਭ? ਅਰਥਾਤ ਉਹਨਾਂ ਨੂੰ ਕਰਮ ਕਰਨ ਦੀ ਕੋਈ ਲੋੜ ਨਹੀਂ।

सर्वेषामपि यज्ञानां क्षयः स्वर्गः फलायते।
अक्षयं फलमाप्नोति प्रपन्नः परमेश्वरम्।।६२।।

62. ਸਾਰੇ ਯੱਗਾਂ ਦਾ ਫਲ ਸਵਰਗ ਹੈ, ਜੋ ਕਿ ਆਪਣੇ ਆਪ ਵਿੱਚ ਸੰਪੂਰਨ ਹੈ ਪਰੰਤੂ ਜੋ ਭਗਤ ਪਰਮੇਸ਼ਵਰ ਦੀ ਸ਼ਰਣ ਵਿੱਚ ਆ ਜਾਂਦਾ ਹੈ ਉਹ ਅਨੰਤ ਫਲ ਪਾਉਂਦਾ ਹੈ।

प्रयत्नपारिजातस्य भवस्य परमात्मनः।
प्रपत्त्या किं न जायेत पापिनामपि देहिनाम्?।।६३।।

63. ਪਰਮਾਤਮਾਂ ਸ਼ਿਵ ਇੱਕ ਕਲਪ ਬਿਰਖ(ਦਰੱਖਤ) ਦੀ ਤਰ੍ਹਾਂ ਹਨ। ਅਜਿਹੇ ਸ਼ਿਵ ਦੇ ਪ੍ਰਤੀ ਸਮਰਪਣ ਕਰਨ ਨਾਲ ਪਾਪੀ ਜੀਵਾਂ ਨੂੰ ਵੀ ਕੀ ਨਹੀਂ ਮਿਲਦਾ? ਅਰਥਾਤ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

प्रपन्नानां महादेवं परिपक्वान्तरात्मनाम्।
जन्मैव जन्मनान्येषां वृथा जननसङ्गिनाम्।।६४।।

64. ਮਹਾਂਦੇਵ ਦੀ ਸ਼ਰਣ ਵਿੱਚ ਗਏ ਹੋਏ ਅਤੇ ਸ਼ੁੱਧ ਦਿਲ ਵਾਲਿਆਂ ਦਾਹੀ ਜਨਮ ਅਸਲ ਵਿੱਚ ਜਨਮ ਹੈ(ਅਰਥਾਤ ਸਫਲ ਜਨਮ ਹੈ)। ਜਨਮ ਲੈਣ ਵਾਲੇ ਹੋਰ ਲੋਕਾਂ ਦਾ ਜਨਮ ਵਿਅਰਥ ਹੈ।

दुर्लभं मानुषं प्राप्य जननं ज्ञानसाधनम्।
ये न जानन्ति देवेशं तेषामात्मा निरर्थकः।।६५।।

65. ਗਿਆਨ ਦੇ ਸਾਧਨਾਂ ਨਾਲ ਲੱਦਿਆ ਹੋਇਆ ਮਨੁੱਖਾ ਜਨਮ ਦੁਰਲਭ ਹੈ। ਇਸ ਨੂੰ ਪ੍ਰਾਪਤ ਕਰਨ ਵਾਲੇ ਜੇਕਰ ਸ਼ਿਵ ਨੂੰ ਨਹੀਂ ਜਾਣਦੇ ਉਹਨਾਂ ਦਾ ਜੀਵਨ ਵਿਅਰਥ ਹੈ।

तत्कुलं हि सदा शुद्धं सफलं तस्य जीवितम्।
यस्य चित्तं शिवे साक्षाद् विलीनमबहिर्मुखम्।।६६।।

66. ਜਿਸ ਵਿਅਕਤੀ ਦਾ ਮਨ ਸਾਕਸ਼ਾਤ ਸ਼ਿਵ ਵਿੱਚ ਵਿਲੀਨ ਹੋ ਗਿਆ ਹੈ ਉਸਦਾ ਕੁਲ ਸਦਾ ਸ਼ੁੱਧ ਹੋ ਗਿਆ ਅਤੇ ਉਸਦਾ ਜੀਵਨ ਸਫਲ ਹੋ ਗਿਆ।

गुरुलिङ्गादिमाहात्म्यविशेषानुभवस्थितिः ।
यस्माच्छिवप्रसादात्स्यात्तदस्य महिमोच्यते।।६७।।

67. ਜਿਸ ਸ਼ਿਵਪ੍ਰਸਾਦ ਦੇ ਕਾਰਣ ਗੁਰੁ, ਲਿੰਗ ਆਦਿ ਦੇ ਮਹੱਤਵ ਦਾ ਅਨੁਭਵ ਹੁੰਦਾ ਹੈ ਉਹੀ ਇਸ ਸ਼ਿਵਪ੍ਰਸਾਦ ਦੀ ਮਹਿਮਾਂ ਹੈ।

सदा लिङ्गैकनिष्ठानां गुरुपूजानुषङ्गिणाम्।
प्रपन्नानां विशुद्धानां प्रसीदति महेश्वरः।।६८।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

68. ਜੋ ਸਿਰਫ ਸ਼ਿਵਪੂਜਾ ਵਿੱਚ ਮਗਨ ਹਨ, ਜੋ ਡੂੰਘੇ ਮਨ ਨਾਲ ਗੁਰੂ ਦੀ ਪੂਜਾ ਵਿੱਚ ਜੁਟੇ ਹੋਏ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ ਸ਼ਿਵ ਨੂੰ ਸਮਰਪਿਤ ਕਰ ਦਿੱਤਾ ਹੈ ਅਤੇ ਜੋ ਸ਼ੁੱਧ ਹਨ, ਮਹੇਸ਼ਵਰ ਹਮੇਸ਼ਾ ਉਹਨਾਂ ਦਾ ਹੀ ਪੱਖ ਪੂਰਦੇ ਹਨ।

**प्रसादोऽपि महेशस्य दुर्लभः परिकीर्त्यते।**

**घोरसंसारसन्तापनिवृत्तिर्येन जायते।।६९।।**

69. ਸ਼ਿਵਪ੍ਰਸਾਦ ਜਿਸ ਨਾਲ ਘੋਰ ਸੰਸਾਰ ਦੇ ਸੰਤਾਪ ਦੀ ਮੁਕਤੀ ਹੋ ਜਾਂਦੀ ਹੈ, ਮਹੇਸ਼ਵਰ ਦੀ ਅਜਿਹੀ ਪ੍ਰਸੰਨਤਾ ਅਤੇ ਕਿਰਪਾ ਵੀ ਦੁਰਲਭ ਹੈ।

**यज्ञास्तपांसि मन्त्राणां जपश्चिन्ता प्रबोधनम्।**

**प्रसादार्थं महेशस्य कीर्तितानि न संशयः।।७६।।**

70. ਯੱਗ, ਤਪ, ਮੰਤਰਾਂ ਦਾ ਜਾਪ, ਧਿਆਨ, ਗਿਆਨ ਆਦਿ ਇਹ ਸਭ ਸਾਧਨ ਦੇ ਰੂਪ ਵਿੱਚ ਮਹੇਸ਼ਵਰ ਦੀ ਪ੍ਰਸੰਨਤਾ ਦੇ ਲਈ ਕਹੇ ਗਏ ਹਨ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

**प्रसादमूला सर्वेषां भक्तिरव्यभिचारिणी।**

**शिवप्रसादहीनस्य भक्तिश्चापि न सिद्ध्यति।।७७।।**

71. ਸਭ ਲੋਕਾਂ ਦੀ ਸ਼ਿਵ ਦੇ ਪ੍ਰਸਾਦ ਤੋਂ ਉਤਪੰਨ ਭਗਤੀ ਸਫਲ ਹੈ, ਸ਼ਿਵਪ੍ਰਸਾਦ ਤੋਂ ਰਹਿਤ ਵਿਅਕਤੀ ਨੂੰ ਭਗਤੀ ਨਹੀਂ ਮਿਲ ਸਕਦੀ।

**गर्भस्थो जायमानो वा जातो वा ब्राह्मणोऽथवा।**

**अन्त्यजो वापि मुच्येत प्रसादे सति शाङ्करे।।७२।।**

72. ਸ਼ਿਵ ਦੇ ਪ੍ਰਸਾਦ ਅਤੇ ਸ਼ਿਵ ਦੀ ਪ੍ਰਸੰਨਤਾ ਹੋਣ ਤੇ ਚਾਹੇ ਕੋਈ ਗਰਭ ਵਿੱਚ ਹੋਵੇ, ਪੈਦਾ ਹੋ ਰਿਹਾ ਹੋਵੇ, ਪੈਦਾ ਹੋ ਗਿਆ ਹੋਵੇ, ਬ੍ਰਹਮਾਂ ਹੋਵੇ ਜਾਂ ਸ਼ੂਦਰ ਹੋਵੇ ਸਭ ਦੀ ਮੁਕਤੀ ਹੋ ਜਾਂਦੀ ਹੈ।

**ब्रह्माद्या विबुधाः सर्वे स्वस्वस्थाननिवासिनः।**

**नित्यसिद्धा भवन्त्येव प्रसादात् पारमेश्वरात्।।७३।।**

73. ਬ੍ਰਹਮਾਂ ਅਤੇ ਹੋਰ ਸਾਰੇ ਦੇਵਤੇ ਸ਼ਿਵਪ੍ਰਸਾਦ ਦੀ ਸ਼ਕਤੀ ਨਾਲ ਹੀ ਆਪਣੀਆਂ ਆਪਣੀਆਂ ਪਦਵੀਆਂ ਤੇ ਰਹਿੰਦੇ ਹੋਏ ਸ਼ਕਤੀਸ਼ਾਲੀ ਹਨ।

**प्रसादे शाम्भवे सिद्धे परमानन्दकारणे।**

**सर्वं शिवमयं विश्वं दृश्यते नात्र संशयः।।७४।।**

74. ਸ਼ਿਵਪ੍ਰਸਾਦ, ਜੋ ਕਿ ਸਰਵਉਚ ਆਸ਼ੀਸ਼ ਦਾ ਕਾਰਣ ਹੈ, ਦੀ ਜਦੋਂ ਪ੍ਰਾਪਤੀ ਹੋ ਜਾਂਦੀ ਹੈ, ਤਾਂ ਸਾਰਾ ਸੰਸ਼ਾਰ ਸ਼ਿਵਮਈ ਹੋ ਗਿਆ ਪ੍ਰਤੀਤ ਹੁੰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

संसारचक्रनिर्वाहनिमित्तं कर्म केवलम्।
प्रसादेन विना शम्भोर्न कस्यापि निवर्तते।।७५।।

75. ਆਵਾਗਮਨ ਦੇ ਪਹੀਏ ਦੀ ਗਤੀ ਦਾ ਕਾਰਣ ਕਰਮ (ਕੀਤੇ ਕੰਮਾਂ ਦਾ ਫਲ) ਹੀ ਹਨ। ਪਰੰਤੂ ਸ਼ਿਵਪ੍ਰਸਾਦ ਤੋਂ ਬਿਨਾਂ ਕਿਸੇ ਦੇ ਵੀ ਕਰਮ ਨਸ਼ਟ ਨਹੀਂ ਹੁੰਦੇ।

बहुनात्र किमुक्तेन नास्ति नास्ति जगत्त्रये।
समानमधिकं चापि प्रसादस्य महेशितुः।।७६।।

76. ਇਸ ਵਿਸ਼ੇ ਵਿੱਚ ਹੋਰ ਕੁਝ ਕਹਿਣ ਦਾ ਕੀ ਲਾਭ? ਮਹੇਸ਼ਵਰ ਦੇ ਪ੍ਰਸਾਦ ਤੋਂ ਵੱਧ ਜਾਂ ਇਸ ਦੇ ਬਰਾਬਰ ਤਿੰਨਾਂ ਲੋਕਾਂ ਵਿੱਚ ਕੁੱਝ ਵੀ ਨਹੀਂ ਹੈ।

शिवप्रसादे सति योगभाजि
सर्वं शिवैकात्मतया विभाति।
स्वकर्ममुक्तः शिवभावितात्मा
स प्राणलिङ्गीति निगद्यतेऽसौ।।७७।।

77. ਸ਼ਿਵਪ੍ਰਸਾਦ ਦੀ ਪ੍ਰਾਪਤੀ ਨਾਲ ਸਭ ਕੁੱਝ ਸ਼ਿਵਮਈ ਪ੍ਰਤੀਤ ਹੁੰਦਾ ਹੈ, ਜਿਸ ਇਨਸਾਨ ਵਿੱਚ ਸ਼ਿਵ ਦੀ ਭਾਵਨਾਂ ਹੈ ਉਹ ਆਪਣੇ ਕਰਮਾਂ ਤੋਂ ਮੁਕਤ ਹੋ ਕੇ ਪ੍ਰਾਣਲਿੰਗੀ ਬਣ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਬਾਹਰਵਾਂ ਅਧਿਆਇ

**भक्तो माहेश्वरश्चेति प्रसादीति विबोधितः।**

**एक एव कथं चैष प्राणलिङ्गीति कथ्यते?।।१।।**

1. ਅਗਸਤਿਆ ਨੇ ਕਿਹਾ - "ਤੁਸੀਂ ਮੈਨੂੰ ਇਹ ਦੱਸਿਆ ਕਿ ਇਕ ਹੀ ਵਿਅਕਤੀ ਭਗਤ ਮਹੇਸ਼ਵਰ ਅਤੇ ਪ੍ਰਸਾਦੀ ਹੁੰਦਾ ਹੈ। ਇਹੀ ਪ੍ਰਸਾਦੀ ਨੂੰ ਪ੍ਰਾਣਲਿੰਗੀ ਕਿਵੇਂ ਕਿਹਾ ਜਾਂਦਾ ਹੈ।

**भक्तो माहेश्वरश्चैष प्रसादीति च कीर्तितः।**

**कर्मप्राधान्ययोगेन ज्ञानयोगोऽस्य कथ्यते।।२।।**

2. ਸ੍ਰੀ ਰੇਣਕਾਚਾਰਿਆ ਨੇ ਕਿਹਾ - "ਉਸਨੂੰ ਭਗਤ ਮਹੇਸ਼ਵਰ ਅਤੇ ਪ੍ਰਸਾਦੀ ਕਰਮ ਪ੍ਰਧਾਨ ਹੋਣ ਦੇ ਕਾਰਣ ਕਿਹਾ ਜਾਂਦਾ ਹੈ। ਹੁਣ ਇਸਦਾ ਗਿਆਨਯੋਗ ਕਿਹਾ ਜਾ ਰਿਹਾ ਹੈ, ਅਰਥਾਤ ਗਿਆਨਯੋਗ ਹੋਣ ਦੇ ਕਾਰਣ ਹੀ ਪ੍ਰਸਾਦੀ ਗਿਆਨਲਿੰਗੀ ਬਣ ਜਾਂਦਾ ਹੈ।

**लिङ्गं चिदात्मकं ब्रह्म तच्छक्तिः प्राणरूपिणी।**

**तद्रूपलिङ्गविज्ञानी प्राणलिङ्गीति कथ्यते।।३।।**

3. ਲਿੰਗ ਬ੍ਰਹਮਾਂ ਹੈ ਅਤੇ ਇਸ ਦਾ ਸੁਭਾਅ ਚਿੱਤਸਵਰੂਪ ਹੈ। ਇਸਦੀ ਸ਼ਕਤੀ ਪ੍ਰਾਣ ਹੈ। ਇਸ ਰੂਪ ਵਾਲੇ ਲਿੰਗ ਨੂੰ ਵਿਸ਼ੇਸ਼ ਰੂਪ ਵਿੱਚ ਜਾਣਨ ਵਾਲੇ ਨੂੰ ਪ੍ਰਾਣਲਿੰਗੀ ਕਹਿੰਦੇ ਹਨ।

**प्राणलिङ्गिस्थलं चैतत् पञ्चस्थलसमन्वितम्।**

**प्राणलिङ्गिस्थलं चादौ प्राणलिङ्गार्चनं ततः।।४।।**

4. ਪ੍ਰਾਣਲਿੰਗਸਥਾਲਾ ਦੇ ਪੰਜ ਉਪਸਥਾਲਾ ਹਨ - ੧)ਪ੍ਰਾਣਲਿੰਗਸਥਾਲਾ ੨) ਪ੍ਰਾਣਲਿੰਗਚਰਨ ਸਥਾਲਾ ੩) ਸ਼ਿਵਯੋਗਸਮਾਧੀ ਸਥਾਲਾ ੪) ਲਿੰਗਨਿੱਜਸਥਾਲਾ ਅਤੇ ੫) ਅੰਗਲਿੰਗੀਸਥਾਲਾ।

**शिवयोगसमाधिश्च ततो लिङ्गनिजस्थलम्।**

**अङ्गलिङ्गिस्थलं चाथ क्रमादेषां भिदोच्यते।।५।।**

5. ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਕਰਮਵਾਰ ਦੱਸਿਆ ਜਾ ਰਿਹਾ ਹੈ।

**प्राणापानसमाघातात् कन्दमध्याद्यदुत्थितम्।**

**प्राणलिङ्गं तदाख्यातं प्राणापाननिरोधिभिः।।६।।**

6. ਪ੍ਰਾਣ ਅਤੇ ਅਪਾਨ ਦੇ ਪਰਸਪਰ ਟਕਰਾਉ ਨਾਲ ਧੁੰਨੀ ਦੇ ਮੱਧ ਤੋਂ ਇਕ ਜੋਤੀ ਉਠਦੀ ਹੈ। ਪ੍ਰਾਣ ਅਤੇ ਅਪਾਨ ਨੂੰ ਕੰਟਰੋਲ ਕਰਨ ਵਾਲੇ ਯੋਗੀ ਲੋਕ ਉਸਨੂੰ ਪ੍ਰਾਣਲਿੰਗ ਕਹਿੰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

प्राणो यत्र लयं याति भास्करे तुहिनं यथा।

तत्प्राणलिङ्गमुद्दिष्टं तद्धारी स्यात् तदाकृतिः।।७।।

7. ਜਿਵੇਂ ਕਿ ਧੁੰਦ ਸੂਰਜ ਵਿੱਚ ਸਮਾ ਜਾਂਦੀ ਹੈ ਉਸੇ ਤਰਾਂ ਜਿਸ ਦੇ ਪ੍ਰਾਣ ਲਿੰਗ ਵਿੱਚ ਸਮਾ ਜਾਂਦੇ ਹਨ ਉਸਨੂੰ ਪ੍ਰਾਣਲਿੰਗੀ ਕਹਿੰਦੇ ਹਨ।

ज्ञानिनां योगयुक्तानामन्तः स्फुरति दीपवत्।

चिदाकारं परब्रह्मलिङ्गमज्ञैर्न भाव्यते।।८।।

8. ਪਾਰਬ੍ਰਹਮਲਿੰਗ ਜੋ ਕਿ ਜਿਸ ਦਾ ਸੁਭਾਅ ਚਿੱਤਸਵਰੂਪ ਹੈ, ਉਹਨਾਂ ਲੋਕਾਂ ਦੇ ਦਿਲ ਵਿੱਚ ਇੱਕ ਦੀਪਕ ਦੀ ਤਰਾਂ ਚਮਕਦਾ ਹੈ ਜੋ ਕਿ ਯੋਗ ਜਾਂ ਧਿਆਨ ਵਿੱਚ ਮਗਨ ਰਹਿੰਦੇ ਹਨ। ਅਗਿਆਨੀ ਲੋਕਾਂ ਨੂੰ ਇਹ ਮਹਿਸੂਸ ਨਹੀਂ ਹੋ ਸਕਦਾ।

अन्तः स्थितं परं लिङ्गं ज्योतीरूपं शिवात्मकम्।

विहाय बाह्यलिङ्गस्था विमूढा इति कीर्तिताः।।९।।

9. ਸ਼ਿਵਆਤਮਕ ਜਯੋਤੀਸਵਰੂਪ ਅਤੇ ਆਪਣੇ ਅੰਦਰ ਸਥਿਤ ਲਿੰਗ ਨੂੰ ਛੱਡ ਕੇ ਬ੍ਰਹਮਾਂ ਲਿੰਗ ਵਿੱਚ ਆਸਥਾ ਰੱਖਣ ਵਾਲਿਆਂ ਨੂੰ ਮੂਰਖ ਕਿਹਾ ਜਾਂਦਾ ਹੈ।

संविल्लिङ्गपरामर्शी वाह्यवस्तु-पराङ्मुखः।

यः सदा वर्तते योगी प्राणलिङ्गी स उच्यते।।१०।।

10. ਜੋ ਇਨਸਾਨ ਗਿਆਨਸਵਰੂਪ ਲਿੰਗ ਦਾ ਬਾਰ ਬਾਰ ਧਿਆਨ ਕਰਦਾ ਹੈ ਅਤੇ ਬਾਹਰੀ ਚੀਜਾਂ ਦਾ ਤਿਰਸਕਾਰ ਕਰਦਾ ਹੈ ਅਤ ਅਜਿਹਾ ਹੀ ਰਹਿੰਦਾ ਹੈ ਉਸਨੂੰ ਪ੍ਰਾਣਲਿੰਗੀ ਕਹਿੰਦੇ ਹਨ।

मायाविकल्पजं विश्वं हेयं सञ्चिन्त्य नित्यशः।

चिदानन्दमये लिङ्गे विलीनः प्राणलिङ्गवान्।।११।।

11. ਉਹ ਇਨਸਾਨ ਜੋ ਸਦਾ ਉਸ ਲਿੰਗ ਵਿੱਚ ਲੀਨ ਰਹਿੰਦਾ ਹੈ ਜੋ ਗਿਆਨ ਅਤੇ ਆਸ਼ੀਸ਼ ਤੋਂ ਬਣਿਆ ਹੈ, ਅਤੇ ਹਮੇਸ਼ਾ ਸੋਚਦਾ ਹੈ ਕਿ ਇਹ ਸੰਸਾਰ ਜੋ ਮਾਇਆ ਤੋਂ ਬਣਿਆ ਹੈ ਇਸ ਨੂੰ ਤਿਆਗਣਾ ਚਾਹੀਂਦਾ ਹੈ, ਉਸ ਨੂੰ ਪ੍ਰਾਣਲਿੰਗੀ ਕਹਿੰਦੇ ਹਨ।

सत्ता प्राणमयी शक्तिः सद्रूपं प्राणलिङ्गकम्।

तत्सामरस्य-विज्ञानात् प्राणलिङ्गीति कथ्यते।।१२।।

12. 'ਆਪਣੀ ਹੋਂਦ' ਦੀ ਸ਼ਖਤੀ ਜੀਵਨ ਦੇ ਸਿਧਾਂਤਾਂ ਤੋਂ ਬਣੀ ਹੈ, ਇਸਦਾ ਸਦਰੂਪ ਪ੍ਰਾਣਲਿੰਗ ਹੈ, ਇਸ ਤਰ੍ਹਾਂ ਦੇ ਸਮਾਵੇਸ਼ ਨੂੰ ਸਮਝਣ ਵਾਲਾ ਪ੍ਰਾਣੀ ਪ੍ਰਾਣਲਿੰਗੀ ਕਹਾਉਂਦਾ ਹੈ।

अन्तर्गतं चिदाकारं लिङ्गं शिवमयं परम्।

पूज्यते भावपुष्पैर्यत् प्राणलिङ्गार्चनं हि तत्।।१३।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

13. ਸ਼ੁੱਧ ਮਾਨਸਿਕ ਸਥਿਤੀਆਂ ਜਿਹੇ ਫੁੱਲਾਂ ਦੁਆਰਾ ਸਰਵਉਚ ਲਿੰਗ, ਜੋ ਕਿ ਸ਼ਿਵਾ ਦਾ ਹੀ ਰੂਪ ਹੈ ਸਾਡੇ ਅੰਦਰ ਰਹਿੰਦਾ ਹੈ ਅਤੇ ਗਿਆਨ ਦਾ ਪ੍ਰਤੀਕ ਹੈ, ਦੀ ਕੀਤੀ ਗਈ ਪੂਜਾ ਹੀ ਅਸਲੀ ਪ੍ਰਾਣਲਿੰਗੀ ਪੂਜਾ ਹੈ।

अन्तः - पवनसंस्पृष्टे सुसूक्ष्माम्बरशोभिते।

मूर्धन्यचन्द्र विगलत्सुधासेकातिशीतले ।।१४।।

14. 'ਕਿਲੰਗਾ' ਜਾਂ ਪ੍ਰਾਣਲਿੰਗ ਜੋ ਕਿ ਸ਼ੁਭਚਿੰਤਕ ਹੈ, ਸਾਡੇ ਮੰਦਰ ਰੂਪੀ ਦਿਲ ਵਿੱਚ ਕੰਵਲ ਰੂਪੀ ਸੀਟ ਤੇ ਬੈਠਾ ਹੈ, ਜੋ ਸਾਡੇ ਅੰਦਰਲੇ ਸਾਹਾਂ ਵਿੱਚ ਵਿਆਪਕ ਹੈ,

बद्धेन्द्रियनवद्वारे बोधदीपे हृदालये।

पद्मपीठे समासीनं चिल्लिङ्गं शिवविग्रहम्।।

भावयित्वा सदाकालं पूजयेद् भाववस्तुभिः।।१५।।

15. ਜੋ ਚੰਦਰਮਾਂ ਦੇ ਦ੍ਰਵਿਤ ਹੋਣ ਵਾਲੇ ਅੰਮ੍ਰਿਤ ਦੇ ਕਾਰਣ ਸ਼ੀਤਲ ਹੈ, ਜਿਸ ਦੇ ਸਾਡੀਆਂ ਗਿਆਨ ਇੰਦਰੀਆਂ ਦੇ ਰੂਪ ਵਿੱਚ ਨੌਂ ਦਰਵਾਜੇ ਹਨ, ਜੋ ਗਿਆਨ ਦੇ ਪ੍ਰਕਾਸ਼ ਨਾਲ ਨਹਾਇਆ ਹੋਇਆ ਹੈ, ਉਸ ਦੀ ਇਸ ਤਰ੍ਹਾਂ ਦੀਆਂ ਮਾਨਸਿਕ ਸੋਚਾਂ ਨਾਲ ਪੂਜਾ ਕਰਨੀਂ ਚਾਹੀਂਦੀ ਹੈ।

क्षमाभिषेकसलिलं विवेकी वस्त्रमुच्यते।

सत्यमाभरणं प्रोक्तं वैराग्यं पुष्पमालिका।।१६।।

16. ਇਸ ਪੂਜਾ ਵਿੱਚ ਖਿਮਾਂ ਦਾਨ ਵਾਲਾ ਜਲ, ਵਿਵੇਕ ਦੇ ਕੱਪੜੇ, ਸੱਚ ਦਾ ਸ਼ਿੰਗਾਰ, ਵੈਰਾਗ ਦੀ ਪੁਸ਼ਪਮਾਲਾ,

गन्धः समाधिसम्पत्तिरक्षता निरहङ्कृतिः।

श्रद्धा धूपो महाज्ञानं जगद्भासि प्रदीपिका।।१७।।

17. ਸਮਾਧੀ ਦੀ ਖੁਸ਼ਬੋ, ਬਿਨਾਂ ਅਹੰਕਾਰ ਵਾਲੇ ਪਵਿੱਤਰ ਚਾਵਲ, ਸ਼ਰਧਾ ਦੀ ਧੂਫ, ਮਹਾਂਗਿਆਨ ਜੋ ਦੁਨੀਆਂ ਨੂੰ ਇੱਕ ਦੀਵੇ ਦਾ ਰੂਪ ਸਮਝੇ, ਮੌਨ ਰੂਪੀ ਘੰਟੇ ਦਾ ਵੱਜਣਾ,

भ्रान्तिमूलप्रपञ्चस्य नैवेद्यं तन्निवेदनम्।

मौनं घण्टापरिस्पन्दस् ताम्बूलं विषयार्पणम्।।१८।।

18. ਕਾਮ ਅਤੇ ਕ੍ਰੋਣ ਵਿਸ਼ਿਆਂ ਦਾ ਸੰਪੂਰਣ ਤਾਂਬੂਲ, ਭਰਮ ਨੂੰ ਦੂਰ ਕਰਨ ਵਾਲੀ ਦੱਖਣਾ,

विषयभ्रान्तिराहित्यं तत्प्रदक्षिणकल्पना।

बुद्धेस्तदात्मिका शक्तिर्नमस्कारक्रिया मता।।१९।।

19. ਅਤੇ ਸ਼ਿਵ ਨਾਲ ਇਕਮਿਕ ਹੋਣ ਵਾਲੇ ਗਿਆਨ ਦੀ ਸ਼ਕਤੀ ਆਦਿ ਅਜਿਹੀ ਲੈਅ ਵਿੱਚ ਨਮਸ਼ਕਾਰ ਕਰਨ ਨੂੰ ਕਿਹਾ ਗਿਆ ਹੈ।

एवं - विधैर्भावशुद्धैरुपचारैरदूषितैः।

प्रत्युन्मुखमना भूत्वा पूजयेल्लिङ्गमान्तरम्।।२०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

20. ਇਸ ਤਰ੍ਹਾਂ ਦੇ ਦੋਸ਼ ਰਹਿਤ ਪੂਜਾ ਸਾਧਨਾ ਦੁਆਰਾ ਅੰਤਰਮੁਖੀ ਹੋ ਕੇ ਹੀ ਆਂਤਰਕਿ ਸ਼ਿਵਲਿੰਗ ਦੀ ਪੂਜਾ ਕਰਨੀ ਚਾਹੀਂਦੀ ਹੈ।

**अन्तःक्रियारतस्यास्य प्राणलिङ्गार्चनक्रमैः।**

**शिवात्मध्यानसम्पत्तिः समाधिरिति कथ्यते।।२१।।**

21. ਪ੍ਰਾਣਲਿੰਗ ਪੂਜਾ ਵਿੱਚ ਗ੍ਰਸਿਤ ਪ੍ਰਾਣਲਿੰਗੀ ਨੂੰ ਜੋ ਸ਼ਿਵਧਿਆਨ ਦੀ ਸੰਪਤੀ ਪ੍ਰਾਪਤ ਹੁੰਦੀ ਹੈ ਉਸ ਨੂੰ ਸਮਾਧੀ ਕਹਿੰਦੇ ਹਨ।

**सर्वतत्त्वोपरिगतं सच्चिदानन्दभासुरम्।**

**स्वप्रकाशमनिर्देश्यमवाङ्मनसगोचरम् ।।२२।।**

**उमाख्यया महाशक्त्या दीपितं चित्स्वरूपया।**

**हंसरूपं परात्मानं सोऽहम्भावेन भावयेत्।।**

22. ਸ਼ਿਵਭਗਤ ਨੂੰ ਉਸ ਸਰਵਉਚ ਆਤਮਾਂ ਸ਼ਿਵਾ ਦਾ ਧਿਆਨ ਧਰਨਾ ਚਾਹੀਂਦਾ ਹੈ ਜੋ ਹੰਸਰੂਪ ਹੈ, ਸਭ ਤੋਂ ਪਰ੍ਹੇ ਹੈ, ਜੋ ਹੋਂਦ, ਗਿਆਨ ਅਤੇ ਆਸ਼ੀਸ਼ ਦੇ ਰੂਪ ਵਿੱਚ ਚਮਕ ਰਿਹਾ ਹੈ, ਜੋ ਆਤਮ ਸਬੂਤ ਹੈ, ਜਿਸ ਨੂੰ ਕੋਈ ਇਸ਼ਾਰਾ ਨਹੀਂ ਕਰ ਸਕਦਾ, ਜਿਸ ਨੂੰ ਵਾਣੀ ਅਤੇ ਦਿਮਾਗ ਦੁਆਰਾ ਸਮਝਿਆ ਨਹੀਂ ਜਾ ਸਕਦਾ, ਜਿਸਨੂੰ ਸੋਹਮ ਦੇ ਵਿਚਾਰ ਵਾਲੀ ਮਹਾਨ ਸ਼ਕਤੀ(ਓਮਾਂ) ਦੀ ਜੋਤ ਪ੍ਰਾਪਤ ਹੈ।

**तदेकतानतासिद्धिः समाधिः परमो मतः।।२३।।**

23. ਸ਼ਿਵ ਅਤੇ ਜੀਵ ਦੀ ਇਕਮਿਕਤਾ ਦੀ ਪ੍ਰਾਪਤੀ ਹੀ ਸਭ ਤੋਂ ਉਚੀ ਸਮਾਧੀ ਹੈ।

**परब्रह्म महालिङ्गं प्राणो जीवः प्रकीर्तितः।**

**तदेकभावमननात् समाधिस्थः प्रकीर्तितः।।२४।।**

24. ਮਹਾਂਲਿੰਗ ਆਪਣੇ ਆਪ ਵਿੱਚ ਪਾਰਬ੍ਰਹਮ ਹੈ, ਪ੍ਰਾਣ ਜੀਵ ਹੈ, ਇਹਨਾਂ ਦੋਹਾਂ ਵਿੱਚ ਇਕਮਿਕ ਅਤੇ ਅਭਿੰਨ ਸਮਝਣ ਵਾਲੇ ਨੂੰ ਸਮਾਧੀਸਥ ਕਿਹਾ ਗਿਆ ਹੈ।

**अन्तः षट्चक्ररूढानि पङ्कजानि विभावयेत्।**

**ब्रह्मादिस्थानभूतानि भ्रूमध्यान्तानि मूलतः।।२५।।**

25. ਸਾਧਕ ਨੂੰ ਆਪਣੇ ਅੰਦਰ ਛੇ ਚੱਕਰਾਂ ਉਤੇ ਸਥਿਤ ਛੇ ਕਮਲਾਂ ਦੀ ਭਾਵਨਾਂ ਕਰਨੀਂ ਚਾਹੀਂਦੀ ਹੈ।

**भ्रूमध्यादूर्ध्वभागे तु सहस्रदलमम्बुजम्।**

**भावयेत्तत्र विमलं चन्द्रबिम्बं तदन्तरे।।२६।।**

26. ਇਹ ਮੂਲਧਾਰ ਤੋਂ ਲੈ ਕੇ ਭਰਵੱਟਿਆਂ ਦੇ ਵਿਚਕਾਰ ਤੱਕ ਸਥਿਤ ਹੈ ਅਤੇ ਇਹ ਮੱਧਸਥਲ ਬ੍ਰਹਮਾਂ ਦਾ ਗ੍ਰਹਿ ਹਨ, ਭਰਵੱਟਿਆਂ ਦੀ ਵਿਚਕਾਰਲੀ ਜਗ੍ਹਾ ਦੇ ਬਿਲਕੁਲ ਉਪਰ ਸਹਿਸਥਲ ਕੰਵਲ ਦੀ ਭਾਵਨਾਂ ਕਰਨੀ ਚਾਹੀਂਦੀ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

सूक्ष्मरन्ध्रं विजानीयात् तत् कैलासपदं विदुः।
तत्रस्थं भावयेच्छम्भुं सर्वकारणकारणम्।।२७।।

27. ਉਸਦੇ ਵਿਚਕਾਰ ਚੰਦਰਬਿੰਬ ਦਾ ਧਿਆਨ ਧਰਨਾ ਚਾਹੀਂਦਾ ਹੈ। ਉਸ ਚੰਦਰ ਦੇ ਅੰਦਰ ਸੂਖਮ ਛੇਦ ਦਾ ਧਿਆਨ ਧਰਨਾ ਚਾਹੀਂਦਾ ਹੈ। ਇਸ ਸੂਖਮ ਛੇਦ ਨੂੰ ਕੈਲਾਸ਼ ਕਿਹਾ ਗਿਆ ਹੈ। ਅਜਿਹੀ ਭਾਵਨਾਂ ਕਰਨੀ ਚਾਹੀਂਦੀ ਹੈ ਕਿ ਉਸ ਉੱਤੇ ਸਾਰੇ ਕਾਰਣਾਂ ਦੇ ਕਾਰਣ ਸ਼ਿਵ ਬੈਠੇ ਹਨ।

बहिर्वासनया विश्वं विकल्पार्थं प्रकाशते।
अन्तर्वासितचित्तानामात्मानन्दः प्रकाशते।।२८।।

28. ਬਾਹਰੀ ਵਸਤੂਆਂ ਦੇ ਪ੍ਰਭਾਵ ਦੇ ਕਾਰਣ ਇਹ ਸ਼੍ਰਿਸ਼ਟੀ ਵਿਵਿਧ ਪ੍ਰਤੀਤ ਹੁੰਦੀ ਹੈ। ਜੋ ਲੋਕ ਅਮਓਰ ਧਿਆਨ ਕਰਦੇ ਹਨ ਉਹਨਾਂ ਨੂੰ ਕੇਵਲ ਆਪਣੀ ਆਸ਼ੀਸ਼ ਦਾ ਤਜੁਰਬਾ ਹਾਂਸਲ ਹੁੰਦਾ ਹੈ।

आत्मारणिसमुत्थेन प्रमोदमथनात् सुधीः।
ज्ञानाग्निना दहेत्सर्वं पाशजालं जगन्मयम्।।२९।।

29. ਪ੍ਰਾਣਲਿੰਗੀ ਸਿਆਣੇ ਆਦਮੀਂ ਨੂੰ ਸ਼ਿਵ ਆਨੰਦ ਰੂਪੀ ਵਿਚਾਰਾਂ ਦੁਆਰਾ ਆਤਮਾਂ ਰੂਪੀ ਕੁਰਬਾਨੀ ਦੇ ਬਾਲਣ ਦੁਆਰਾ ਗਿਆਨ ਰੂਪੀ ਅਗਨੀ ਨਾਲ ਸੰਸਾਰ ਰੂਪੀ ਬੰਧਨਾਂ ਦੇ ਜਾਲ ਨੂੰ ਜਲਾ ਦੇਣਾ ਚਾਹੀਂਦਾ ਹੈ ।

संसारविषवृक्षस्य पञ्चक्लेशपलाशिनः।
छेदने कर्ममूलस्य परशुः शिवभावना।।३०।।

30. ਸ਼ਿਵ ਦਾ ਧਿਆਨ ਜਾਂ ਸੋਚ ਆਵਾਗਮਨ ਦੇ ਵਿਸ਼ ਬਰਿਕਸ਼(ਦਰਖਤ), ਜਿਸ ਦੇ ਪੱਤਿਆਂ ਦੇ ਰੂਪ ਵਿੱਚ ਪੰਜ ਕਲੇਸ਼ ਹਨ ਅਤੇ ਜਿਸ ਦੀ ਜੜ ਕਰਮ ਹਨ, ਨੂੰ ਕੱਟਣ ਵਾਲੀ ਇੱਕ ਕੁਹਾੜੀ ਹੈ।

अज्ञानराक्षसोन्मेषकारिणः संहृतात्मनः।
शिवध्यानं तु संसारतमसश्चण्डभास्करः।।३१।।

31. ਸ਼ਿਵ ਦਾ ਅੰਤਰਧਿਆ ਆਵਾਗਮਨ ਦੇ ਹਨੇਰੇ ਨੂੰ ਦੂਰ ਕਰਨ ਵਾਲਾ ਇੱਕ ਚਮਕਦਾਰ ਸੂਰਜ ਹੈ ਜੋ ਕਿ ਅਗਿਆਨ ਰੂਪੀ ਦੈਂਤ ਦੀਆਂ ਅੱਖਾਂ ਖੋਲਦਾ ਹੈ ਅਤੇ ਮੈਂ ਨੂੰ ਖਤਮ ਕਰਦਾ ਹੈ।

स्वान्तस्थ-शिवलिङ्गस्य प्रत्यक्षानुभवस्थितिः।
या सैव परलिङ्गस्य निजमित्युच्यते बुधैः।।३२।।

32. ਜਿਸਨੂੰ ਸ਼ਿਵਲਿੰਗ ਦਾ ਪ੍ਰਤਿਅਕਸ਼ ਅਨੁਭਵ ਹੋਣ ਲਗਦਾ ਹੈ, ਉਸ ਪਰਮਲਿੰਗ ਨੂੰ ਸਵੈਆਤਮ ਰੂਪ ਨਾਲ ਅਨੁਭਵ ਕਰਨ ਵਾਲੇ ਪ੍ਰਾਣਲਿੰਗ ਨੂੰ ਵਿਦਵਾਨ ਨਿੱਜਲਿੰਗ ਕਹਿੰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ब्रह्मविष्ण्वादयो देवाः सर्वे वेदादयस्तथा।
लीयन्ते यत्र गम्यन्ते तल्लिङ्गं ब्रह्म केवलम्।।३३।।

33. ਬ੍ਰਹਮਾਂ ਵਿਸ਼ਣੂ ਆਦਿ ਸਾਰੇ ਦੇਵ ਅਤੇ ਵੇਦ ਆਦਿ ਜਿਸ ਵਿੱਚ ਲੀਣ ਹੁੰਦੇ ਹਨ ਅਤੇ ਫਿਰ ਤੋਂ ਉਤਪੰਨ ਹੁੰਦੇ ਹਨ ਉਹ ਲਿੰਗ ਕੇਵਲ ਬ੍ਰਹਮਾਂ ਹੈ।

चिदानन्दमयः साक्षाच्छिव एव निरञ्जनः।
लिङ्गमित्युच्यते नान्यद्यतः स्याद्विश्वसम्भवः।।३४।।

34. ਇਕੱਲਾ ਲਿੰਗ ਜੋ ਕਿ ਗਿਆਨ ਅਤੇ ਆਸ਼ੀਸ਼ ਦਾ ਪ੍ਰਤੀਕ ਹੈ ਅਤੇ ਬਦਨੀਤੀ ਤੋਂ ਰਹਿਤ ਹੈ, ਹੀ ਅਸਲ ਵਿੱਚ ਹੋਰ ਕੋਈ ਨਹੀਂ ਬਲਕਿ ਸ਼ਿਵ ਹੈ ਅਤੇ ਇਸ ਤੋਂ ਹੀ ਸੰਸ਼ਾਰ ਦਾ ਜਨਮ ਹੋਇਆ ਹੈ।

बहुनात्र किमुक्तेन लिङ्गमित्युच्यते बुधैः।
शिवाभिधं परं ब्रह्म चिद्रूपं जगदास्पदम्।।३५।।

35. ਬਹੁਤਾ ਕੁੱਝ ਕਹਿਣ ਦਾ ਕੀ ਲਾਭ? ਸਰਵਉਚ ਬ੍ਰਹਮਾਂ ਜੋ ਅਸਲ ਵਿੱਚ ਸ਼ਿਵ ਹੈ, ਜੋ ਗਿਆਨ ਦਾ ਪ੍ਰਤੀਕ ਹੈ ਅਤੇ ਸੰਸਾਰ ਦਾ ਆਧਾਰ ਹੈ, ਉਸ ਨੂੰ ਹੀ ਲਿੰਗ ਕਹਿੰਦੇ ਹਨ।

वेदान्तवाक्यजां विद्यां लिङ्गमाहुस्तथापरे।
तदसज्ज्ञेयरूपत्वाल्लिङ्गस्य ब्रह्मरूपिणः।।३६।।

36. ਜੋ ਦੂਜੇ ਲੋਕ ਚਾਰ ਵੇਦਾਂ ਤੋਂ ਉਤਪੰਨ ਗਿਆਨ ਨੂੰ ਲਿੰਗ ਕਹਿੰਦੇ ਹਨ ਉਹਨਾਂ ਦਾ ਇਹ ਕਥਨ ਅਸੰਗਤ ਹੈ ਕਿਉਂਕਿ ਬ੍ਰਹਮਾਂਰੂਪੀ ਲਿੰਗ ਹੀ ਸ੍ਰੇਸ਼ਟ ਹੈ।

अव्यक्तं लिङ्गमित्याहुर्जगतां मूलकारणम्।
लिङ्गी महेश्वरश्चेति मतमेतदसङ्गतम्।।३७।।

37. ਕੁੱਝ ਵਿਦਵਾਨ ਸੰਸ਼ਾਰ ਦੇ ਮੂਲ ਕਾਰਣ ਅਵਿਅਕਤ ਤੱਤ ਨੂੰ ਲਿੰਗ ਕਹਿੰਦੇ ਹਨ ਅਤੇ ਮਹੇਸ਼ਵਰ ਨੂੰ ਲਿੰਗੀ। ਇਹ ਮਤ ਅਸੰਗਤ ਹੈ ਕਿਉਂਕਿ ਪ੍ਰਕਿਰਤੀ ਜੜ ਹੈ ਜਦਕਿ ਵੀਰਸ਼ੈਵ ਮਤ ਵਿੱਚ ਪਰਮੇਸ਼ਵਰ ਦੀ ਸ਼ਕਤੀ ਚੇਤੰਨ ਹੈ।

न सूर्यो भाति तत्रेन्दुर्न विद्युन्न च पावकः।
न तारका महालिङ्गे द्योतमाने परात्मनि।।३८।।

38. ਉਸ ਪਰਮਆਤਮਾਂ ਮਹਾਂਲਿੰਗ ਦੇ ਪ੍ਰਕਾਸ਼ਵਾਨ ਹੋਣ ਨਾਲ ਨਾ ਸੂਰਜ ਚਮਕਦਾ ਹੈ, ਨਾ ਚੰਦਰਮਾਂ, ਨਾ ਬਿਜਲੀ, ਨਾ ਅਗਨੀ ਅਤੇ ਨਾ ਤਾਰੇ ਚਮਕਦੇ ਹਨ।

ज्योतिर्मयं परं लिङ्गं श्रुतिराह शिवात्मकम्।
तस्य भासा सर्वमिदं प्रतिभाति न संशयः।।३९।।

39. ਸ਼ਰੁਤੀ ਸ਼ਿਵਾਤਮਕ ਪਰਮਲਿੰਗ ਨੂੰ ਜਯੋਤੀਮਈ ਕਹਿੰਦੀ ਹੈ, ਉਸਦੀ ਚਮਕ ਨਾਲ ਇਹ ਸਾਰਾ ਜਗਨ ਪ੍ਰਕਾਸ਼ਵਾਨ ਹੋ ਰਿਹਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

लिङ्गान्नास्ति परं तत्त्वं यदस्माज्जायते जगत्।
यदेतद्रूपतां धत्ते यदत्र लयमश्नुते।।४०।।

40. ਲਿੰਗ ਤੋਂ ਵਧਕੇ ਕੋਈ ਤੱਤ ਨਹੀਂ ਹੈ ਕਿਉਂਕਿ ਇਸੇ ਨਾਲ ਸੰਸਾਰ ਉਤਪੰਨ ਹੁੰਦਾ ਹੈ, ਉਸ ਲਿੰਗ ਵਿੱਚ ਹੀ ਇਹ ਸੰਸਾਰ ਇਸ ਰੂਪ ਵਿੱਚ ਸਥਿਤ ਹੁੰਦਾ ਹੈ ਅਤੇ ਇਸੇ ਵਿੱਚ ਲੀਣ ਹੋ ਜਾਂਦਾ ਹੈ।

तस्माल्लिङ्गं परं ब्रह्म सच्चिदानन्दलक्षणम्।
निजरूपमिति ध्यानात् तदवस्था प्रजायते।।४१।।

41. ਇਸ ਕਾਰਣ ਸਤ ਚਿਤ ਆਨੰਦਸਵਰੂਪ ਬ੍ਰਹਮਾਂ ਹੀ ਪਰਮਲਿੰਗ ਹੈ। ਇਹਿ ਆਪਣਾ ਰੂਪ ਹੈ, ਅਜਿਹਾ ਧਿਆਨ ਕਰਨ ਨਾਲ ਨਿੱਜਲਿੰਗਅਵਸਥਾ ਉਤਪੰਨ ਹੁੰਦੀ ਹੈ।

ज्ञानमङ्गमिति प्राहुर्ज्ञेयं लिङ्गं सनातनम्।
विद्यते तद्द्वयं यस्य सोऽङ्गलिङ्गीति कीर्तितः।।४२।।

42. ਅੰਗ ਭਾਵਕਿ ਜੀਵ ਗਿਆਨ ਹੈ ਅਤੇ ਲਿੰਗ ਜੋ ਉਹਨਾਂ ਦੁਆਰਾ ਜਾਣਿਆ ਜਾਂਦਾ ਹੈ(ਪ੍ਰਾਣਲਿੰਗੀ), ਜੋ ਇਹਨਾਂ ਦੋਵਾਂ ਨੂੰ ਜਾਣਦੇ ਹਨ ਉਹਨਾਂ ਨੂੰ ਅੰਗਲਿੰਗੀ ਕਹਿੰਦੇ ਹਨ।

अङ्गे लिङ्गं समारूढं लिङ्गे चाङ्गमुपस्थितम्।
एतदस्ति द्वयं यस्य स भवेदङ्गलिङ्गवान्।।४३।।

43. ਅੰਗ ਵਿੱਚ ਲਿੰਗ ਰਹਿੰਦਾ ਹੈ ਅਤੇ ਲਿੰਗ ਵਿੱਚ ਅੰਗ ਵਿਦਿਆਮਾਨ ਹੈ, ਜਿਸ ਵਿੱਚ ਇਹ ਦੋਵੇਂ ਰਹਿੰਦੇ ਹਨ ਉਹਨਾਂ ਨੂੰ ਅੰਗਲਿੰਗੀ ਕਹਿੰਦੇ ਹਨ, ਜਿਸਦਾ ਅੰਗ ਲਿੰਗ ਹੁੰਦਾ ਹੈ ਅਤੇ ਲਿੰਗ ਅੰਗ ਹੁੰਦਾ ਹੈ।

ज्ञात्वा यः सततं लिङ्गं स्वान्तःस्थं ज्योतिरात्मकम्।
पूजयेद्भावयेन्नित्यं तं विन्द्यादङ्गलिङ्गिनम्।।४४।।

44. ਜੋ ਮਨੁੱਖ ਆਪਣੇ ਅੰਦਰ ਸਥਿਤ ਜਯੋਤੀਮਈ ਲਿੰਗ ਨੂੰ ਸ਼ਾਸ਼ਤਰ, ਗੁਰੁ ਅਤੇ ਆਪਣੇ ਅਨੁਭਵ ਦੁਆਰਾ ਜਾਣਕੇ ਨਿੱਤ ਉਸਦੀ ਪੂਜਾ ਅਤੇ ਭਾਵਨਾ ਕਰਦੇ ਹਨ ਉਹਨਾਂ ਨੂੰ ਅੰਗਲਿੰਗੀ ਸਮਝਣਾ ਚਾਹੀਂਦਾ ਹੈ।

ज्ञायते लिङ्गमेवैकं सर्वैः शास्त्रैः सनातनैः।
ब्रह्मेति विश्वधामेति विमुक्तेः पदमित्यपि।।४५।।

45. ਇੱਕ ਹੀ ਲਿੰਗ ਨੂੰ ਸਾਰੇ ਸਨਾਤਨ ਸ਼ਾਸ਼ਤਰ ਬ੍ਰਹਮਾਂ, ਵਿਸ਼ਵਧਾਮ, ਮੁਕਤੀਪਦ ਦੇ ਰੂਪ ਵਿੱਚ ਜਾਣਦੇ ਹਨ।

मुक्तिरूपमिदं लिङ्गमिति यस्य मनःस्थितिः।
स मुक्तो देहयोगेऽपि स ज्ञानी स महागुरुः।।४६।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

46. 'ਇਹ ਲਿੰਗ ਮੁਕਤੀ ਸਵਰੂਪ ਹੈ' – ਜੋ ਇਸ ਗੱਲ ਨੂੰ ਮਨ ਵਿੱਚ ਸਮਝਦਾ ਹੈ ਉਹ ਦੇਹਧਾਰੀ ਹੋਣ ਕਰਕੇ ਵੀ ਮੁਕਤ ਹੈ। ਉਹੀ ਗਿਆਨੀ ਅਤੇ ਉਹੀ ਮਹਾਂਗੁਰੂ ਹੈ।

**अनादिनिधनं लिङ्गं कारणं जगतामिति।**

**ये न जानन्ति ते मूढा मोक्षमार्गबहिष्कृताः।।४७।।**

47. ਜੋ ਲਿੰਗ ਨੂੰ ਨਹੀਂ ਜਾਣਦੇ ਜੋ ਕਿ ਸ਼ੁਰੂਆਤ ਅਤੇ ਅੰਤ ਤੋਂ ਰਹਿਤ ਹੈ, ਜੋ ਸੰਸਾਰ ਦਾ ਕਾਰਣ ਹੈ, ਉਹ ਮੂਰਖ ਹਨ ਅਤੇ ਮੁਕਤੀ ਦੇ ਮਾਰਗ ਤੋਂ ਭਟਕੇ ਹੋਏ ਹਨ।

**यः प्राणलिङ्गार्चनभावपूर्वैः**
**धर्मैरुपेतः शिवभावितात्मा।**
**स एव तुर्यः परिकीर्तितोऽसौ**
**संविद्विपाकाच्छरणाभिधानः ।।४८।।**

48. ਜੋ ਪ੍ਰਾਣਲਿੰਗ ਅਰਚਨਾ ਭਾਵ ਨਾਲ ਪੂਰੇ ਧਰਮਾਂ ਯੁਕਤ ਹੈ ਅਤੇ ਆਤਮਾਂ ਵਿੱਚ ਸਦਾ ਸ਼ਿਵ ਦਾ ਧਿਆਨ ਧਰਦਾ ਹੈ ਉਹੀ ਚਤੁਰਥ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਉਹ ਆਪਣੇ ਭਾਵਨਾਤਮਕ ਤਜੁਰਬੇ ਕਰਕੇ ਸ਼ਰਣ ਦੀ ਉਪਾਧੀ ਪਾ ਲੈਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਅਧਿਆਇ 13

माहेश्वरः प्रसादीति प्राणलिङ्गीति बोधितः।
कथमेष समादिष्टः पुनः शरणसंज्ञकः?।।१।।

1. ਫਿਰ ਅਗਸਤਿਆ ਦਾ ਸਵਾਲ ਆਉਂਦਾ ਹੈ। ਅਗਸਤਿਆ ਕਹਿੰਦਾ ਹੈ - "ਮੈਨੂੰ ਹੁਣ ਤੱਕ ਮਹੇਸ਼ਵਰ, ਪ੍ਰਸਾਦਿਨ ਅਤੇ ਪ੍ਰਾਣਲਿੰਗੀ ਬਾਰੇ ਦੱਸਿਆ ਗਿਆ ਹੈ। ਇਸਨੂੰ ਹੀ ਸ਼ਰਣਸਥਲੀ ਕਿਵੇਂ ਕਿਹਾ ਜਾਂਦਾ ਹੈ, ਮੈਨੂੰ ਹੁਣ ਇਸ ਬਾਰੇ ਕੁਝ ਗਿਆਨ ਦਿਉ"।

अङ्गलिङ्गी ज्ञानरूपः सतीज्ञेयः शिवः पतिः।
यत्सौख्यं तत्समावेशे तद्वान् शरणनामवान्।।२।।

2. ਰੇਣੂਕਾਚਾਰਿਆ ਨੇ ਕਿਹਾ - ਉਹ ਪ੍ਰਾਣਲਿੰਗੀ ਜਿਸ ਨੇ ਅੰਗ ਅਤੇ ਲਿੰਗ ਦੇ ਸਮਾਵੇਸ਼ ਨੂੰ ਸਮਝ ਲਿਆ ਹੈ ਅਤੇ ਜਿਸ ਦੀ ਕੁਦਰਤੀ ਸਥਿਤੀ ਸ਼ਿਵਾ ਦਾ ਗਿਆਨ ਹੈ, ਉਹ ਆਪਣੇ ਆਪ ਨੂੰ ਸਤੀ ਅਤੇ ਸ਼ਿਵਾ ਨੂੰ ਪਤੀ ਕਹਿ ਸਕਦਾ ਹੈ। ਜੋ ਇਸ ਤਰ੍ਹਾਂ ਦੀ ਆਸ਼ੀਸ਼ ਨੂੰ ਸਮਝਣ ਲੱਗ ਪੈਂਦਾ ਹੈ ਉਸ ਨੂੰ ਸ਼ਰਣਸਥਲੀ ਕਹਿੰਦੇ ਹਨ।

स्थलमेतत् समाख्यातं चतुर्धा धर्मभेदतः।
आदौ शरणमाख्यातं ततस्तामसवर्जनम्।।३।।

3. ਇਹ ਸਥਲ(ਸ਼ਰਣਸਥਲ) ਧਰਮ ਦੇ ਭੇਦ ਅਨੁਸਾਰ ਚਾਰ ਤਰ੍ਹਾਂ ਦਾ ਹੋ ਸਕਦਾ ਹੈ - ੧.ਸ਼ਰਣਸਥਲ ੨. ਤਾਮਸਨਿਰਸਨਸਥਲ ੩. ਨਿਰਦੇਸ਼ਸਥਲ ੪. ਸ਼ੀਲਸੰਪਾਦਨਸਥਲ। ਹੁਣ ਮੈਂ ਕ੍ਰਮਵਾਰ ਇਹਨਾਂ ਦੇ ਲੱਛਣ ਦੱਸਦਾ ਹਾਂ, ਧਿਆਨ ਨਾਲ ਸੁਣੋ।

ततो निर्देशमुद्दिष्टं शीलसम्पादनं ततः।
क्रमाल्लक्षणमेतेषां कथयामि निशाम्यताम्।।४।।

4. ਜਿਸ ਤਰ੍ਹਾਂ ਸਤੀ ਇਸਤਰੀ ਆਪਣੇ ਪਤੀ ਪ੍ਰਤੀ ਭਾਵਨਾ ਰੱਖਦੀ ਹੈ, ਇਸ ਤਰ੍ਹਾਂ ਜੋ ਵਿਅਕਤੀ ਸ਼ਿਵ ਦੇ ਵਿਸ਼ੇ ਵਿੱਚ ਆਪਣੇ ਆਪ ਨੂੰ ਸ਼ਕਤੀ ਸਮਝਦੇ ਹੋਏ ਭਾਵਨਾਂ ਕਰਦਾ ਹੈ ਅਤੇ ਸ਼ਿਵ ਤੋ ਇਲਾਵਾ ਹੋਰ ਦੇਵਤਿਆਂ ਆਦਿ ਦੇ ਵਿਸ਼ੇ ਤੋਂ ਬੇਮੁਖ ਹੈ ਉਸਨੂੰ ਸ਼ਰਨਾਮਵਾਲਾ ਕਹਿੰਦੇ ਹਨ।

सतीव रमणे यस्तु शिव-शक्ति विभावयन्।
तदन्यविमुखः सोऽयं ज्ञातः शरणनामवान्।।५।।

5. ਸ਼ਿਵ ਦਾ ਸਾਕਸ਼ਾਤ ਗਿਆਨ ਹੋਣ ਨਾਲ ਕੌਣ ਅਜਿਹਾ ਵਿਅਕਤੀ ਹੈ ਜੋ ਕਿਸੇ ਦੂਸ਼ਰੇ ਦੀ ਇੱਛਾ ਕਰੇਗਾ? ਜਦ ਕਿਸੇ ਨੂੰ ਮਹਾਨ ਧਨ ਮਿਲ ਜਾਂਦਾ ਹੈ ਤਾਂ ਹੋਰ ਕਿਸੇ ਤਰ੍ਹਾਂ ਦੇ ਕੱਚ ਦੀ ਇੱਛਾ ਕਿਉਂ ਰੱਖੇਗਾ?

परिज्ञाते शिवे साक्षात् को वान्यमभिकाङ्क्षति?।
निधाने महति प्राप्ते कः काचं याचतेऽन्यतः?।।६।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

6. ਸ਼ਿਵ ਦਾ ਆਨੰਦ ਪ੍ਰਾਪਤ ਕਰ ਕੇ ਕੌਣ ਕਿਸੇ ਦੂਸਰੇ ਦੀ ਉਪਾਸਨਾ ਕਰਦਾ ਹੈ? ਗੰਗਾਜਲ ਰੂਪੀ ਅੰਮ੍ਰਿਤ ਨੂੰ ਛੱਡ ਕੇ ਕੌਣ ਮ੍ਰਿਗਤ੍ਰਿਸ਼ਨਾ ਪਿੱਛੇ ਭੱਜੇਗਾ?

**शिवानन्दं समासाद्य को वान्यमुपतिष्ठते?।**

**गङ्गामृतं परित्यज्य कः काङ्क्षेन्मृगतृष्णिकाम्?।।७।।**

7. ਜੋ ਦੇਵਤਾ ਲੋਕ ਸੰਸਾਰੀ ਜੀਵਾਂ ਲਈ ਜੁਗਨੂੰ ਦੇ ਸਮਾਨ ਹਨ ਸ਼ੰਕਰ ਦੇ ਰੂਪ ਵਿੱਚ ਸੂਰਜ ਨੂੰ ਕਿਵੇਂ ਛੱਡ ਸਕਦੇ ਹਨ, ਉਹ ਕਿਵੇਂ ਸੰਸਾਰ ਰੂਪੀ ਅੰਧਕਾਰ ਦਾ ਨਾਸ਼ ਕਰਨ ਦੇ ਕਿਵੇਂ ਸਮਰਥ ਹੋ ਸਕਦੇ ਹਨ।

**संसारतिमिरच्छेदे विना शङ्करभास्करम्।**

**प्रभवन्ति कथं देवाः खद्योता इव देहिनाम्?।।८।।**

8. ਸੰਸਾਰ ਤੋਂ ਪੀੜਤ ਵਿਅਕਤੀ ਨੂੰ ਸ਼ਿਵ ਦੇ ਕੋਲ ਜਾਣਾ ਚਾਹੀਂਦਾ ਹੈ। ਬ੍ਰਹਮਾਂ ਆਦਿ ਦੇਵਤਿਆਂ ਤੋਂ ਕੋਈ ਫਲ ਮਿਲਣ ਵਾਲਾ ਨਹੀਂ ਹੈ।

**संसारार्तः शिवं यायाद् ब्रह्माद्यैः किं फलं सुरैः?।**

**चकोरस्तृषितः पश्येच्चन्द्रं किं तारका अपि?।।९।।**

9. ਪਿਆਸਾ ਚਕੋਰ ਚੰਦਰਮਾਂ ਨੂੰ ਵੇਖਦਾ ਹੈ। ਕੀ ਉਹ ਤਾਰਿਆਂ ਨੂੰ ਵੀ ਦੇਖਦਾ ਹੈ? ਭਾਵ ਨਹੀਂ ਦੇਖਦਾ।

**शिव एव समस्तानां शरण्यः शरणार्थिनाम्।**

**संसारोरगदष्टानां सर्वज्ञः सर्वदोषहा।।१०।।**

10. ਸੰਸਾਰ ਰੂਪੀ ਸੱਪ ਦੁਆਰਾ ਕੱਟੇ ਗਏ ਅਤੇ ਹੋਰ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਵਾਲੇ ਸ਼ਿਰਫ ਸ਼ਿਵ ਹਨ ਜੋ ਕਿ ਸਰਵੱਗ ਹਨ ਅਤੇ ਸਾਰੇ ਦੋਸ਼ਾਂ ਨੂੰ ਨਸ਼ਟ ਕਰਨ ਵਾਲੇ ਹਨ।

**शिवज्ञाने समुत्पन्ने परानन्दः प्रकाशते।**

**तदासक्तमना योगी नान्यत्र रमते सुधीः।।११।।**

11. ਸ਼ਿਵ ਗਿਆਨ ਦੇ ਪੈਦਾ ਹੋਣ ਨਾਲ ਪਰਾਨੰਦ ਦਾ ਅਨੁਭਵ ਹੁੰਦਾ ਹੈ। ਗਿਆਨ ਪ੍ਰਾਪਤ ਯੋਗੀ ਜਿਸ ਦੇ ਮਨ ਦਾ ਝੁਕਾਓ ਸ਼ਿਵ ਵੱਲ ਹੁੰਦਾ ਹੈ ਉਹ ਹੋਰ ਕਿਤੇ ਵੀ ਆਨੰਦਿਤ ਨਹੀਂ ਹੋ ਸਕਦਾ।

**तस्मात् सर्वप्रयत्नेन शङ्करं शरणं गतः।**

**तदनन्तसुखं प्राप्य मोदते नान्यचिन्तया।।१२।।**

12. ਇਸ ਲਈ ਸਾਰੀਆਂ ਕੋਸ਼ਿਸ਼ਾਂ ਕਰ ਕੇ ਸ਼ਿਵ ਦੀ ਸ਼ਰਣ ਵਿੱਚ ਗਿਆ ਯੋਗੀ ਉਸ ਆਨੰਦ ਸੁਖ ਨੂੰ ਪ੍ਰਾਪਤ ਕਰ ਕੇ ਆਨੰਦਮਈ ਰਹਿੰਦਾ ਹੈ ਨਾਂ ਕਿ ਹੋਰ ਦੇਵਤਿਆਂ ਦਾ ਧਿਆਨ ਧਰ ਕੇ।

**शिवासक्तपरानन्दमोदिना - गुरुणा यतः।**

**निरस्यन्ते तमोभावाः स तामसनिरासकः।।१३।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

13. ਪੂਜਣਯੋਗ ਗੁਰੂ ਦੀ ਕਿਰਪਾ ਨਾਲ ਸਭ ਤਰ੍ਹਾਂ ਦੇ ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ। ਉਹ ਭਗਤ ਸ਼ਿਵ ਦੀ ਭਗਤੀ ਨਾਲ ਸ਼ਿਵ ਦੀ ਉੱਚ ਆਸ਼ੀਸ਼ ਪ੍ਰਾਪਤ ਕਰਦਾ ਹੈ, ਉਸ ਨੂੰ ਤਾਮਸਨਿਰਸਨਸਥਲ ਕਹਿੰਦੇ ਹਨ।

यस्य ज्ञानं तमोमिश्रं न तस्य गतिरिष्यते।

सत्त्वं हि ज्ञानयोगस्य नैर्मल्यं विदुरुत्तमाः।।१४।।

14. ਜਿਸ ਦਾ ਗਿਆਨ ਅਗਿਆਨ ਦੇ ਅੰਧੇਰੇ ਨਾਲ ਮਿਲਿਆ ਹੁੰਦਾ ਹੈ ਉਸ ਦੀ ਸਦਗਤੀ ਨਹੀਂ ਹੁੰਦੀ । ਇਹ ਵਿਦਵਾਨਾਂ ਦੁਆਰਾ ਕਿਹਾ ਗਿਆ ਹੈ ਕਿ ਮਨ ਦੀ ਸ਼ੁੱਧਤਾ(ਸਤਵਗੁਣ) ਗਿਆਨਯੋਗ ਦਾ ਪਵਿੱਤਰ ਸਾਧਨ ਹੈ।

शमो दमो विवेकश्च वैराग्यं पूर्णभावना।

क्षान्तिः कारुण्यसम्पत्तिः श्रद्धा सत्यसमुद्भवा।।१५।।

15. ਸ਼ਮ, ਦਮ, ਵਿਵੇਕ, ਵੈਰਾਗ, ਪੂਰੰਣਭਾਵਨਾ ਅਰਥਾਤ ਅਖੰਡ ਗਿਆਨ, ਖਿਮਾ, ਕਰੁਣਾ, ਸੱਚ ਤੋਂ ਉਤਪੰਨ ਸ਼ਰਧਾ, ਸ਼ਿਵ ਭਗਤੀ, ਪਰਮਧਰਮ ਅਰਥਾਤ ਵੀਰਸ਼ੈਵਚਾਰ, ਇਹ ਸਭ ਸ਼ਿਵਗਿਆਨ ਦੇ ਭਾਈ ਬੰਧੂ ਹਨ।

शिवभक्तिः परो धर्मः शिवज्ञानस्य बान्धवाः।

एतैर्युक्तो महायोगी सात्त्विकः परिकीर्तितः।।१६।।

16. ਮਹਾਨ ਯੋਗੀ ਜਿਸ ਵਿਚ ਇਹ ਗੁਣ ਹੁੰਦੇ ਹਨ ਉਸਨੂੰ ਸੱਤਵਿਕਾ ਕਹਿੰਦੇ ਹਨ।

कामक्रोधमहामोहमदमात्सर्य – वारणाः।

शिवज्ञानमृगेन्द्रस्य कथं तिष्ठन्ति सन्निधौ?।।१७।।

17. ਕਾਮ, ਕਰੋਧ, ਮਹਾਂਮੋਹ, ਅਹੰਕਾਰ, ਭਰਮ, ਲਾਲਚ ਰੂਪੀ ਹਾਥੀਆਂ ਦਾ ਝੁੰਡ ਸ਼ਿਵਗਿਆਨ ਰੂਪੀ ਸ਼ੇਰ ਦੇ ਸਾਹਮਣੇ ਕਿਵੇਂ ਠਹਿਰ ਸਕਦੇ ਹਨ।

यत्र कुत्रापि वा द्वेष्टि प्रपञ्चे शिवरूपिणि।

शिवद्वेषी स विज्ञेयो रजसाविष्टमानसः।।१८।।

18. ਉਹ ਇਨਸਾਨ ਜੋ ਇਸ ਸੰਸਾਰ ਵਿੱਚ ਹਰ ਜਗ੍ਹਾ ਹਰ ਸ਼ਿਵਾ ਰੂਪੀ ਚੀਜ਼ ਨੂੰ ਨਫਰਤ ਕਰਦਾ ਹੈ, ਉਹ ਬੇਸ਼ੱਕ ਸ਼ਿਵਾ ਨੂੰ ਨਫਰਤ ਕਰਨ ਵਾਲਾ ਹੈ। ਜਿਸਦਾ ਮਨ ਰਾਜੋਗੁਣ ਨਾਲ ਭਰਿਆ ਹੋਵੇ ਉਸਨੂੰ ਸ਼ਿਵਦੋਸ਼ੀ ਸਮਝਿਆ ਜਾਣਾ ਚਾਹੀਦਾ ਹੈ।

यो द्वेष्टि सकलान् लोकान् यो वाहङ्कुरुते सदा।

योऽसत्यभावनायुक्तः स तामस इति स्मृतः।।१९।।

19. ਜੋ ਸਭ ਲੋਕਾਂ ਨੂੰ ਨਫਰਤ ਕਰਦਾ ਹੈ ਅਤੇ ਜੋ ਸਦਾ ਅਹੰਕਾਰ ਵਿੱਚ ਰਹਿੰਦਾ ਹੈ ਅਤੇ ਝੂਠ ਵਾਲੀ ਭਾਵਨਾਂ ਨਾਲ ਭਰਿਆ ਹੁੰਦਾ ਹੈ ਉਸਨੂੰ ਤਮਸ ਕਿਹਾ ਜਾਂਦਾ ਹੈ।

तमोमूला हि सञ्जाता रागद्वेषादिपादपाः।

शिवज्ञानकुठारेण छेद्यन्ते हि निरन्तरम्।।२०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

20. ਆਪਣਾਪਣ ਅਤੇ ਨਫਰਤ ਵਾਲੇ ਦਰਖਤਾਂ ਦੀਆਂ ਜੜ੍ਹਾਂ ਅਗਿਆਨ ਦੇ ਹਨ੍ਹੇਰੇ ਵਿੱਚ ਹੁੰਦੀਆਂ ਹਨ। ਅਜਿਹੇ ਦਰਖਤ ਸ਼ਿਵਗਿਆਨ ਰੂਪੀ ਕੁਹਾੜੀ ਨਾਲ ਸਦਾ ਕੱਟੇ ਜਾਂਦੇ ਹਨ।

शिवज्ञाने समुत्पन्ने सहस्रादित्यसन्निभे।
कुतस्तमोविकाराः स्युर्महतां शिवयोगिनाम्।।२१।।

21. ਸ਼ਿਵਗਿਆਨ, ਜੋ ਕਿ ਹਜ਼ਾਰਾਂ ਸੂਰਜਾਂ ਦੇ ਸਮਾਨ ਹੈ, ਜਦੋਂ ਜਨਮਦਾ ਹੈ ਤਾਂ ਸ਼ਿਵਯੋਗੀਆਂ ਦੇ ਸੰਦਰਭ ਵਿੱਚ ਅਗਿਆਨ(ਤਮਸ) ਕਿਵੇਂ ਠਹਿਰ ਸਕਦਾ ਹੈ।

निराकृत्य तमोभागं संसारस्य प्रवर्तकम्।
निर्दिश्यते तु यज्ज्ञानं स निर्देश इति स्मृतः।।२२।।

22. ਉਹ ਗਿਆਨ ਜੋ ਅਗਿਆਨ ਨੂੰ ਦੂਰ ਕਰਨ ਤੋਂ ਬਾਅਦ ਦਿੱਤਾ ਜਾਂਦਾ ਹੈ ਅਤੇ ਜੋ ਆਵਾਗਮਨ ਤੋਂ ਮੁਕਤ ਕਰਾਉਂਦਾ ਹੈ ਉਸਨੂੰ ਨਿਰਦੇਸ਼ ਕਿਹਾ ਜਾਂਦਾ ਹੈ।

गुरुरेव परं तत्त्वं प्रकाशयति देहिनाम्।
को वा सूर्यं विना लोके तमसो विनिवर्तकः?।।२३।।

23. ਆਤਮਾਵਾਂ ਨੂੰ ਸਰਵਉਚ ਸਿਧਾਂਤ ਦਾ ਗਿਆਨ ਗੁਰੁ ਹੀ ਦਿੰਦਾ ਹੈ। ਸੂਰਜ ਤੋਂ ਇਲਾਵਾ ਹਨੇਰੇ ਨੂੰ ਕੌਣ ਦੂਰ ਕਰ ਸਕਦਾ ਹੈ?

अन्तरेण गुरुं सिद्धं कथं संसारनिष्कृतिः?।
निदानज्ञं विना वैद्यं किं वा रोगो निवर्तते?।।२४।।

24. ਪੂਰੇ ਗੁਰੁ ਤੋਂ ਬਿਨ੍ਹਾਂ ਆਵਾਗਮਨ ਤੋਂ ਮੁਕਤੀ ਕਿਸ ਤਰ੍ਹਾਂ ਹੋ ਸਕਦੀ ਹੈ। ਇੱਕ ਡਾਕਟਰ ਜੋ ਕਿ ਪੈਥੋਲੋਜੀ ਦਾ ਮਾਹਰ ਹੈ, ਉਸ ਤੋਂ ਬਿਨਾਂ ਬਿਮਾਰੀ ਕੌਣ ਦੂਰ ਕਰ ਸਕਦਾ ਹੈ।

अज्ञानमलिनं चित्तदर्पणं यो विशोधयेत्।
प्रज्ञाविभूतियोगेन तमाहुर्गुरुसत्तमम्।।२५।।

25. ਜੋ ਅਗਿਆਨ ਦੁਆਰਾ ਗੰਦੇ ਕੀਤੇ ਮਨ ਦੇ ਸ਼ੀਸ਼ੇ ਨੂੰ ਗਿਆਨ ਰੂਪੀ ਪਵਿੱਤਰ ਰਾਖ ਨਾਲ ਸਾਫ ਕਰਦਾ ਹੈ ਉਸਨੂੰ ਸਰਵਉਚ ਗੁਰੁ ਕਹਿੰਦੇ ਹਨ।

अपरोक्षिततत्त्वस्य जीवन्मुक्तस्वभाविनः।
गुरोः कटाक्षे संसिद्धे को वा लोकेषु दुर्लभः?।।२६।।

26. ਜਿਸ ਗੁਰੁ ਨੂੰ ਸ਼ਿਵਤੱਤ ਦਾ ਗਿਆਨ ਹੋਵੇ ਅਤੇ ਜਿਸ ਦਾ ਸੁਭਾਅ ਜੀਵਨਲੁਮਤ ਹੋਵੇ ਉਸ ਦੀ ਝਲਕ ਮਾਤਰ ਮਿਲਦੀ ਹੈ ਤਾਂ ਇਸ ਸੰਸਾਰ ਵਿੱਚ ਕੀ ਦੁਰਲਭ ਹੋ ਸਕਦਾ ਹੈ।

कैवल्यकल्पतरवो गुरवः करुणालयाः।
दुर्लभा हि जगत्यस्मिन् शिवाद्वैतपरायणाः।।२७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

27. ਇਸ ਸੰਸਾਰ ਵਿੱਚ ਉਹ ਗੁਰੁ ਦੁਰਲਭ ਹਨ ਜੋ ਕਿ ਮੁਕਤੀ ਲਈ ਇੱਕ ਕਲਪ ਬਿਰਖ ਦੀ ਤਰ੍ਹਾਂ ਹਨ, ਜੋ ਕਰੁਣਾ ਦੇ ਸਾਗਰ ਹਨ ਅਤੇ ਜੋ ਸ਼ਿਵ ਨਾਲ ਇਕਮਿਕ ਹਨ।

क्षीराब्धिरिव सिन्धूनां सुमेरुरिव भूभृताम्।

ग्रहाणामिव तिग्मांशुर्मणीनामिव कौस्तुभः।।२८।।

28. ਜਿਸ ਤਰ੍ਹਾਂ ਸਮੁੰਦਰਾਂ ਵਿੱਚ ਖੀਰ ਸਮੁੰਦਰ, ਪਰਬਤਾਂ ਵਿੱਚ ਸੁਮੇਰ, ਗ੍ਰਹਿਆਂ ਵਿੱਚ ਸੂਰਜ, ਮਣੀਆਂ ਵਿੱਚ ਕੌਸਤੁੰਬ ਦੀ ਮਣੀ, ਬਿਰਖਾਂ ਵਿੱਚ ਚੰਦਨ, ਦੇਵਤਿਆਂ ਵਿੱਚ ਸ਼ਿਵਾ ਅਤੇ

द्रुमाणामिव भद्रश्रीर्देवानामिव शङ्करः।

गुरुः शिवः परःश्लाघ्यो गुरूणां प्राकृतात्मनाम्।।२९।।

29. ਉਸੇ ਤਰ੍ਹਾਂ ਗੁਰੂਆਂ ਵਿੱਚ ਸ਼ਿਵਗਿਆਨੀ ਗੁਰੁ ਸ਼੍ਰੇਸ਼ਠ ਹੈ।

जिज्ञासा शिवतत्त्वस्य शीलमित्युच्यते बुधैः।

निर्देश्ययोगादार्याणां तद्वान् शीलीति कथ्यते।।३०।।

30. ਗੁਰੂਆਂ ਦੇ ਦੁਆਰਾ ਨਿਰਦੇਸ਼ ਜਾਂ ਉਪਦੇਸ਼ ਹੋਣ ਦੇ ਕਾਰਣ ਵਿਦਵਾਨ ਲੋਕ ਸ਼ਿਵਤੱਤ ਦੀ ਜਿਗਿਆਸਾ ਨੂੰ ਸ਼ੀਲ ਕਹਿੰਦੇ ਹਨ ਅਤੇ ਇਹ ਜਿਸਦੇ ਕੋਲ ਹੈ ਉਸਨੂੰ ਸ਼ੀਲੀ ਕਿਹਾ ਜਾਂਦਾ ਹੈ।

प्रपन्नार्तिहरे देवे परमात्मनि शङ्करे।

भावस्य स्थिरतायोगः शीलमित्युच्यते बुधैः।।३१।।

31. ਸ਼ਰਣਾਗਤ ਦੇ ਕਸ਼ਟ ਨੂੰ ਦੂਰ ਕਰਨ ਵਾਲੇ ਦੇਵਾਂ ਦੇ ਦੇਵ ਪਰਮਾਤਮਾਂ ਸ਼ਿਵ ਦੇ ਪ੍ਰਤੀ ਭਾਵ ਦੀ ਸਥਿਰਤਾ ਨੂੰ ਵਿਦਵਾਨ ਲੋਕ ਸ਼ਲਿ ਕਹਿੰਦੇ ਹਨ।

शीलं शिवैकविज्ञानं शिवध्यानैकतानता।

शिवप्राप्तिसमुत्कण्ठा तद्योगी शीलवान् स्मृतः।।३२।।

32. ਕੇਵਲ ਸ਼ਿਵ ਦਾ ਗਿਆਨ, ਸ਼ਿੜ ਦਾ ਨਿਰੰਤਰ ਧਿਆਨ ਅਤੇ ਸ਼ਿਵ ਦੀ ਪ੍ਰਾਪਤੀ ਦੇ ਲਈ ਇੱਛਾ ਰੱਖਣਾ ਸ਼ੀਲ ਕਹਾਉਂਦਾ ਹੈ। ਇਹ ਜਿਸਦੇ ਕੋਲ ਹੈ ਉਸ ਨੂੰ ਸ਼ੀਲਵਾਨ ਕਿਹਾ ਜਾਂਦਾ ਹੈ ।

शिवादन्यत्र विज्ञाने वैमुख्यं यस्य सुस्थिरम्।

तदासक्तमनोवृत्तिस्तमाहुः शीलभाजनम्।।३३।

33. ਸ਼ਿਵ ਤੋਂ ਇਲਾਵਾ ਵਿਗਿਆਨ ਦੇ ਵਿਸ਼ੇ ਵਿੱਚ ਜਿਸ ਦੀ ਦਿਲਚਸਪੀ ਨਹੀ ਅਤੇ ਜਿਸ ਦੇ ਮਨ ਦਾ ਝੁਕਾਓ ਕੇਵਲ ਸ਼ਿਵਾ ਦੇ ਵੱਲ ਹੀ ਹੁੰਦਾ ਹੈ ਉਸ ਨੂੰ ਹੀ ਸ਼ੀਲ ਕਹਿਣਾ ਉਪਯੁਕਤ ਹੈ।

पतिव्रताया यच्छीलं पतिरागात् प्रशस्यते।

तथा शिवानुरागेण सुशीलोऽभक्त उच्यते।।३४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

34. ਜਿਵੇਂ ਕਿਸੇ ਇਸਤਰੀ ਦੀ ਆਪਣੇ ਪਤੀ ਪ੍ਰਤੀ ਪਵਿੱਤਰਤਾ ਉਸਦੇ ਪਿਆਰ ਨਾਲ ਉਜਾਗਰ ਹੁੰਦੀ ਹੈ। ਉਸੇ ਤਰ੍ਹਾਂ ਜੋ ਪ੍ਰਾਣੀ ਸ਼ਿਵ ਦੇ ਪ੍ਰਤੀ ਪਿਆਰ ਦੇ ਕਰਕੇ ਸ਼ਿਵ ਪ੍ਰਤੀ ਪ੍ਰੀਤ ਨਿਭਾਉਂਦਾ ਹੈ ਉਸ ਨੂੰ ਸੁਸ਼ੀਲ ਕਿਹਾ ਜਾਂਦਾ ਹੈ।

**पतिं विना यथा स्त्रीणां सेवान्यस्य तु गर्हणा।**

**शिवं विना तथान्येषां सेवा निन्द्या कृतात्मनाम्।।३५।।**

35. ਜਿਸ ਤਰ੍ਹਾਂ ਇਸਤਰੀ ਦੇ ਲਈ ਪਤੀ ਤੋਂ ਇਲਾਵਾ ਹੋਰ ਕਿਸੇ ਦੀ ਸੇਵਾ ਨਿੰਦਣਯੋਗ ਹੈ ਉਸੇ ਤਰ੍ਹਾਂ ਆਸ਼ੀਸ਼ ਪ੍ਰਾਪਤ ਆਤਮਾਵਾਂ ਲਈ ਸ਼ਿਵ ਤੋਂ ਇਲਾਵਾ ਹੋਰ ਕਿਸੇ ਦੇਵਤੇ ਦੀ ਪੂਜਾ ਨਿੰਦਣਯੋਗ ਹੈ।

**बहुनात्र किमुक्तेन शिवज्ञानैकनिष्ठता।**

**शीलमित्युच्यते सद्भिः शीलवांस्तत्परो मतः।।३६।।**

36. ਇਸ ਤੋਂ ਇਲਾਵਾ ਹੋਰ ਕੀ ਕਹਿਣਾ? ਸ਼ੱਜਣ ਲੋਕਾਂ ਦੁਆਰਾ ਸ਼ਿਵਗਿਆਨ ਦੇ ਪ੍ਰਤੀ ਇਕਨਿਸ਼ਠਾ ਨੂੰ ਸ਼ੀਲ ਕਹਿੰਦੇ ਹਨ ਅਤੇ ਜੋ ਇਸ ਕੰਮ ਵਿੱ ਲੱਗਾ ਹੋਇਆ ਹੈ ਉਸਨੂੰ ਸ਼ਲਿਵਾਨ ਕਿਹਾ ਜਾਂਦਾ ਹੈ।

**शिवात्मबोधैकरतः स्थिराशयः**

**शिवं प्रपन्नो जगतामधीशम्।**

**शिवैकनिष्ठाहितशीलभूषणः ।**

**शिवैक्यवानेव हि कथ्यते बुधैः।।३७।।**

37. ਕੇਵਲ ਸ਼ਿਵਬੋਧ ਵਿੱਚ ਲੱਗਿਆ ਹੋਇਆ, ਸਥਿਰ ਭਾਵਨਾਂ ਨਾਲ ਯੁਕਤ, ਸੰਸ਼ਾਰ ਦੇ ਸਵਾਮੀ ਸ਼ਿਵ ਦੀ ਸ਼ਰਣ ਵਿੱਚ ਗਿਆ ਹੋਇਆ, ਕੇਵਲ ਸ਼ਿੜ ਦੇ ਨਿਸ਼ਠਾਰੂਪੀ ਗਹਿਣਿਆਂ ਨੂੰ ਧਾਰਨ ਕਰਨ ਵਾਲੇ ਮਨੁੱਖ ਨੂੰ ਵਿਦਵਾਨਾਂ ਦੁਆਰਾ ਸ਼ਿਵੈਕੈਵਾਨ ਕਿਹਾ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਅਧਿਆਇ 14

तामसत्यागसम्बन्धान्निर्देशाच्छीलतस्तथा ।
शरणाख्यस्य भूयोऽस्य कथमैक्यनिरूपणम्।।१।।

1. ਅਗਸਤਿਆ ਨੇ ਕਿਹਾ - ਤਾਮਸ ਗੁਣ ਦਾ ਤਿਆਗ, ਗਿਆਨ ਨਿਰਦੇਸ਼ ਅਤੇ ਸ਼ੀਲਸੰਪਾਦਨ ਦੇ ਦੁਆਰਾ ਸ਼ਰਨ ਨਾਮਕ ਸਾਧਕ ਨੂੰ ਫਿਰ 'ਏਕਿਆ'(ਜੋ ਅੰਗ ਅਤੇ ਲਿੰਗ ਦੀ ਇਕਮਿਕਤਾ ਨੂੰ ਹਾਂਸਲ ਕਰ ਲੈਂਦਾ ਹੈ) ਕਿਵੇਂ ਕਿਹਾ ਜਾਂਦਾ ਹੈ?

प्राणलिङ्गादियोगेन सुखातिशयमेयिवान्।
शरणाख्यः शिवेनैक्यभावनादैक्यवान् भवेत्।।२।।

2. ਸ਼੍ਰੀ ਰੇਣੁਕਾਚਾਰਿਆ ਨੇ ਕਿਹਾ - ਪ੍ਰਾਣਲਿੰਗ ਧਿਆਨਯੋਗ ਦੇ ਦੁਆਰਾ ਅਤਿਅੰਤ ਆਸ਼ੀਸ਼ ਪ੍ਰਾਪਤ ਕਰਨ ਵਾਲਾ ਸ਼ਰਣ ਨਾਮਕ ਸਾਧਕ ਸ਼ਿਵ ਦੇ ਨਾਲ ਇਕਭਾਵਨਾ ਹੋਣ ਦੇ ਕਾਰਣ ਏਕਿਆਵਾਨ ਹੋ ਜਾਂਦਾ ਹੈ।

ऐक्यस्थलमिदं प्रोक्तं चतुर्धा मुनिपुङ्गव।
ऐक्यमाचारसम्पत्तिरेक - भाजनमेव च।।

3. ਏਕਿਆਵਾਨ ਚਾਰ ਪ੍ਰਕਾਰ ਦਾ ਕਿਹਾ ਗਿਆ ਹੈ - ੧) ਏਕਿਆਸਥਲ ੨) ਆਚਾਰਸੰਪਤੀ ਸਥਲ ੩) ਇੱਕਭਾਜਨਸਥਲ ਅਤੇ ੪) ਸਹਿਭੋਜਨ ਸਥਲ, ਹੁਣ ਇਹਨਾਂ ਦਾ ਕ੍ਰਮਵਾਰ ਵਰਣਨ ਇਸ ਪ੍ਰਕਾਰ ਹੈ।

विषयानन्दकणिकानिःस्पृहो निर्मलाशयः।
शिवानन्दमहासिन्धुमज्जनादैक्यमुच्यते ।।४।।

4. ਸ਼ਰਣ ਦੇ ਕਾਰਣ ਸ਼ੁੱਧ ਇਛਾਵਾਂ ਨਾਲ ਅਤੇ ਗਿਆਨ ਇੰਦਰੀਆਂ ਦੇ ਸੁੱਖਾਂ ਦਾ ਇੱਛਾ ਨਾ ਰੱਖਣ ਵਾਲਾ ਸ਼ਿਵ ਦੀ ਮਹਾਨ ਆਸ਼ੀਸ਼ ਵਿੱਚ ਭਿਜਿੱਆ ਹੋਣ ਵਾਲਾ ਇਨਸਾਨ ਏਕਿਆ ਕਹਿਲਾਉਂਦਾ ਹੈ।

निर्धूतमलसम्बन्धो निष्कलङ्कमनोगतः।
शिवोऽहमिति भावेन निरूढो हि शैवैक्यताम्।।५।।

5. ਜਿਸਨੇ ਇਕਮਨ ਨਾਲ ਮਾਲਾ ਫੇਰੀ ਹੁੰਦੀ ਹੈ ਅਤੇ ਜਿਸ ਦਾ ਮਨ ਕਿਸੇ ਵੀ ਤਰ੍ਹਾਂ ਦੇ ਪਾਪ ਤੋਂ ਰਹਿਤ ਹੁੰਦਾ ਹੈ ਅਤੇ ਜੋ ਡੂੰਘੇ ਮਨਾ ਨਾਲ ਸ਼ਿਵ ਨਾਲ ਇਕਮਿਕ ਹੁੰਦਾ ਹੈ ਉਸਨੂ ਸ਼ਿਵੈਕਿਆ ਪ੍ਰਾਪਤ ਹੁੰਦਾ ਹੈ।

शिवेनैक्यं समापन्नश्चिदानन्दस्वरूपिणा।
न पश्यति जगज्जालं मायाकल्पितवैभवम्।।६।।

6. ਆਨੰਦ ਅਤੇ ਗਿਆਨ ਰੂਪ ਸ਼ਿਵ ਨਾਲ ਇਕਮਿਕਤਾ ਨੂੰ ਪ੍ਰਾਪਤ ਕਰਨ ਵਾਲਾ ਮਨੁੱਖ ਮਾਇਆ ਦੁਆਰਾ ਰਚੇ ਹੋਏ ਵੈਭਵ ਵਾਲੇ ਸੰਸਾਰ ਜਾਲ ਨੂੰ ਨਹੀਂ ਦੇਖਦਾ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ब्रह्माण्डबुद्बुदोद्भेदविजृम्भी तत्त्ववीचिमान्।
मायासिन्धुर्लयं याति शिवैक्यवडवानले।।७।।

7. ਮਾਇਆ ਦਾ ਸਮੁੰਦਰ ਜੋ ਸੰਸਾਰ ਦੇ ਰੂਪ ਵਿੱਚ ਕਈ ਤਰ੍ਹਾਂ ਦੇ ਬੁਲਬਲਿਆਂ ਦੁਆਰਾ ਵਧਦਾ ਫੁਲਦਾ ਹੈ ਅਤੇ ਜਿਸ ਦੀਆਂ ਸ਼ਿਵ ਤੋਂ ਭੂਮੀ ਤੱਕ ਛੱਤੀ ਸਿਧਾਂਤਾਂ ਦੀਆਂ ਤਰੰਗਾਂ ਹਨ, ਉਹ ਸ਼ਿਵਾ ਨਾਲ ਇਕਮਿਕ ਹੋ ਕੇ ਅਗਨੀ ਵਿੱਚ ਸਮਾ ਜਾਂਦਾ ਹੈ।

मायाशक्तितिरोधानाच्छिवे भेदविकल्पना।
आत्मनस्तद्विनाशे तु नाद्वैतात्किञ्चिदिष्यते।।८।।

8. ਮਾਇਆ ਸ਼ਕਤੀ ਦਾ ਸ਼ਿਵ ਵਿੱਚ ਪ੍ਰਸਾਰਣ ਹੋਣ ਨਾਲ ਜੀਵ ਦਾ ਸ਼ਿਵ ਨਾਲ ਭੇਦਭਾਵ ਹੁੰਦਾ ਹੈ, ਇਸ ਸ਼ਕਤੀ ਦੇ ਨਸ਼ਟ ਹੋਣ ਨਾਲ ਅਦਵੈਤ ਤੋਂ ਇਲਾਵਾ ਕੁਝ ਵੀ ਨਹੀਂ ਬਚਦਾ।

पशुत्वं च पतित्वं च मायामोहविकल्पितम्।
तस्मिन् प्रलयमापन्ने कः पशुः? को नु वा पतिः?।।९।।

9. ਪਸ਼ੂਭਾਵ ਅਤੇ ਪਤੀਭਾਵ ਦੋਵੇਂ ਮਾਇਆ ਦੀਆਂ ਵਿਕਲਪਨਾਵਾਂ(ਭਰਮ) ਹਨ, ਜਦੋਂ ਇਹ ਭਰਮ ਦੂਰ ਹੋ ਜਾਂਦਾ ਹੈ ਕੌਣ ਪਸ਼ੂ ਅਤੇ ਕੌਣ ਪਤੀ(ਭਾਵ ਕੁਝ ਵੀ ਨਹੀਂ ਬਚਦਾ)।

घोरसंसारसर्पस्य भेदवल्मीकशायिनः।
बाधकं परमाद्वैतभावना परमौषधम्।।१०।।

10. ਸਰਵਉਚ ਪ੍ਰਭੂ ਨਾਲ ਇਕਮਿਕਤਾ ਸਭ ਤੋਂ ਵਧੀਆਂ ਔਸ਼ਧੀ(ਦਵਾਈ) ਹੈ ਜੋ ਆਵਾਗਮਨ ਦੇ ਉਸ ਭਿਆਨਕ ਸੱਪ ਨੂੰ ਖਤਮ ਕਰਦੀ ਹੈ ਜੋ ਭੇਦਰੂਪੀ ਪਰਮਦਵੈਤ ਭਾਵਨਾ ਰੱਖਦਾ ਹੈ।

भेदबुद्धिसमुत्पन्नमहासंसारसागरम् ।
अद्वैतबुद्धिपोतेन समुत्तरति देशिकः।।११।।

11. ਆਚਾਰਿਆ ਭਾਵ ਸ਼ਿਵਲਿੰਗੀ ਭਾਵਨਾ ਵਾਲਾ ਵਿਅਕਤੀ ਭੇਦਬੁੱਧੀ ਤੋਂ ਪੈਦਾ ਹੋਏ ਮਹਾਂਸੰਸਾਰ ਸਾਗਰ ਨੂੰ ਅਦਵੈਤ ਬੁੱਧੀ ਰੂਪੀ ਜਹਾਜ ਨਾਲ ਪਾਰ ਕਰ ਜਾਂਦਾ ਹੈ।

अज्ञानतिमिरोद्रिक्ता कामरक्षःक्रियाकरी।
संसारकालरात्रिस्तु नश्येदद्वैतभानुना।।१२।।

12. ਅਗਿਆਨਰੂਪੀ ਅੰਧਕਾਰ ਨਾਲ ਭਰੀ ਹੋਈ ਕਾਮਰੂਪੀ ਰਾਕਸ਼ਸ਼ੀ ਸੰਸ਼ਾਰ ਰੂਪੀ ਕਾਲ ਦੀ ਰਾਤ ਸ਼ਿਵ ਦਵੈਤ ਰੂਪੀ ਸੂਰਜ ਨਾਲ ਨਸ਼ਟ ਹੋ ਜਾਂਦੀ ਹੈ।

तस्मादद्वैतभावस्य सदृशो नास्ति योगिनाम्।
उपायो घोरसंसारमहाताप - निवृत्तये।।१३।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

13. ਇਸ ਕਰਕੇ ਯੋਗੀਆਂ ਦੇ ਲਈ ਘੋਰ ਸੰਸਾਰ ਰੂਪੀ ਮਹਾਂਤਾਪ ਨੂੰ ਦੂਰ ਕਰਨ ਦੇ ਲਈ ਅਦਵੈਤ ਭਾਵ ਦੇ ਬਰਾਬਰ ਕੋਈ ਹੋਰ ਇਲਾਜ ਨਹੀਂ ਹੈ।

अद्वैतभावनाजातं क्षणमात्रेऽपि यत्सुखम्।
तत्सुखं कोटिवर्षेण प्राप्यते नैव भोगिभिः।।१४।।

14. ਅਜਿਹੀ ਆਸ਼ੀਸ਼ ਜੋ ਅਦਵੈਤ ਭਾਵਨਾ ਦੇ ਤਜੁਰਬੇ ਤੋਂ ਜਨਮ ਲੈਂਦੀ ਹੈ ਭਾਵੇਂ ਉਹ ਇੱਕ ਪਲ ਲਈ ਹੀ ਠਹਿਰੇ, ਉਹ ਰਾਜਭੋਗੀ ਲੋਕ ਕਰੋੜਾਂ ਸਾਲਾਂ ਵਿੱਚ ਵੀ ਪ੍ਰਾਪਤ ਨਹੀਂ ਕਰ ਸਕਦੇ।

चित्तवृत्ति - समालीनजगतः शिवयोगिनः।
शिवानन्दपरिस्फूर्तिर्मुक्तिरित्यभिधीयते ।।१५।।

15. ਜਿਸਨੇ ਸੰਸਾਰ ਨੂੰ ਆਪਣੀ ਚਿੱਤਵਿਰਤੀ ਵਿੱਚ ਲੀਨ ਕਰ ਲਿਆ ਹੈ ਅਜਿਹੇ ਸ਼ਿਵਯੋਗੀ ਦੀ ਮੁਕਤੀ ਸ਼ਿਵਆਨੰਦ ਮੁਕਤੀ ਕਹੀ ਜਾਂਦੀ ਹੈ।

शिवैकभावनापन्नशिवत्वो देहवानपि।
देशिको हि न लिप्येत स्वाचारैः सूतकादिभिः।।१६।।

16. 'ਸ਼ਿਵ ਹੀ ਇੱਕ ਮਾਤਰ ਸੱਚ ਹੈ' - ਅਜਿਹੀ ਭਾਵਨਾ ਵਿੱਚ ਲਿਪਤ ਸ਼ਿਵਤਵ ਵਾਲ ਆਚਾਰਿਆ ਸ਼ਰੀਰ ਧਾਰਨ ਕਰਨ ਤੇ ਵੀ ਸੂਤਕ ਆਦਿ ਆਪਣੇ ਸੰਪਰਦਾਇ ਜਾਂ ਸਮਾਜ ਦੇ ਆਚਾਰਾਂ ਤੋਂ ਲਿਪਤ ਅਰਥਾਤ ਦੂਸ਼ਿਤ ਨਹੀਂ ਹੁੰਦਾ।

शिवाद्वैत-परिज्ञाने स्थिते यति मनस्विनाम्।
कर्मणा किंतु भाव्यं स्यादकृतेन कृतेन वा?।।१७।।

17. ਵਿਦਵਾਨ ਇਨਸਾਨ ਵਿੱਚ ਸ਼ਿਵਾਦਵੈਤ ਦਾ ਗਿਆਨ ਹੋਣ ਨਾਲ ਕਿਸੇ ਤਰ੍ਹਾਂ ਦੀ ਕਿਰਿਆ ਹੋਵੇ ਜਾਂ ਨਾਂ ਹੋਵੇ ਕੋਈ ਫਰਕ ਨਹੀਂ ਪੈਂਦਾ।

शम्भोरेकत्वभावेन सर्वत्र समदर्शनः।
कुर्वन्नपि महाकर्म न तत्फलमवाप्नुयात्।।१८।।

18. ਉਹ ਯੋਗੀ ਜਿਸ ਦਾ ਸ਼ਿਵ ਨਾਲ ਇਕਮਿਕਤਾ ਹੋਣ ਕਰਕੇ ਸਭ ਨਾਲ ਇੱਕੋ ਜਿਹਾ ਵਿਵਹਾਰ ਹੋਵੇ ਉਹ ਕਰਮਾਂ ਦੇ ਫਲ ਨਾਲ ਸਬੰਧਤ ਨਹੀਂ ਹੁੰਦਾ ਭਾਵੇ ਉਸ ਨੇ ਕੋਈ ਮਹਾਨ ਕਰਮ ਵੀ ਕੀਤਾ ਹੋਵੇ ।

सुकृती दुष्कृती वापि ब्राह्मणो वान्त्यजोऽपि वा।
शिवैकभावयुक्तानां सदृशो भवति ध्रुवम्।।१९।।

19. ਉਹ ਯੋਗੀ ਜੋ ਸ਼ਿਵ ਨਾਲ ਅਦਵੈਤ ਭਾਵਨਾਂ ਦਾ ਤਜੁਰਬਾ ਕਰਦੇ ਹਨ ਉਹਨਾਂ ਲਈ ਸਭ ਸਮਾਨ ਹਨ ਫਿ ਭਾਵੇ ਉਹ ਇਨਸਾਨ ਗੁਣਾਂ ਵਾਲਾ ਹੋਵੇ, ਪਾਪੀ ਹੋਵੇ, ਬ੍ਰਾਹਮਨ ਹੋਵੇ ਜਾਂ ਸ਼ੂਦਰ ਹੋਵੇ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

वर्णाश्रमसदाचारैर्ज्ञानिनां किं प्रयोजनम्?।
लौकिकस्तु सदाचारः फलाभावेऽपि भाव्यते।।२०।।

20. ਜਿਸ ਨੇ ਆਤਮਗਿਆਨ ਹਾਂਸਲ ਕਰ ਲਿਆ ਹੋਵੇ ਜਾਤਪਾਤ ਅਤੇ ਜ਼ਿੰਦਗੀ ਦੇ ਹੋਰ ਕੰਮ ਕਰਨ ਦਾ ਕੀ ਲਾਭ? ਉਹਨਾਂ ਦੁਆਰਾ ਸੰਸ਼ਾਰ ਦੇ ਸਦਾਚਾਰੀ ਕੰਮ ਫਿਰ ਵੀ ਕੀਤੇ ਜਾਂਦੇ ਹਨ ਭਾਵੇਂ ਉਹਨਾਂ ਦਾ ਕੋਈ ਫਲ ਮਿਲੇ ਜਾਂ ਨਾ ਮਿਲੇ।

निर्दग्धकर्मबीजस्य निर्मलज्ञानवह्निना।
देहिवद् भासमानस्य देहयात्रा तु लौकिकी।।२१।।

21. ਨਿਰਮਲ ਗਿਆਨਰੂਪੀ ਅਗਨੀ ਨਾਲ ਜਿਸਦਾ ਕਰਮਬੀਜ ਭਸਮ ਹੋ ਗਿਆ ਹੈ, ਦੇਹ ਦੇ ਬਰਾਬਰ ਦਿਸਣ ਵਾਲੇ ਅਜਿਹੇ ਸ਼ਰੀਰਧਾਰੀ ਦੀ ਦੇਹਯਾਤਰਾ(ਖਾਣਪਾਣ, ਨੀਂਦ ਆਦਿ) ਹੋਰ ਲੋਕਾਂ ਦੀ ਤਰ੍ਹਾਂ ਹੁੰਦੀ ਹੈ (ਪਰੰਤੂ ਉਸ ਯਾਤਰਾ ਨਾਲ ਫਲ ਅਤੇ ਸੰਸ਼ਕਾਰ ਨਹੀਂ ਬਣਦੇ)।

शिवज्ञानसमापन्नस्थिरवैराग्यलक्षणः ।
स्वकर्मणा न लिप्येत पद्मपत्रमिवाम्भसा।।२२।।

22. ਸ਼ਿਵਗਿਆਨ ਨਾਲ ਯੁਕਤ ਸਥਿਰਵੈਰਾਗ ਵਾਲਾ ਭਗਤ ਆਪਣੇ ਕਰਮਾਂ ਨਾਲ ਉਸ ਤਰ੍ਹਾਂ ਲਿਪਤ ਨਹੀਂ ਹੁੰਦਾ ਜਿਵੇਂ ਜਲ ਦੇ ਨਾਲ ਕੰਵਲ ਦਾ ਪੱਤਾ ਲਿਪਤ ਨਹੀਂ ਹੁੰਦਾ।

गच्छंस्तिष्ठन् स्वपन् वापि जाग्रद् वापि महामतिः।
शिवज्ञान-समायोगाच्छिवपूजापरः सदा।।२३।।

23. ਸ਼ਿਵਜੋਤ ਪ੍ਰਾਪਤ ਸ਼ਿਵਗਿਆਨੀ ਸ਼ਿਵ ਦੇ ਗਿਆਨ ਵਿੱਚ ਲਿਪਤ ਹੋਣ ਕਾਰਨ ਹਮੇਸ਼ਾ ਸ਼ਿਵ ਦੀ ਪੂਜਾ ਵਿੱਚ ਵਿਅਸਤ ਰਹਿੰਦਾ ਹੈ ਭਾਵੇ ਉਹ ਚੱਲ ਰਿਹਾ ਹੋਵੇ, ਬੈਠਾ ਹੋਵੇ, ਸੌਂ ਰਿਹਾ ਹੋਵੇ ਅਤੇ ਭਾਵੇਂ ਜਾਗ ਰਿਹਾ ਹੋਵੇ।

यद्यत् पश्यति सामोदं वस्तु लोकेषु देशिकः।
शिवदर्शनसम्पत्तिस्तत्र तत्र महात्मनः।।२४।।

24. ਸ਼ਿਵਲਿੰਗੀ ਆਚਾਰਿਆ ਇਸ ਸੰਸਾਰ ਵਿੱਚ ਆਨੰਦ ਦੇ ਨਾਲ ਜਿਸ-ਜਿਸ ਵਸਤੂ ਨੂੰ ਵੇਖਦਾ ਹੈ ਉਸ ਓਸ ਵਸਤੂ ਵਿੱਚ ਉਸ ਮਹਾਤਮਾਂ ਨੂੰ ਸ਼ਿਵ ਹੀ ਵਸਿਆ ਪ੍ਰਤੀਤ ਹੁੰਦਾ ਹੈ।

यद्यच्चिन्तयते योगी मनसा शुद्धभावनः।
तत्तच्छिवमयत्वेन शिवध्यानमुदाहृतम्।।२५।।

25. ਸ਼ੁੱਧਭਾਵਨਾ ਵਾਲਾ ਯੋਗੀ ਮਨ ਵਿੱਚ ਜਿਸ ਜਿਸ ਦਾ ਧਿਆਨ ਧਰਦਾ ਹੈ ਉਸ ਨੂੰ ਸ਼ਿਵਮਈ ਹੋਣ ਨਾਲ ਸ਼ਿਵਧਿਆਨ ਕਿਹਾ ਜਾਂਦਾ ਹੈ।

यत्किञ्चित् भावितं लोके स्वेच्छया शिवयोगिना।
शिवस्तोत्रमिदं सर्वं यस्मात् सर्वात्मकः शिवः।।२६।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

26. ਸ਼ਿਵਯੋਗੀ ਸਵੈਇੱਛਾ ਨਾਲ ਇਸ ਸੰਸਾਰ ਵਿੱਚ ਜੋ ਕੁਝ ਕਹਿੰਦਾ ਹੈ ਉਹ ਸਭ ਸ਼ਿਵਸਤਰੋਤ ਹੋ ਜਾਂਦਾ ਹੈ ਕਿਉਂਕਿ ਸ਼ਿਵ ਸਭ ਵਿੱਚ ਵਸਦੇ ਹਨ।

या या चेष्टा समुत्पन्ना जायते शिवयोगिनाम्।

सा सा पूजा महेशस्य सर्वदा तद्गतात्मनाम्।।२७।।

27. ਸ਼ਿਵਯੋਗੀ ਦੁਆਰਾ ਜੋ ਜੋ ਚੇਸ਼ਟਾਵਾਂ(ਕਿਰਿਆਵਾਂ) ਉਸ ਦੇ ਸ਼ਰੀਰ ਵਿੱਚ ਪੈਦਾ ਹੁੰਦੀਆਂ ਹਨ ਉਹ ਸਭ ਸ਼ਿਵਮਈ ਆਤਮਾਂ ਵਾਲੇ ਉਹਨਾਂ ਜੀਵਾਂ ਲਈ ਸਦਾਸ਼ਿਵ ਦੀ ਪੂਜਾ ਹੁੰਦੀ ਹੈ।

विश्वं शिवमयं चेति सदा भावयतो धिया।

शिवैक - भाजनात्मत्वादेकभाजनमुच्यते।।२८।।

28. 'ਇਹ ਵਿਸ਼ਵ ਸ਼ਿਵਮਈ ਹੈ' - ਮਨ ਵਿੱਚ ਅਜਿਹੀ ਭਾਵਨਾ ਕਰਨਾ ਸ਼ਿਵੈਕਭਾਜਮਾਤਮਕ ਹੋਣ ਕਰਕੇ ਇੱਕਭਾਜਨ ਕਿਹਾ ਜਾਂਦਾ ਹੈ।

स्वस्य सर्वस्य लोकस्य शिवस्याद्वैतदर्शनात्।

एकभाजनयोगेन प्रसादैक्यमतिर्भवेत्।।२९।।

29. ਸਾਰੇ ਸੰਸਾਰ ਅਤੇ ਸ਼ਿਵ ਨੂੰ ਇੱਕ ਸਮਝਣ ਦੇ ਕਾਰਣ ਇੱਕ ਇਨਸਾਨ ਦੀ ਅਦਵੈਤ ਬੁੱਧੀ ਬਣ ਜਾਂਦੀ ਹੈ ਅਜਿਹਾ ਕਰਨ ਨਾਲ ਸ਼ਿਵਯੋਗੀ ਪ੍ਰਸਾਦ ਨਾਲ ਇਕਮਿਕ ਹੋ ਜਾਂਦਾ ਹੈ।

शिवे विश्वमिदं सर्वं शिवः सर्वत्र भासते।

आधाराधेयभावेन शिवस्य जगतः स्थितिः।।३०।।

30. ਇਹ ਸਾਰਾ ਸੰਸਾਰ ਸ਼ਿਵਾ ਵਿੱਚ ਹੀ ਸਮਾਇਆ ਹੋਇਆ ਹੈ ਅਤੇ ਸ਼ਿਵਾ ਹਰ ਪਾਸੇ ਹਨ। ਸ਼ਿਵ ਅਤੇ ਸੰਸਾਰ ਦੀ ਹੋਂਦ ਸਹਾਰਾ ਦੇ ਵਾਲਾ ਅਤੇ ਸਹਾਰਾ ਲੈਣ ਵਾਲੇ ਦੀ ਤਰ੍ਹਾਂ ਹੈ।

चिदेकभाजनं यस्य चित्तवृत्तेः शिवात्मकम्।

नान्यत् तस्य किमेतेन मायामूलेन वस्तुना?।।३१।।

31. ਜਿਸਦੇ ਚਿੱਤ ਦੀ ਬਿਰਤੀ ਸ਼ਿਵਾਤਮਕ ਅਤੇ ਕੇਵਲ ਚੇਤਨ ਵਿਸ਼ੇ ਵਾਲੀ ਹੈ ਕਿਸੇ ਹੋਰ ਵਿਸ਼ੇ ਵਾਲੀ ਨਹੀਂ ਉਸਨੇ ਮਾਇਆਮੂਲਕ ਵਸਤੂਆਂ ਤੋਂ ਕੀ ਲੈਣਾ?

चित् प्रकाशयते विश्वं तद्विना नास्ति वस्तु हि।

चिदेकनिष्ठचित्तानां किं मायापरिकल्पितैः?।।३२।।

32. ਸ਼ਰਵਉਚ ਚਿਤ ਹੀ ਇਸ ਸੰਸਾਰ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸ ਤੋਂ ਇਲਾਵਾ ਸੰਸਾਰ ਦੀ ਕੋਈ ਹੋਂਦ ਨਹੀਂ। ਜਿਸ ਦਾ ਮਨ ਸਰਵਉਚ ਚਿੱਤ ਵਿੱਚ ਸਥਿਰ ਹੈ ਉਸ ਲਈ ਮਾਇਆ ਦੀਆਂ ਵਸਤੂਆਂ ਦਾ ਕੀ ਲਾਭ?



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

वृत्तिशून्ये स्वहृदये शिवलीने निराकुले।

यः सदा वर्तते योगी स मुक्तो नात्र संशयः।।३३।।

33. ਜੋ ਯੋਗੀ ਸਦਾ ਸ਼ਿਵ ਵਿੱਚ ਲੀਨ ਅਤੇ ਆਪਣੇ ਦਿਲ ਵਿੱਚ ਉਸਦਾ ਧਿਆਨ ਰੱਖਦਾ ਹੈ ਉਹ ਮੁਕਤ ਹੁੰਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

गुरोः शिवस्य शिष्यस्य स्वस्वरूपतया स्मृतिः।

सहभोजनमाख्यातं सर्वग्रासात्मभावतः।।३४।।

34. ਗੁਰੂ, ਸ਼ਿਵ ਅਤੇ ਚੇਲੇ ਦਾ ਆਪਣੇ ਰੂਪ ਵਿੱਚ ਸਿਮਰਣ ਨੂੰ ਸਹਿਭੋਜਨ ਕਿਹਾ ਜਾਂਦਾ ਹੈ ਕਿਉਂਕਿ ਇਹ ਸਭ ਨੂੰ ਨਿਗਲਣ ਵਾਲੀ ਬਿਰਤੀ ਰੱਖਦਾ ਹੈ।

शिवं विश्वं गुरुं साक्षात् योजयेन्नित्यमात्मनि।

एकत्वेन चिदाकारे तदिदं सहभोजनम्।।३५।।

35. ਸ਼ਿਵ ਵਿਸ਼ਵ ਅਤੇ ਗੁਰੂ ਨੂੰ ਹਰ ਦਿਨ ਚਿਦਾਕਾਰ ਆਤਮਾਂ ਦੇ ਰੂਪ ਵਿੱਚ ਜੋੜਨ ਵਾਲਾ ਸਹਿਭੋਜਨ ਕਹਿਲਾਉਂਦਾ ਹੈ।

अयं शिवो गुरुश्चैव जगदेतच्चराचरम्।

अहञ्चेति मतिर्यस्य नास्त्यसौ विश्वभोजकः।।३६।।

36. 'ਇਹ ਸ਼ਿਵ ਹੈ, ਇਹ ਗੁਰੂ ਹੈ, ਇਹ ਸੰਸਾਰ ਹੈ ਅਤੇ ਇਹ ਮੈਂ ਹਾਂ' ਜਿਸਦੀ ਅਜਿਹੀ ਅੰਤਰ ਕਰਨ ਵਾਲੀ ਬੁੱਧੀ ਹੁੰਦੀ ਹੈ ਉਸਨੂੰ ਵਿਸ਼ਵਭੋਜਕ ਨਹੀਂ ਕਹਿੰਦੇ।

अहं भृत्यः शिवः स्वामी शिष्योऽहं गुरुरेव वै।

इति यस्य मतिर्नास्ति स चाद्वैतपदे स्थितः।।३७।।

37. 'ਮੈਂ ਸੇਵਕ ਹਾਂ, ਸ਼ਿਵ ਸਵਾਮੀ ਹਨ, ਮੈਂ ਚੇਲਾ ਹਾਂ ਅਤੇ ਉਹ ਗੁਰੂ ਹਨ' - ਜਿਸਦੀ ਅਜਿਹੀ ਭੇਦ ਕਰਨ ਵਾਲੀ ਬੁੱਧੀ ਨਹੀਂ ਹੁੰਦੀ ਉਸ ਵਿੱਚ ਅਦਵੈਤਵਾਦ ਸਥਿਰ ਹੁੰਦਾ ਹੈ।

पराहन्तामये स्वात्मपावके विश्वभास्वति।

इदन्ताहव्यहोमेन विश्वहोमीति कथ्यते।।३८।।

38. ਵਿਸ਼ਵ ਨੂੰ ਨੁਮਾਇੰਦੀ ਦੇਣ ਵਾਲੀ ਘਿਉ ਰੂਪੀ ਆਤਮਾਂ ਨੂੰ ਅਗਨੀ ਵਿੱਚ ਪਾਉਣ ਵਾਲੇ ਨੂੰ ਵਿਸ਼ਵਹੋਮੀ ਕਿਹਾ ਜਾਂਦਾ ਹੈ।

अहं शिवो गुरुश्चाहमहं विश्वं चराचरम्।

यया विज्ञायते सम्यक् पूर्णाहन्तेति सा स्मृता।।३९।।

39. ਜਿਸ ਨੂੰ 'ਮੈਂ ਹੀ ਸ਼ਿਵ ਹਾਂ, ਮੈਂ ਹੀ ਗੁਰੂ ਹਾਂ ਅਤੇ ਮੈਂ ਹੀ ਇਹ ਅਚੱਲ ਅਤੇ ਚੱਲ ਸੰਸਾਰ ਹਾਂ' ਇਹ ਧਾਰਨਾਂ ਚੰਗੀ ਤਰ੍ਹਾਂ ਸਮਝ ਆ ਜਾਂਦੀ ਹੈ ਉਸਨੂੰ ਪੂਰਨਹੰਤਾ ਕਹਿੰਦੇ ਹਨ।

आधारवह्नौ चिद्रूपे भेदजातं जगद्धविः।

जुहोति ज्ञानयज्वा यः स ज्ञेयो विश्वहव्यभुक्।।४०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

40. ਗਿਆਨਯੱਗ ਦਾ ਕਰਤਾ ਸ਼ਿਵਾਕਿਆ ਚਿੱਤਰੂਪੀ ਆਧਾਰਬੁੱਧੀ ਅਰਥਾਤ ਆਗਿਆਚੱਕਰ ਵਿੱਚ ਸਥਿਤ ਤਪਿਸ਼ ਵਿੱਚ ਭੇਦਸਮੂਹ ਜਗਤ ਰੂਪੀ ਹਵਾ ਦਾ ਹਵਨ ਕਰਦਾ ਹੈ ਉਸਨੂੰ ਵਿਸ਼ਵਹਵਿਆਭੂਕ ਕਹਿਣਾ ਚਾਹੀਂਦਾ ਹੈ।

चिदाकारे पराकाशे परमानन्दभास्वति।
विलीन-चित्तवृत्तीनां का वा विश्वक्रमस्थितिः?।।४१।।

41. ਪਰਮ ਆਨੰਦ ਰੂਪੀ ਸੂਰਜ ਵਾਲੇ ਚਿੱਤਸਵਰੂਪ ਇਨਸਾਨ ਵਿੱਚ ਜਿਸਦੀਆਂ ਚਿੱਤ ਵਿਰਤੀਆਂ ਘੁਲ ਗਈਆਂ ਹੋਣ ਉਸਦੇ ਲਈ ਵਿਸ਼ਵਕਰਮ ਅਰਥਾਤ ਵਿਸ਼ਵਵਿਵਹਾਰ ਦੀ ਕੀ ਸਥਿਤੀ ਹੋ ਸਕਦੀ ਹੈ।

निरस्तविश्वसम्बाधे निष्कलङ्के चिदम्बरे।
भावयेल्लीनमात्मानं सामरस्यस्वभावतः।।४२।।

42. ਜਿਸ ਲਈ ਵਿਸ਼ਵ ਦੀ ਔਕੜ ਭਾਵ ਜਨਮ ਮਰਨ ਆਦਿ ਦਾ ਬੰਧਨ ਜਿੱਥੇ ਖਤਮ ਹੋ ਗਿਆ ਹੈ ਅਤੇ ਜੋ ਹਰ ਤਰ੍ਹਾਂ ਦੇ ਔਗੁਣਾ ਤੋਂ ਰਹਿਤ ਹੈ ਅਜਿਹੇ ਇਨਸਾਨ ਨੂੰ ਆਪਣੇ ਆਪ ਨੂੰ ਸਵੈ ਸੁਭਾਅ ਵਿੱਚ ਲੀਨ ਸਮਝਣਾ ਚਾਹੀਂਦਾ ਹੈ।

सैषा विद्या परा ज्ञेया सत्तानन्दप्रकाशिनी।
मुक्तिरित्युच्यते सद्भिर्जगन्मोहनिवर्तिनी।।४३।।

43. ਵਿਦਵਾਨਾਂ ਦੁਆਰਾ ਇਸਨੂੰ ਸਰਵਉਚ ਗਿਆਨ ਜੋ ਸਤ-ਚਿੱਤ ਅਤੇ ਆਨੰਦ ਨੂੰ ਪ੍ਰਗਟ ਕਰਦਾ ਹੈ, ਜਗਤ ਦਾ ਮੋਹ ਦੂਰ ਕਰਨ ਵਾਲੀ ਮੁਕਤੀ ਕਿਹਾ ਗਿਆ ਹੈ।

भक्तादिधामार्पित - धर्मयोगात्
प्राप्तैकभावः परमाद्भुतेन।
शिवेन चिद्व्योममयेन साक्षान्-
मोक्षश्रियो भाजनतामुपैति।।४४।।

44. ਸ਼ਿਵਾ ਨਾਲ ਇਕਮਿਕਤਾ ਹਾਂਸਲ ਕਰਨ ਵਾਲਾ ਵਿਅਕਤੀ ਉਪਰ ਦੱਸੀਆਂ ਗਈਆਂ ਧਾਰਮਿਕ ਕਿਰਿਆਵਾਂ ਕਾਰਨ ਸਾਕਸ਼ਾਤ ਮੁਕਤੀ ਦਾ ਪਾਤਰ ਹੁੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਪੰਦਰਵਾਂ ਅਧਿਆਇ

षट्स्थलोक्तसदाचारसम्पन्नस्य यथाक्रमम्।
लिङ्गस्थलानि कथ्यन्ते जीवन्मुक्तिपराणि च।।१।।

1. ਸ਼੍ਰੀ ਰੇਣੂਕਾਚਾਰਿਆ ਨੇ ਕਿਹਾ ਲਿੰਗ (ਸ਼ਿਵਾ) ਨਾਲ ਸਬੰਧਤ ਸਥਾਲਾ ਜੋ ਕਿ ਜੀਵਨਮੁਕਤੀ ਦੇ ਪੱਖ ਵਿੱਚ ਹਨ, ਹੁਣ ਉਹਨਾਂ ਸਥਾਲਾਂ ਦਾ ਵਰਣਨ ਕੀਤਾ ਜਾ ਰਿਹਾ ਹੈ ਜੋ ਕਿ ਅੰਗ (ਜੀਵ) ਨਾਲ ਸਬੰਧਤ ਛੇ ਸਥਾਲਾ ਵਿੱਚ ਦੱਸੀਆਂ ਗਈਆਂ ਚੰਗੀਆਂ ਕਿਰਿਆਵਾਂ ਨਾਲ ਸਬੰਧਤ ਹਨ।

भक्ताद्यैक्यावसानानि षडुक्तानि स्थलानि च।
लिङ्गस्थलानि कानीह कथ्यन्ते कति वा पुनः।।२।।

2. ਭਗਤਸਥਾਲਾ ਤੋਂ ਲੈ ਕੇ ਏਕਿਆਸਥਾਲਾ ਤੱਕ ਛੇ ਸਥਾਲਾਂ ਬਾਰੇ ਦੱਸਿਆ ਜਾ ਚੁੱਕਿਆ ਹੈ। ਇਹ ਲਿੰਗਸਥਾਲਾ ਕੀ ਹਨ ਅਤੇ ਇਹ ਕਿੰਨੇ ਹਨ ਹੁਣ ਕਿਰਪਾ ਕਰਕੇ ਇਹਨਾਂ ਬਾਰੇ ਦੱਸੋ।

गुर्वादिज्ञानशून्यान्ता भक्तादिस्थलसंश्रिताः।
स्थलभेदाः प्रकीर्त्यन्ते पञ्चाशत् सप्त चाधुना।।३।।

3. ਭਗਤਸਥਾਲਾ ਆਦਿ ਛੇ ਸਥਾਲਾਂ ਦੇ ਅੰਤਰਗਰਤ ਦੀਕਸ਼ਾਗੁਰੂ ਸਥਲ ਤੋਂ ਲੈ ਕੇ ਗਿਆਨਸ਼ੂਨਿਆ ਸਥਲ ਤੱਕ ਸਤਵੰਜਾ ਸਥਲ ਭੇਦਾਂ ਬਾਰੇ ਹੁਣ ਦੱਸਿਆ ਜਾਵੇਗਾ।

आदौ नवस्थलानीह भक्तस्थलसमाश्रयात्।
खक्थ्यन्ते गुणसारेण नामान्येषां पृथक् शृणु।।४।।

4. ਨੌਂ ਸਥਲਾਂ (ਸਬ-ਸਥਲਾਂ) ਬਾਰੇ ਇੱਥੇ ਪਹਿਲਾਂ ਦੱਸਿਆ ਜਾ ਰਿਹਾ ਹੈ ਕਿਉਂਕਿ ਇਹ ਭਗਤਸਥਾਲਾ ਵਿੱਚ ਆਉਂਦੇ ਹਨ ਅਤੇ ਕਿਉਂਕਿ ਇਹਨਾਂ ਦੀ ਪਹਿਲਾਂ ਮਹੱਤਤਾ ਹੈ। ਹੁਣ ਇਹਨਾਂ ਨੌਂ ਸਬ-ਸਥਾਲਾਂ ਦੇ ਨਾਮ ਸੁਣੋਂ।

दीक्षागुरुस्थलं पूर्वं ततः शिक्षागुरुस्थलम्।
प्रज्ञागुरुस्थलं चाथ क्रियालिङ्गस्थलं ततः।।५।।

5. ਇਹ ਹਨ ੧) ਦੀਕਸ਼ਾਗੁਰੂਸਥਲ ੨) ਸ਼ਿਕਸ਼ਾਗੁਰੂਸਥਲ ੩) ਪ੍ਰੱਗਿਆਗੁਰੂਸਥਲ ੪) ਕਿਰਿਆਲਿੰਗਸਥਲ ੫) ਭਾਵਲਿੰਗਸਥਲ ੬) ਗਿਆਨਲਿੰਗਸਥਲ ੭) ਸਵਅਸਥਲ ੮) ਪਰਸਥਲ ੯) ਚਰਸਥਲ ਆਦਿ।

भालिङ्गस्थलं चाथ ज्ञानलिङ्गस्थलं ततः।
स्वयं परं चरं चेति तेषां लक्षणमुच्यते।।६।।

6. ਇਹ ਨੌਂ ਸਥਲ ਹਨ, ਹੁਣ ਇਹਨਾਂ ਦੇ ਗੁਣਾਂ ਦੇ ਲੱਛਣਾਂ ਬਾਰੇ ਕਿਹਾ ਜਾ ਰਿਹਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

दीयते परमं ज्ञानं क्षीयते पाशबन्धनम्।
यया दीक्षेति सा तस्यां गुरुर्दीक्षागुरुः स्मृतः।।७।।

7. ਜਿਸ ਦੁਆਰਾ ਪਰਮ ਗਿਆਨ ਦਿੱਤਾ ਜਾਂਦਾ ਹੈ ਅਤੇ ਆਵਾਗਮਨ ਦਾ ਦਮਨ ਕੀਤਾ ਜਾਂਦਾ ਹੈ ਉਸਨੂੰ ਦੀਕਸ਼ਾ ਕਹਿੰਦੇ ਹਨ। ਇਸ ਵਿਸ਼ੇ ਨਾਲ ਸਬੰਧਤ ਜੋ ਗੁਰੂ ਹੁੰਦਾ ਹੈ ਉਸਨੂੰ ਦੀਕਸ਼ਾਗੁਰੂ ਕਹਿੰਦੇ ਹਨ।

गुणातीतं गुकारं च रूपातीतं रुकारकम्।
गुणातीतमरूपं च यो दद्यात् स गुरुः स्मृतः।।८।।

8. 'ਗੁ' ਦਾ ਅਰਥ ਹੈ ਜੋ ਗੁਣਾਂ ਤੋਂ ਪਰ੍ਹੇ ਹੁੰਦਾ ਹੈ ਅਤੇ 'ਰੂ' ਦਾ ਅਰਥ ਹੁੰਦਾ ਹੈ ਜੋ ਰੂਪ ਤੋਂ ਪਰ੍ਹੇ ਹੁੰਦਾ ਹੈ। ਜੋ ਗੁਣਾਂ ਤੋਂ ਪਰ੍ਹੇ ਅਰਥਾਤ ਨਿਰਗੁਣ ਦਾ ਅਤੇ ਰੂਪ ਤੋਂ ਪਰ੍ਹੇ ਦਾ ਬੋਧ ਕਰਵਾਉਂਦਾ ਹੈ ਉਸਨੂੰ ਗੁਰੂ ਕਹਿੰਦੇ ਹਨ।

आचिनोति हि शास्त्रार्थानाचारे स्थापयत्यलम्।
स्वयमाचरते यस्मादाचार्यस्तेन चोच्यते।।९।।

9. ਉਸਨੂੰ ਆਚਾਰਿਆ ਕਹਿੰਦੇ ਹਨ ਕਿਉਂਕਿ ਉਹ ਵੀਰਸ਼ੈਵਸ਼ਾਸ਼ਤਰ ਦੀਆਂ ਸਿੱਖਿਆਵਾਂ ਨੂੰ ਇਕੱਠਾ ਕਰਦਾ ਹੈ ਅਤੇ ਆਪਣੇ ਚੇਲਿਆਂ ਨੂੰ ਦ੍ਰਿੜਤਾ ਨਾਲ ਚੰਗੀਆਂ ਕਿਰਿਆਵਾਂ ਦੇ ਰਸਤੇ ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ ਅਤੇ ਆਪ ਵੀ ਇਹਨਾਂ ਕਿਰਿਆਵਾਂ ਨੂੰ ਕਰਦਾ ਹੈ।

षडध्वातीतयोगेन यतते यस्तु देशिकः।
मायाब्धितरणोपाय-हेतुर्विश्वगुरुः शिवः।।१०।।

10. ਜੋ ਆਚਾਰਿਆ ਛੜਧਵ ਤੋਂ ਪਰ੍ਹੇ ਯੋਗ ਨੂੰ ਲੈ ਕੇ ਕੋਸ਼ਿਸ਼ ਕਰਦਾ ਹੈ ਉਸਨੂੰ ਦੇਸ਼ਿਕ ਕਹਿੰਦੇ ਹਨ। ਮਾਇਆਰੂਪੀ ਸਮੁੰਦਰ ਤੋਂ ਪਾਰ ਲੈ ਜਾਣ ਵਾਲੇ ਸਾਧਨਾਂ ਬਾਰੇ ਦੱਸਣ ਵਾਲਾ ਵਿਸ਼ਵਗੁਰੂ ਹੈ ਅਤੇ ਉਹੀ ਸ਼ਿਵ ਹੈ।

अखण्डं येन चैतन्यं व्यज्यते सर्ववस्तुषु।
आत्मयोगप्रभावेण स गुरुर्विश्वभासकः।।११।।

11. ਉਹ ਗੁਰੂ ਜੋ ਆਤਮਾਂ(ਸ਼ਿਵਾ ਨਾਲ ਇਕਮਿਕਤਾ ਦਾ ਬੋਧ) ਨਾਲ ਜੁੜ ਕੇ ਸਾਰੀਆਂ ਵਸਤਾਂ ਵਿੱਚ ਅਖੰਡ ਚੇਤਨਾਂ ਬਾਰੇ ਬੋਧ ਕਰਵਾਉਂਦਾ ਹੈ ਉਸ ਨੂੰ ਜਗਤਗੁਰੂ ਕਹਿੰਦੇ ਹਨ।

दीक्षागुरुरसौ शिक्षाहेतुः शिष्यस्य बोधकः।
प्रश्नोत्तरप्रवक्ता च शिक्षागुरुरितीर्यते।।१२।।

12. ਉਹ ਦਿਕਸ਼ਾਗੁਰੂ ਜੋ ਚੇਲੇ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ ਅਤੇ ਉਸ ਦੇ ਸਵਾਲਾਂ ਦਾ ਜਵਾਬ ਦਿੰਦਾ ਹੈ ਉਸਨੂੰ ਨਿਰਦੇਸ਼ ਦੇਣ ਵਾਲਾ ਕੰਮ ਕਰਨ ਕਰਕੇ ਸ਼ਿਕਸ਼ਾਗੁਰੂ ਕਹਿੰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

बोधकोऽयं समाख्यातो बोध्यमेतदिति स्फुटम्।

शिष्ये नियुज्यते येन स शिक्षागुरुरुच्यते।।१३।।

13. ਉਸ ਇਨਸਾਨ ਨੂੰ ਅਧਿਆਪਕ ਕਹਿੰਦੇ ਹਨ ਜੋ ਚੇਲੇ ਵਿੱਚ ਸ਼ਿਵਸਿਧਾਂਤ ਦੇ ਗਿਆਨ ਨੂੰ ਨਿਯਮਿਤ ਕਰਦਾ ਹੈ ਇਸਨੂੰ ਸ਼ਿਕਸ਼ਾਗੁਰੂ ਕਹਿੰਦੇ ਹਨ।

संसारतिमिरोन्माथिशरच्चन्द्रमरीचयः ।

वाचो यस्य प्रवर्तन्ते तमाचार्यं प्रचक्षते।।१४।।

14. ਸੰਸਾਰ ਰੂਪੀ ਅੰਧਕਾਰ ਨੂੰ ਨਸ਼ਟ ਕਰਨ ਲਈ ਜਿਸ ਦੀ ਵਾਣੀ(ਆਵਾਜ਼) ਸ਼ਰਤਕਾਲੀਨ ਚੰਦਰਮਾਂ ਦੇ ਬਰਾਬਰ ਕੰਮ ਕਰਦੀ ਹੈ, ਵਿਦਵਾਨ ਲੋਕ ਉਸ ਨੂੰ ਆਚਾਰਿਆ ਕਹਿੰਦੇ ਹਨ।

ददाति यः पतिज्ञानं जगन्मायानिवर्तकम्।

अद्वैतवासनोपायं तमाचार्यवरं विदुः।।१५।।

15. ਜੋ ਉਸ ਪਤੀ(ਸ਼ਿਵਾ) ਦਾ ਗਿਆਨ ਦਿੰਦਾ ਹੈ ਜੋ ਸੰਸਾਰ ਰੂਪੀ ਮਾਇਆ ਨੂੰ ਖਤਮ ਕਰਦਾ ਹੈ ਅਤੇ ਜੋ ਸ਼ਿਵ ਨਾਲ ਅਦਵੈਤ ਦੀ ਡੂੰਘੀ ਭਾਵਨਾ ਦਾ ਸਾਧਨ ਹੈ, ਉਸ ਨੂੰ ਸਭ ਤੋਂ ਅੱਛਾ ਗੁਰੂ ਕਹਿੰਦੇ ਹਨ।

पूर्वपक्षं समादाय जगद्भेदविकल्पनम्।

अद्वैतकृतसिद्धान्तो गुरुरेष गुणाधिकः।।१६।।

16. ਜੋ ਜਗਤ ਦੇ ਵਿਸ਼ੇ ਦੇ ਭੇਦ ਦੀ ਪਰਿਕਲਪਨਾ ਨੂੰ ਪੂਰਵਪਕਸ਼ ਦੇ ਰੂਪ ਵਿੱਚ ਸਵੀਕਾਰ ਕਰੇ, ਜੋ ਸਿਧਾਂਤਪਕਸ਼ ਦੇ ਰੂਪ ਵਿੱਚ ਅਦਵੈਤਵਾਦ ਨੂੰ ਸਥਾਪਿਤ ਕਰਦਾ ਹੈ ਉਹ ਗੁਰੂ ਸ਼੍ਰੇਸ਼ਠ ਗੁਰੂ ਹੁੰਦਾ ਹੈ।

सन्देहवनसन्दोहसमुच्छेदकुठारिका ।

यत्सूक्तिधारा विमला स गुरूणां शिखामणिः।।१७।।

17. ਜਿਸਦੀ ਵਾਣੀ ਦੀ ਤਿੱਖੀ ਧਾਰ ਸ਼ੰਕਿਆਂ ਦੇ ਸੰਘਣੇ ਜੰਗਲ ਨੂੰ ਕੱਟਣ ਦੀ ਸਮਰਥਾ ਰੱਖਦੀ ਹੋਵੇ ਉਹ ਸਾਰੇ ਗੁਰੂਆਂ ਦਾ ਸ਼ਿਖਾਮਣੀ ਹੁੰਦਾ ਹੈ।

यत्सूक्तिदर्पणाभोगे निर्मले दृश्यते सदा।

मोक्षश्रीर्बिम्बरूपेण स गुरुर्भवतारकः।।१८।।

18. ਜਿਸ ਗੁਰੂ ਦੇ ਸ਼ਬਦ ਸਾਫ ਸ਼ੀਸ਼ੇ ਜਿਹੇ ਹੋਣ ਅਤੇ ਜਿਨ੍ਹਾਂ ਵਿੱਚ ਮੁਕਤੀ ਦੇ ਧਨ ਦਾ ਪ੍ਰਤਿਬਿੰਬ ਦਿਸੇ ਅਤੇ ਜੋ ਹੋਂਦ ਦੇ ਸਮੁੰਦਰ ਤੋਂ ਪਾਰ ਲੈ ਜਾ ਸਕਦਾ ਹੋਵੇ ਉਹੀ ਸ਼੍ਰੇਸ਼ਟ ਗੁਰੂ ਹੈ।

शिष्याणां हृदयालेख्यं प्रद्योतयति यः स्वयम्।

ज्ञानदीपिकयानेन गुरुणा कः समो भवेत्?।।१९।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

19. ਉਸ ਗੁਰੁ ਦੇ ਬਰਾਬਰ ਕੌਣ ਹੋ ਸਕਦਾ ਹੈ ਜੋ ਆਪਣੇ ਆਪ ਨੂੰ ਪ੍ਰਕਾਸ਼ਵਾਨ ਕਰਕੇ ਆਪਣੇ ਚੇਲੇ ਦੇ ਦਿਲ ਦੀ ਤਸਵੀਰ ਨੂੰ ਗਿਆਨ ਦੀ ਰੌਸ਼ਨੀ ਨਾਲ ਪ੍ਰਕਾਸ਼ਵਾਨ ਕਰਦਾ ਹੈ।

**परमाद्वैतविज्ञानपरमौषधिदानतः ।**

**संसाररोगनिर्माथी देशिकः केन लभ्यते?।।२०।।**

20. ਇਸ ਤਰ੍ਹਾਂ ਦਾ ਗੁਰੁ ਕਿਸ ਕੋਲ ਹੋ ਸਕਦਾ ਹੈ ਜੋ ਆਵਾਗਮਨ ਦੀ ਬਿਮਾਰੀ ਨੂੰ ਸਰਵਉਚ ਅਦਵੈਤਵਾਦ ਦੇ ਗਿਆਨ ਰੂਪੀ ਦਵਾਈ ਨਾਲ ਨਸ਼ਟ ਕਰ ਦਿੰਦਾ ਹੈ।

**उपदेष्टोपदेशानां संशयच्छेदकारकः।**

**सम्यग्ज्ञानप्रदः साक्षादेष ज्ञानगुरुः स्मृतः।।२१।।**

21. ਉਹ ਗੁਰੁ ਜੋ ਸਿਖਾਉਣ ਵਾਲਾ ਅਧਿਆਪਕ ਹੁੰਦਾ ਹੈ, ਜੋ ਸਾਰੇ ਸ਼ੰਕੇ ਦੂਰ ਕਰਦਾ ਹੈ ਅਤੇ ਜੋ ਸਹੀ ਗਿਆਨ ਦਾ ਬੋਧ ਕਰਵਾਉਂਦਾ ਹੈ ਉਸਨੂੰ ਗਿਆਨਗੁਰੂ ਕਹਿੰਦੇ ਹਨ।

**निरस्तविश्वसम्भेदं निर्विकारं चिदम्बरम्।**

**साक्षात्करोति यो युक्त्या स ज्ञानगुरुरुच्यते।।२२।।**

22. ਵਿਸ਼ਵ ਦੇ ਭੇਦ ਦਾ ਨਾਸ਼ ਕਰਨ ਵਾਲੇ ਚੇਤਨਾਂ ਦੇ ਰੂਪ ਵਿੱਚ ਇਸ ਸੰਸ਼ਾਰ ਦਾ ਧਿਆਨ ਲਗਾਉਣ ਵਾਲੇ ਨੂੰ ਗਿਆਨਗੁਰੂ ਕਹਿੰਦੇ ਹਨ।

**कलङ्कवानसौ चन्द्रः क्षयवृद्धिपरिप्लुतः।**

**निष्कलङ्कस्थितो ज्ञानचन्द्रमा निर्विकारवान्।।२३।।**

23. ਇਸ ਚੰਦਰਮਾਂ ਉਤੇ ਕਾਲੇ ਧੱਬੇ ਹਨ ਅਤੇ ਇਹ ਘਟਣ ਅਤੇ ਵਧਣ ਦੀ ਕਿਰਿਆ ਕਰਕੇ ਤਸੀਹਿਆ ਹੋਇਆ ਹੈ। ਪਰ ਗਿਆਨ ਦਾ ਚੰਦਰਮਾਂ ਧੱਬਿਆਂ ਤੋਂ ਰਹਿਤ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਨਿਰਵਿਕਾਰ ਤੋਂ ਰਹਿਤ ਹੈ।

**पार्श्वस्थतिमिरं हन्ति प्रदीपो मणिनिर्मितः।**

**सर्वगामि तमो हन्ति बोधदीपो निरङ्कुशः।।२४।।**

24. ਮਣੀਆਂ ਨਾਲ ਬਣਿਆਂ ਹੋਇਆ ਦੀਵਾ ਆਪਣੇ ਨੇੜੇ ਦੇ ਹਨੇਰ੍ਹੇ ਨੂੰ ਦੂਰ ਕਰਦਾ ਹੈ ਜਦਕਿ ਗਿਆਨ ਦਾ ਦੀਵਾ ਸਰਵਵਿਆਪੀ ਅੰਧਕਾਰ ਨੂੰ ਹਟਾ ਦਿੰਦਾ ਹੈ।

**सर्वार्थसाधकज्ञानविशेषादेश – तत्परः।**

**ज्ञानाचार्यः समस्तानामनुग्रहकरः शिवः।।२५।।**

25. ਉਹ ਗਿਆਨਗੁਰੂ ਜੋ ਖਾਸ ਗਿਆਨ ਨੂੰ ਵੰਡਣ ਵਿੱਚ ਰੁੱਝਿਆ ਹੁੰਦਾ ਹੈ ਅਤੇ ਸਾਰੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ ਉਸ ਗਿਆਨਆਚਾਰਿਆ ਨੂੰ ਸਾਕਸ਼ਾਤ ਸ਼ਿਵ ਕਹਿੰਦੇ ਹਨ।

**कटाक्षचन्द्रमा यस्य ज्ञानसागरवर्धकः।**

**संसार – तिमिरच्छेदी स गुरुर्ज्ञानपारगः।।२६।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

26. ਜਿਸਦੇ ਪਾਸੇ ਦੇ ਚੰਦਰਮਾਂ ਦੀ ਰੌਸ਼ਨੀ ਗਿਆਨ ਦੇ ਸਮੁੰਦਰ ਨੂੰ ਵਧਾਉਂਦੀ ਹੈ ਅਤੇ ਆਵਾਗਮਨ ਦੇ ਹਨ੍ਹੇਰੇ ਨੂੰ ਦੂਰ ਕਰਦੀ ਹੈ ਅਜਿਹਾ ਗੁਰੂ ਗਿਆਨ ਦੇ ਦੂਦਰੇ ਕਿਨਾਰੇ ਤੇ ਪਹੁੰਚ ਜਾਂਦਾ ਹੈ।

**बहिस्तिमिरविच्छेत्ता भानुरेष प्रकीर्तितः।**

**बहिरन्तस्तमश्छेदी विभुर्देशिकभास्करः।।२७।।**

27. ਸੂਰਜ ਨੂੰ ਬਾਹਰ ਦੇ ਅੰਧਕਾਰ ਦਾ ਨਾਸ਼ਕ ਕਹਿੰਦੇ ਹਨ। ਗੁਰੂ ਰੂਪੀ ਸੂਰਜ ਜੋ ਸਰਵਵਿਆਪੀ ਹੁੰਦਾ ਹੈ ਬਾਹਰਲੇ ਅਤੇ ਅੰਦਰੂਨੀ ਅੰਧਕਾਰ ਨੂੰ ਖਤਮ ਕਰਨ ਦੇ ਯੋਗ ਹੁੰਦਾ ਹੈ।

**कटाक्षलेशमात्रेण विना ध्यानादिकल्पनम्।**

**शिवत्वं भावयेद्यत्र स वेदः शाम्भवो मतः।।२८।।**

28. ਜਿਸ ਵਿੱਚ ਅੰਤਰਧਿਆਨ ਦੀ ਸਾਧਨਾਂ ਤੋਂ ਬਗੈਰ ਗੁਰੂ ਦੀ ਝਲਕ ਮਾਤਰ ਨਾਲ ਸ਼ਿਵ ਦੇ ਵਿਚਾਰ ਸਾਫ ਨਜ਼ਰ ਆਉਂਦੇ ਹਨ ਉਸਨੂੰ ਸਿਵ ਨਾਲ ਸਬੰਧਤ ਵੇਦ(ਸ਼ੰਭੂਗਿਆਨ) ਕਹਿੰਦੇ ਹਨ।

**शिववेदकरे ज्ञाने दत्ते येन सुनिर्मले।**

**जीवन्मुक्तो भवेच्छिष्यः स गुरुर्ज्ञानसागरः।।२९।।**
57. ਇਕ ਯੋਗੀ ਇਹ ਸਮਝਦਾ ਹੋਇਆ ਕਿ ਗਿਆਨ ਇੰਦਰੀਆਂ ਅਤੇ ਕਰਮਾਂ ਤੋਂ ਖੁਸ਼ੀਆਂ ਅਤੇ ਦੁੱਖ ਪੈਦਾ ਹੁੰਦੇ ਹਨ ਅਤੇ ਇਹਨਾਂ ਨੂੰ ਸ਼ਿਵ ਨੂੰ ਸਮਰਪਿਤ ਕਰਨਾਂ ਚਾਹੀਂਦਾ ਹੈ, ਉਹ ਜੀਵਨਮੁਕਤ ਹੋ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

शासनीयो भवेद्यस्तु परकायेन सर्वदा।

तत्प्रसादात्तु मोक्षार्थी स शिष्य इति कीर्तितः।।५८।।

58. ਜਿਸ ਨੂੰ ਸ਼ਿਵਯੋਗੀ ਦੁਆਰਾ ਨਿਰਦੇਸ਼ ਮਿਲਦੇ ਹਨ ਅਤੇ ਜੋ ਸ਼ਿਵਯੋਗੀ ਦੀ ਕਿਰਪਾ ਨਾਲ ਮੁਕਤੀ ਦਾ ਉਦੇਸ਼ ਰੱਖਦਾ ਹੈ ਉਸਨੂੰ ਸ਼ਿਸ਼ਅ ਜਾਂ ਚੇਲਾ ਕਿਹਾ ਜਾਂਦਾ ਹੈ।

भावो यस्य स्थिरो नित्यं मनोवाक्कायकर्मभिः।

गुरौ निजे गुणोदारे स शिष्य इति गीयते।।५९।।

59. ਜਿਸ ਦਾ ਗੁਰੁ ਨਾਲ ਲਗਾਓ ਹੁੰਦਾ ਹੈ, ਜਿਸ ਵਿੱਚ ਬਹੁਤ ਸਾਰੇ ਗੁਣ ਹੁੰਦੇ ਹਨ, ਮਨ, ਵਾਣੀ(ਬੋਲਚਾਲ) ਅਤੇ ਸ਼ਰੀਰਕ ਕਿਰਿਆਵਾਂ ਦਾ ਪੱਕਾ ਹੁੰਦਾ ਹੈ ਉਸਨੂੰ 'ਚੇਲਾ' ਜਾਂ ਸ਼ਿਸ਼ਅ ਕਿਹਾ ਜਾਂਦਾ ਹੈ।

शान्तो दान्तस्तपश्शीलः सत्यवाक् समदर्शनः।

गुरौ शिवे समानस्थः स शिष्याणामिहोत्तमः।।६०।।

60. ਜੋ ਸ਼ਾਤ ਹੈ, ਆਤਮ-ਨਿਯੰਤਰਿਤ ਹੈ, ਜਿਸ ਨੇ ਤਪੱਸਿਆ ਕੀਤੀ ਹੈ, ਜੋ ਸੱਚ ਬੋਲਦਾ ਹੈ, ਜੋ ਸਭ ਨੂੰ ਸਮਾਨ ਸਮਝਦਾ ਹੈ ਅਤੇ ਜੋ ਗੁਰੁ ਅਤੇ ਸ਼ਿਵ ਨੂੰ ਇੱਕ ਬਰਾਬਰ ਸਮਝਦਾ ਹੈ ਉਹ ਇੱਕ ਉੱਤਮ 'ਚੇਲਾ' ਹੁੰਦਾ ਹੈ।

गुरुमेव शिवं पश्येच्छिवमेव गुरुं तथा।

नैतयोरन्तरं किञ्चिद्विजानीयाद्विचक्षणः।।६१।।

61. ਇੱਕ ਸਿਆਣਾ ਚੇਲਾ ਗੁਰੁ ਨੂੰ ਸ਼ਿਵ ਦਾ ਰੂਪ ਦਾ ਰੂਪ ਸਮਝਦਾ ਹੈ ਅਤੇ ਸ਼ਿਵ ਨੂੰ ਗੁਰੁ ਦਾ ਰੂਪ ਅਤੇ ਉਹ ਇਹਨਾਂ ਵਿੱਚ ਕੋਈ ਭੇਦ ਨਹੀਂ ਸਮਝਦਾ।

शिवाचारे शिवध्याने शिवज्ञाने च निर्मले।

गुरोरादेशमात्रेण परां निष्ठामवाप्नुयात्।।६२।।

62. ਉਹ ਗੁਰੁ ਦੇ ਨਿਰਦੇਸ਼ਾਂ, ਸ਼ੈਵ ਕਿਰਿਆਵਾ, ਸ਼ਿਵ ਦਾ ਧਿਆਨ ਅਤੇ ਸ਼ਿਵ ਦੇ ਔਗੁਣ ਰਹਿਤ ਗਿਆਨ ਪ੍ਰਤੀ ਬਹੁਤ ਸ਼ਰਧਾ ਰੱਖਦਾ ਹੈ।

ब्रह्माण्डबुद्बुदोद्भूतं मायासिन्धुं महत्तरम्।

गुरोः कवलयत्याशु कटाक्षबडवानलः।।६३।।

63. ਗੁਰੁ ਦੀ ਕਿਰਪਾ ਕਟਾਕਸ਼ ਰੂਪੀ ਅਗਨੀ ਬ੍ਰਹਿਮੰਡ ਰੂਪੀ ਬੁਲਬੁਲੇ ਤੋਂ ਪੈਦਾ ਹੋਏ ਵਿਸ਼ਾਲ ਮਾਇਆਰੂਪੀ ਸਮੁੰਦਰ ਨੂੰ ਨਿਗਲ ਜਾਂਦੀ ਹੈ।

गुरोः कटाक्षवेधेन शिवो भवति मानवः।

रसवेधाद्यथा लोहो हेमतां प्रतिपद्यते।।६४।।

64. ਜਿਸ ਤਰ੍ਹਾਂ ਪਾਰੇ ਦੁਆਰਾ ਦ੍ਰਵਿਤ ਕਰਨ ਤੇ ਤਾਂਬਾ ਸੋਨਾ ਬਣ ਜਾਂਦਾ ਹੈ ਉਸੇ ਤਰ੍ਹਾਂ ਗੁਰੁ ਦੇ ਕਿਰਪਾ ਦ੍ਰਿਸ਼ਟੀ ਨਾਲ 'ਚੇਲਾ' ਸ਼ਿਵ ਬਣ ਜਾਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

न लङ्घयेद् गुरोराज्ञां ज्ञानमेव प्रकाशयन्।

शिवासक्तेन मनसा सर्वसिद्धिमवाप्नुयात्।।६५।।

65. ਸ਼ਿਵ ਨਾਲ ਅਦਵੈਤ ਹੋਣ ਦਾ ਗਿਆਨ ਦਾ ਬੋਧ ਕਰਦਾ ਹੋਇਆ ਇੱਕ 'ਚੇਲਾ' ਕਦੇ ਵੀ ਗੁਰੂ ਦੇ ਨਿਰਦੇਸ਼ ਅਵੱਗਿਆ ਨਹੀਂ ਕਰਦਾ। ਪਰੰਤੂ ਸ਼ਿਵ ਨਾਲ ਆਪਣੇ ਮਨ ਨੂੰ ਪੂਰੀ ਤਰ੍ਹਾਂ ਜੋੜ ਕੇ ਉਹ ਸਾਰੀਆਂ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ।

शिवादन्यज्जगन्मिथ्या शिवः संवित्स्वरूपकः।

शिवस्त्वमिति निर्दिष्टो गुरुणा मुक्त एव सः।।६६।।

66. ਇਹ ਸੰਸਾਰ ਸ਼ਿਵ ਤੋਂ ਭਿੰਨ ਹੈ ਇਹ ਗੱਲ ਝੂਠ ਹੈ, ਸ਼ਿਵ ਚੇਤਨਤਾ ਦਾ ਸਵਰੂਪ ਹੈ। ਜਿਸ ਨੂੰ ਗੁਰੂ ਦੁਆਰਾ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਹੀ ਸ਼ਿਵ ਹੈ ਉਹ ਜਰੂਰ ਹੀ ਮੁਕਤ ਹੋ ਜਾਂਦਾ ਹੈ।

गुरोर्लब्ध्वा महाज्ञानं संसारामयभेषजम्।

मोदते यः सुखी शान्तः स जीवन्मुक्त एव हि।।६७।।

67. ਗੁਰੂ ਦੁਆਰਾ ਉਪਨਿਸ਼ਦਾਂ ਦੇ ਸਿਧਾਂਤਾਂ ਦਾ ਗਿਆਨ ਲੈਣ ਤੋਂ ਬਾਅਦ, ਜੋ ਕਿ ਆਵਾਗਮਨ ਦੀ ਬਿਮਾਰੀ ਦੀ ਦਵਾਈ ਹੈ, ਉਹ(ਚੇਲਾ) ਖੁਸ਼ ਅਤੇ ਸ਼ਾਂਤ ਹੋ ਜਾਂਦਾ ਹੈ ਅਤੇ ਨਿਰਸੰਦੇਹ ਜੀਵਨਮੁਕਤ ਵੀ ਹੋ ਜਾਂਦਾ ਹੈ।

बोध्यमानः स गुरुणा परकायेन सर्वदा।

तच्छुश्रूषारतः शिष्यः शुश्रूषुरिति कीर्त्यते।।६८।।

68. ਉਹ ਗੁਰੂ ਜੋ ਪਰਾਕਾਇਆ(ਭਾਵ ਜਿਸ ਦੇ ਸ਼ਰੀਰ ਵਿੱਚ ਸ਼ਿਵ ਵਾਸ ਕਦੇ ਹਨ) ਦੀ ਉਪਾਧੀ ਪਾ ਲੈਂਦਾ ਹੈ, ਉਸ ਦੁਆਰਾ ਦਿੱਤੇ ਗਏ ਨਿਰਦੇਸ਼ ਸੁਣ ਕੇ ਇੱਕ ਚੇਲਾ 'ਸ਼ੁਸ਼ਰੂ' ਬਣ ਜਾਂਦਾ ਹੈ ਕਿਉਂਕਿ ਉਹ ਸਦਾ ਲਈ ਗੁਰੂ ਦੇ ਨਿਰਦੇਸ਼ਾਂ ਨੂੰ ਸੁਣਦਾ ਹੋਇਆ ਉਸ ਦੀ ਸੇਵਾ ਲਈ ਸਮਰਪਿਤ ਹੋ ਜਾਂਦਾ ਹੈ।

किं सत्यं किं न वा सत्यं क आत्मा कः परः शिवः?।

इति श्रवणसंसक्तो गुरोः शिष्यो विशिष्यते।।६९।।

69. ਸੱਚਾਈ ਕੀ ਹੈ? ਝੂਠ ਕੀ ਹੈ? ਆਤਮਾਂ ਕੌਣ ਹੈ? ਸ਼ਰਵਉਚ ਸ਼ਿਵ ਕੌਣ ਹਨ? ਜੋ ਚੇਲਾ ਉਪਰੋਕਤ ਪ੍ਰਸ਼ਨਾਂ ਦੇ ਉੱਤਰ ਜਾਣਨ ਦਾ ਇੱਛੁਕ ਹੁੰਦਾ ਹੈ ਉਹ ਸਰਵਉਚ ਚੇਲਾ ਹੁੰਦਾ ਹੈ।

श्रुत्वा श्रुत्वा गुरोर्वाक्यं शिवसाक्षात्क्रियावहम्।

उपशाम्यति यः स्वान्ते स मुक्तिपदमाप्नुयात्।।७०।।

70. ਜੋ ਗੁਰੂ ਦੀਆਂ ਸਿੱਖਿਆਵਾਂ ਨੂੰ ਬਾਰ-ਬਾਰ ਸੁਣਦਾ ਹੈ ਜੋ ਸ਼ਿਵ ਦਾ ਬੋਧ ਕਰਵਾਉਂਦੀਆਂ ਹਨ ਅੰਦਰੂਨੀ ਤੌਰ ਤੇ ਸ਼ਾਂਤ ਹੋ ਜਾਂਦਾ ਹੈ ਅਤੇ ਮੁਕਤੀ ਪਾ ਲੈਂਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

न बुद्ध्यति गुरोर्वाक्यं विना शिष्यस्य मानसम्।
तेजो विना सहस्रांशोः कथं स्फुरति पङ्कजम्?।।७१।।

71. ਗੁਰੁ ਦੀਆਂ ਸਿੱਖਿਆਵਾਂ ਤੋਂ ਬਿਨਾਂ ਇੱਕ ਚੇਲੇ ਦਾ ਮਨ ਕਦੇ ਵੀ ਨਹੀਂ ਜਾਗ ਸਕਦਾ। ਇੱਕ ਸੂਰਜ ਦੀਆਂ ਕਿਰਨਾਂ ਤੋਂ ਬਿਨਾਂ ਕੰਵਲ ਦਾ ਫੁੱਲ ਕਿਵੇਂ ਖਿੜ ਸਕਦਾ ਹੈ?

सूर्यस्योदयमात्रेण सूर्यकान्तः प्रकाशते।
गुरोरालोकमात्रेण शिष्यो बोधेन भासते।।७२।।

72. ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਸੂਰਿਆਕਾਂਤ ਦਾ ਪੱਥਰ ਚਮਕਣ ਲੱਗ ਪੈਂਦਾ ਹੈ। ਉਸੇ ਤਰ੍ਹਾਂ ਗੁਰੁ ਦੀ ਕਿਰਪਾ ਦ੍ਰਿਸ਼ਟੀ ਨਾਲ ਚੇਲਾ ਵੀ ਗਿਆਨ ਦੀ ਰੌਸ਼ਨੀ ਨਾਲ ਚਮਕਣ ਲੱਗ ਪੈਂਦਾ ਹੈ।

अद्वैत – परमानन्दप्रबोधैकप्रकाशकम्।
उपायं शृणुयाच्छिष्यः सद्गुरुं प्राप्य साञ्जलिः।।७३।।

73. ਇੱਕ ਚੇਲੇ ਨੂੰ ਹੱਥ ਜੋੜ ਕੇ ਗੁਰੁ ਕੋਲ ਜਾਣਾਂ ਚਾਹੀਂਦਾ ਹੈ ਅਤੇ ਸ਼ਿਵ ਨਾਲ ਅਦਵੈਤ ਦੇ ਗਿਆਨ ਦੇ ਅਨੁਭਵ ਦੇ ਸਾਧਨਾਂ ਬਾਰੇ ਗਿਆਨ ਲੈਣਾਂ ਚਾਹੀਂਦਾ ਹੈ।

किं तत्त्वं परमं ज्ञेयम्? केन सर्वे प्रतिष्ठिताः?।
कस्य साक्षात्क्रिया मुक्तिः? कथयेति समासतः।।७४।।

74. ਕਿਹੜੇ ਸਰਵਉੱਚ ਸਿਧਾਂਤ ਹਨ ਜਿਨ੍ਹਾਂ ਦਾ ਗਿਆਨ ਜ਼ਰੂਰੀ ਹੈ? ਸਭਨਾਂ ਦਾ ਆਧਾਰ ਕੌਣ ਹੈ? ਕਿਸਦੇ ਬੋਧ ਜਾਂ ਗਿਆਨ ਨਾਲ ਮੁਕਤੀ ਮਿਲਦੀ ਹੈ? ਇਸ ਬਾਰੇ ਮੈਨੂੰ ਸੰਖੇਪ ਵਿੱਚ ਦੱਸੋ!

इति प्रश्ने कृते पूर्वं शिष्येण नियतात्मना।
ब्रूयात् तत्त्वं गुरुस्तस्मै येन स्यात् संसृतेर्लयः।।७५।।

75. ਚੇਲੇ(ਜਿਸ ਨੇ ਆਤਮ-ਨਿਯੰਤਰਣ ਦੀ ਸਿੱਖਿਆ ਲਈ ਹੈ) ਦੁਆਰਾ ਗੁਰੁ ਨੂੰ ਪਹਿਲਾਂ ਇਹ ਸਭ ਪੁੱਛਣ ਤੇ ਗੁਰੁ ਦੁਆਰਾ ਉਸਨੂੰ ਅਜਿਹੀ ਸਿੱਖਿਆ ਦੇਣੀ ਚਾਹੀਂਦੀ ਹੈ ਜਿਸ ਨਾਲ ਆਵਾਗਮਨ ਤੋਂ ਛੁਟਕਾਰਾ ਮਿਲ ਸਕੇ।

शिव एव परं तत्त्वं चिदानन्दसदाकृतिः।
स यथार्थस्तदन्यस्य जगतो नास्ति नित्यता।।७६।।

76. ਸਿਰਫ ਸ਼ਿਵ ਹੀ ਸਰਵਉਚ ਸੱਚਾਈ ਹਨ, ਜੋ ਕਿ ਗਿਆਨ, ਆਸ਼ੀਸ਼ ਅਤੇ ਹੋਂਦ ਦੇ ਪ੍ਰਤੀਕ ਹਨ, ਉਹੀ ਸਦੀਵੀਂ ਸੱਚ ਹਨ ਅਤੇ ਉਹਨਾਂ ਤੋਂ ਬਿਨਾਂ ਇਸ ਸੰਸਾਰ ਵਿੱਚ ਹੋਰ ਕੋਈ ਵੀ ਸਦੀਵੀਂ ਨਹੀਂ।

अयथार्थप्रपञ्चोऽयं प्रतितिष्ठति शङ्करे।
सदात्मनि यथा शुक्तौ रजतत्वं व्यवस्थितम्।।७७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

77. ਇਹ ਨਾਸ਼ਵਾਨ ਸੰਸਾਰ ਸ਼ਿਵ ਵਿੱਚ ਹੀ ਵਸਦਾ ਹੈ ਜਿਸ ਤਰ੍ਹਾਂ ਕਿ ਸਿੱਪੀ ਵਿੱਚ ਮੋਤੀ ਵਸਦਾ ਹੈ।

शिवोऽहमिति भावेन शिवे साक्षात्कृते स्थिरम्।
मुक्तो भवति संसारान्मोहग्रन्थेर्विभेदतः।।७८।।

78. ਜਦੋਂ ਪੱਕੇ ਮਨ ਨਾਲ ਇਸ ਗੱਲ ਦਾ ਬੋਧ ਹੁੰਦਾ ਹੈ ਕਿ ਮੈਂ ਹੀ ਸ਼ਿਵ ਹਾਂ ਤਾਂ ਆਵਾਗਮਨ ਦੇ ਚੱਕਰਾਂ ਦੇ ਬੰਧਨ ਕੱਟ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

शिवं भावय चात्मानं शिवादन्यं न चिन्तय।
एवं स्थिरे शिवाद्वैते जीवन्मुक्तो भविष्यसि।।७९।।

79. ਗੁਰੂ ਕਹਿੰਦੇ ਹਨ, "ਆਪਣੇ ਆਪ ਵਿੱਚ ਸ਼ਿਵ ਨੂੰ ਮਹਿਸੂਸ ਕਰੋ ਅਤੇ ਸ਼ਿਵ ਤੋਂ ਇਲਾਵਾ ਕੁਝ ਵੀ ਨਾ ਸੋਚੋ। ਜਦੋਂ ਸ਼ਿਵ ਨਾਲ ਅਦਵੈਤ ਦੀ ਭਾਵਨਾਂ ਪੱਕੀ ਹੋ ਜਾਂਦੀ ਹੈ ਉਦੋਂ ਤੁਸੀ ਜਿੰਦਾ ਰਹਿੰਦੇ ਹੋਏ ਵੀ ਮੁਕਤ ਹੋ ਜਾਵੋਂਗੇ"।

एवं प्रचोदितः शिष्यो गुरुणा गुणशालिना।
शिवमेव जगत्पश्यन् जीवन्मुक्तोऽभिजायते।।८०।।

80. ਗੁਰੂ, ਜੋ ਕਿ ਗੁਣਾਂ ਨਾਲ ਭਰਪੂਰ ਹੈ, ਦੁਆਰਾ ਅਜਿਹਾ ਕਹਿਣ ਤੇ ਇੱਕ ਚੇਲਾ ਇਸ ਸੰਸਾਰ ਨੂੰ ਸ਼ਿਵਰੂਪ ਸਮਝਦਾ ਹੋਇਆ ਜੀਵਨਮੁਕਤ ਹੋ ਜਾਂਦਾ ਹੈ।

गुरुवाक्यामृतास्वादात् प्राप्त-बोधमहाफलः।
शुश्रूषुरेव सर्वेषां सेव्यत्वात् सेव्य उच्यते।।८१।।

81. ਇੱਕ ਸ਼ੁਸ਼ਰੂ ਜਿਸ ਨੇ ਗੁਰੂ ਦੀਆਂ ਸਿੱਖਿਆਵਾਂ ਦੇ ਅੰਮ੍ਰਿਤ ਨੂੰ ਚੱਖ ਕੇ ਗਿਆਨ ਦੇ ਰੂਪ ਵਿੱਚ ਮਹਾਨ ਇਨਾਮ ਪ੍ਰਾਪਤ ਕੀਤਾ ਹੈ, ਉਸ ਨੂੰ 'ਸੇਵਿਆ' ਕਿਹਾ ਜਾਂਦਾ ਹੈ ਕਿਉਂਕਿ ਉਹ ਸਭ ਦੁਆਰਾ ਸੇਵਾ ਦੇ ਯੋਗ ਹੋ ਜਾਂਦਾ ਹੈ।

गुरूपदिष्टे विज्ञाने चेतसि स्थिरतां गते।
साक्षात्कृतशिवः शिष्यो गुरुवत् पूज्यते सदा।।८२।।

82. ਇੱਕ ਚੇਲੇ (ਜਿਸ ਵਿੱਚ ਸ਼ਿਵ ਬਿਰਾਜਮਾਨ ਹੁੰਦੇ ਹਨ) ਜਿਸ ਦੇ ਮਨ ਵਿੱਚ ਗੁਰੂ ਦੀ ਸਿੱਖਿਆ ਪਰਿਪੱਕ ਹੋ ਜਾਂਦੀ ਹੈ ਉਸ ਦੀ ਪੂਜਾ ਗੁਰੂ ਦੀ ਤਰ੍ਹਾਂ ਹੀ ਹੋਣੀ ਚਾਹੀਂਦੀ ਹੈ।

ज्ञानादाधिक्य - सम्पत्तिर्गुरोर्यस्मादुपस्थिता।
तस्माज्ज्ञानागमाच्छिष्यो गुरुवत् पूज्यतां व्रजेत्।।८३।।

83. ਗੁਰੂ ਦੁਆਰਾ ਸਿੱਖਿਆ ਦਾ ਪ੍ਰਸ਼ਾਰ ਕਰਨ ਤੇ ਚੇਲੇ ਦੀ ਸੋਝੀ ਵਧ ਜਾਂਦੀ ਹੈ ਅਤੇ ਚੇਲਾ ਗੁਰੂ ਦੀ ਤਰ੍ਹਾਂ ਪੂਜਣਯੋਗ ਹੋ ਜਾਂਦਾ ਹੈ।

शिवोऽहमिति भावस्य नैरन्तर्याद् विशेषतः।
शिवभावे समुत्पन्ने शिववत् पूज्य एव सः।।८४।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

84. ਜਦੋਂ ਸ਼ਿਵ ਦੇ ਗਿਆਨ ਦਾ ਚਸ਼ਮਾਂ ਚੇਲੇ ਵਿੱਚ ਫੁੱਟਦਾ ਹੈ ਅਤੇ ਉਹ ਇਕੋ ਵਿਚਾਰ(ਮੈਂ ਸ਼ਿਵ ਹਾਂ) ਨੂੰ ਬਾਰ ਬਾਰ ਦੁਹਰਾਉਂਦਾ ਹੈ ਤਾਂ ਉਹ ਵੀ ਸ਼ਿਵ ਦੀ ਤਰ੍ਹਾਂ ਪੂਜਣਯੋਗ ਹੋ ਜਾਂਦਾ ਹੈ।

**विषयासक्तचित्तोऽपि विषयासङ्गवर्जितः।**

**शिवभावयुतो योगी सेव्यः शिव इवापरः।।८५।।**

85. ਹਾਲਾਂਕਿ ਉਸ ਦਾ ਮਨ ਗਿਆਨ ਇੰਦਰੀਆਂ ਦੇ ਅੰਗਾਂ ਨਾਲ ਬੰਨਿਆ ਹੁੰਦਾ ਹੈ ਪਰੰਤੂ ਫਿਰ ਵੀ ਉਹ ਇਨ੍ਹਾਂ ਬੰਧਨਾਂ ਤੋਂ ਮੁਕਤ ਹੁੰਦਾ ਹੈ। ਜਿਸ ਯੋਗੀ ਤੇ ਸ਼ਿਵ ਦੀ ਕਿਰਪਾ ਹੋਵੇ ਉਹ ਵੀ ਸ਼ਿਵ ਦੀ ਤਰਾਂ ਪੂਜਣਯੋਗ ਹੋ ਜਾਂਦਾ ਹੈ।

**मुक्तः संशयपाशतः स्थिरमना बोधे च मुक्तिप्रदे**

**मोहं देहभृतां दृशा विघटयन् मूलं महासंसृतेः।**

**सत्तानन्दचिदात्मके निरुपमे शैवे परस्मिन् पदे**

**लीनात्मा क्षयितप्रपञ्च-विभवो योगी जनैः सेव्यते।।८६।।**

86. ਜੋ ਯੋਗੀ ਸ਼ੰਕਿਆਂ ਅਤੇ ਭਰਮਾਂ ਤੋਂ ਮੁਕਤ ਹੁੰਦਾ ਹੈ ਜੋ ਕਿ ਗਿਆਨ ਕਰਕੇ ਪੱਕੇ ਮਨ ਦਾ ਬਣ ਜਾਂਦਾ ਹੈ ਮੁਕਤ ਹੋ ਜਾਂਦਾ ਹੈ। ਉਹ ਆਵਾਗਮਨ ਦੇ ਮੁੱਖ ਕਾਰਨਾਂ ਨੂੰ ਦੂਰ ਕਰਦਾ ਹੋਇਆ ਸਾਰੇ ਭਰਮ ਤੋੜ ਦਿੰਦਾ ਹੈ। ਜਿਸ ਦਾ ਮਨ ਸ਼ਿਵ ਵਿੱਚ ਲੱਗ ਜਾਂਦਾ ਹੈ, ਉਹ ਸ਼ਿਵ ਜੋ ਕਿ ਗਿਆਨ, ਆਸ਼ੀਸ਼ ਅਤੇ ਹੋਂਦ ਦੇ ਪ੍ਰਤੀਕ ਹਨ, ਜਿਨ੍ਹਾਂ ਦਾ ਕੋਈ ਹੋਰ ਤੋੜ ਨਹੀਂ ਹੈ ਅਤੇ ਜਿਨ੍ਹਾਂ ਦਾ ਸੰਸਾਰਕ ਭਰਮ ਟੁੱਟਿਆ ਹੋਇਆ ਹੈ, ਉਹਨਾਂ ਦੀ ਪੂਜਾ ਸਾਰੇ ਲੋਕ ਕਰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਅਠਾਰਵਾਂ ਅਧਿਆਇ

प्रसादिस्थलसम्बद्धाः स्थलभेदाः प्रकीर्तिताः।
प्राणलिङ्गिस्थलारूढान् स्थलभेदान् वदस्व मे।।१।।

1. ਅਗਸਤਿਆ ਕਹਿੰਦੇ ਹਨ - ਤੁਸੀਂ ਮੈਨੂੰ ਪ੍ਰਸਾਦੀਸਥਾਲਾ ਨਾਲ ਸਬੰਧਤ ਸਾਰੇ ਲਿੰਗਸਥਾਲਾ ਦੀ ਜਾਣਕਾਰੀ ਦੇ ਦਿੱਤੀ ਹੈ। ਹੁਣ ਕਿਰਪਾ ਕਰਕੇ ਪ੍ਰਾਣਲਿੰਗਸਥਲ ਨਾਲ ਸਬੰਧਤ ਲਿੰਗਸਥਲ ਦੀ ਜਾਣਕਾਰੀ ਦੇਣ ਦੀ ਕਿਰਪਾ ਕਰੋ ਜੀ।

स्थलानां नवकं प्रोक्तं प्राणलिङ्गिस्थलाश्रितम्।
आदावात्मस्थलं प्रोक्तमन्तरात्मस्थलं ततः।।२।।

2. ਪ੍ਰਾਣਲਿੰਗਸਥਲ ਨਾਲ ਸਬੰਧਤ ਨੌਂ ਸਥਾਲਾਂ ਬਾਰੇ ਦੱਸਿਆ ਗਿਆ ਹੈ। ਇਹ ਹਨ: -

परमात्मस्थलं पश्चान्निर्देहागमसंज्ञकम्।
निर्भावागमसंज्ञं च ततो नष्टागमस्थलम्।।३।।

3. ੧)ਆਤਮਾਂਸਥਲ ੨) ਅੰਤਰਆਤਮਾਂਸਥਲ ੩)ਪਰਮਾਤਮਾਂਸਥਲ ੪) ਨਿਰਦੇਹਆਗਮਸਥਲ ੫) ਨਿਰਭਾਵਾਗਮਸਥਲ ੬) ਨਸਤਾਗਮਸਥਲ ੭) ਆਦਿ-ਪ੍ਰਸਾਦੀਸਥਲ ੮) ਅੰਤਿਆਪ੍ਰਸਾਦੀਸਥਲ ੯) ਸੇਵਿਆਪ੍ਰਸਾਦੀਸਥਲ

आदिप्रसादनामाथ ततोऽप्यन्त्यप्रसादकम्।
सेव्यप्रसादकं चाथ शृणु तेषां च लक्षणम्।।४।।

4. ਇਹਨਾਂ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਜਾ ਰਹੀਆਂ ਹਨ, ਧਿਆਨ ਨਾਲ ਸੁਣੋ।

जीवभावं परित्यज्य यदा तत्त्वं विभाव्यते।
गुरोश्च बोधयोगेन तदात्मायं प्रकीर्तितः।।५।।

5. ਜਦ ਇੱਕ ਉਮੀਦਵਾਰ ਗੁਰੁ ਦੀਆਂ ਸਿੱਖਿਆਵਾਂ ਦੁਆਰਾ ਆਪਣੇ ਆਪ ਨੂੰ ਤਿਆਗ ਦਿੰਦਾ ਹੈ ਅਤੇ ਸ਼ਿਵ ਨਾਲ ਇਕਮਿਕ ਹੋਣ ਦੀ ਉਪਾਧੀ ਪਾ ਲੈਂਦਾ ਹੈ ਤਾਂ ਉਸ ਨੂੰ 'ਆਤਮਾਂ' ਕਹਿੰਦੇ ਹਨ।

बालाग्रशतभागेन सदृशो हृदयस्थितः।
अश्नन् कर्मफलं सर्वमात्मा स्फुरति दीपवत्।।६।।

6. ਜੀਵਆਤਮਾਂ ਜੋ ਵਾਲ ਦੇ ਸੌਵੇਂ ਹਿੱਸੇ ਦੇ ਬਰਾਬਰ ਹੁੰਦੀ ਹੈ ਇੱਕ ਦੀਵੇ ਦੀ ਤਰ੍ਹਾਂ ਚਮਕਦੀ ਹੈ ਅਤੇ ਕਰਮਾਂ ਦੇ ਸਾਰੇ ਫਲਾਂ ਨਾਲ ਆਨੰਦਿਤ ਹੁੰਦੀ ਹੈ।

आत्मापि सर्वभूतानामन्तः करणमाश्रितः।
अणुभूतो मलासङ्गादादिकर्म - नियन्त्रितः।।७।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

7. ਹਾਲਾਂਕਿ ਉਹ(ਪਾਰਸ਼ਿਵਬ੍ਰਹਮ) ਸਭਨਾਂ ਦੀ ਆਤਮਾਂ ਹੈ, ਉਹ ਅਸ਼ੁਧਤਾਵਾਂ ਨਾਲ ਮੇਲ ਹੋਣ ਕਰਕੇ ਪ੍ਰਮਾਣੂ ਦਾ ਰੂਪ ਧਾਰਨ ਕਰਦੀ ਹੈ ਅਤੇ ਆਪਣੇ ਪੁਰਾਣੇ ਜਨਮਾਂ ਦੇ ਕਾਰਨ ਆਪਣੇ ਅੰਤਰ ਕਣ(ਅਹੰਕਾਰ ਦੇ ਰੂਪ ਵਿੱਚ) ਵਿੱਚ ਰਹਿੰਦੀ ਹੈ।

जपायोगाद्यथा रागः स्फटिकस्य मणेर्भवेत्।
तथाहङ्कारसम्बन्धादात्मनो देहमानिता।।८।।

8. ਜਿਸ ਤਰ੍ਹਾਂ ਸਵੱਛ ਸਫਟਿਕ ਮਣੀ ਜਪਕੁਸੁਮ ਦੇ ਫੁੱਲ ਨਾਲ ਰਹਿਣ ਕਾਰਣ ਲਾਲ ਰੰਗ ਦੀ ਹੋ ਜਾਂਦੀ ਹੈ, ਉਸੇ ਤਰ੍ਹਾਂ ਅਹੰਕਾਰ ਨਾਲ ਸਬੰਧ ਹੋਣ ਕਾਰਣ ਆਤਮਾਂ ਵੀ ਦੇਹ ਅਭਿਮਾਨੀ ਹੋ ਜਾਂਦੀ ਹੈ ਅਰਥਾਤ ਦੇ ਨੂੰ ਹੀ ਆਪਣਾ ਰੂਪ ਸਮਝਣ ਲੱਗ ਜਾਂਦੀ ਹੈ।

अशरीरोऽपि सर्वत्र व्यापकोऽपि निरञ्जनः।
आत्मा मायाशरीरस्थः परिभ्रमति संस्कृतौ।।९।।

9. ਸ਼ਰੀਰ ਰਹਿਤ ਹੁੰਦੇ ਅਤੇ ਸਰਵਵਿਆਪਕ ਹੋਏ ਵੀ ਦੋਸ਼ਰਹਿਤ ਇਹ ਆਤਮਾਂ ਮਾਇਆਸ਼ਕਤੀ ਦੁਆਰਾ ਰਚਿਤ ਸ਼ਰੀਰ ਵਿੱਚ ਰਹਿ ਕੇ ਜਨਮ ਮਰਣ ਦੇ ਚੱਕਰ ਵਿੱਚ ਫਸੀ ਰਹਿੰਦੀ ਹੈ।

आत्मस्वरूपविज्ञानं देहेन्द्रियविभागतः।
अखण्डब्रह्मरूपेण तदात्मप्राप्तिरुच्यते।।१०।।

10. ਜਦੋਂ ਦੇਹ ਅਤੇ ਇੰਦਰੀਆਂ ਵਿੱਚ ਵਖਰੇਵਾਂ(ਅਰਥਾਤ ਇਹ ਵਿਚਾਰ ਕਿ ਆਤਮਾਂ ਦੇਹ ਅਤੇ ਇੰਦਰੀਆਂ ਤੋਂ ਭਿੰਨ ਹੈ) ਅਤੇ ਅਖੰਡ ਬ੍ਰਹਮਾਂ ਦੇ ਰੂਪ ਵਿੱਚ ਆਤਮਸਵਰੂਪ ਦਾ ਗਿਆਨ ਹੋ ਜਾਂਦਾ ਹੈ ਉਸ ਨੂੰ ਆਤਮਪ੍ਰਾਪਤੀ ਕਹਿੰਦੇ ਹਨ।

न चास्ति देहसम्बन्धो निर्देहस्य स्वभावतः।
अज्ञानकर्मयोगेन देही भवति भुक्तये।।११।।

11. ਬ੍ਰਹਮਾਂ ਜੋ ਕਿ ਆਪਣੀ ਅਸਲੀ ਸਥਿਤੀ ਵਿੱਚ ਹੈ ਉਹ ਦੇਹ ਰਹਿਤ ਹੈ, ਉਸਦਾ ਦੇਹ ਜਾਂ ਸ਼ਰੀਰ ਨਾਲ ਕੋਈ ਸਬੰਧ ਨਹੀਂ ਹੈ। ਅਗਿਆਨ ਅਤੇ ਉਸ ਤੋਂ ਜਨਮੇ ਕਰਮ ਦੇ ਯੋਗ ਨਾਲ ਜਦੋਂ ਇਹ ਆਤਮਾਂ ਭੋਗ ਕਰਦੀ ਹੈ ਤਾਂ ਸ਼ਰੀਰਧਾਰੀ ਬਣਦੀ ਹੈ।

नासौ देवो न गन्धर्वो न यक्षो नैव राक्षसः।
न मनुष्यो न तिर्यक् च न च स्थावरविग्रहः।।
तत्तच्छरीरयोगेन तत्तन्नाम्ना विराजते।।१२।।

12. ਇਹ ਆਤਮਾਂ ਨਾਂ ਤਾਂ ਦੇਵ ਹੈ, ਨਾਂ ਗੰਧਰਵ ਹੈ, ਨਾਂ ਯਕਸ਼ ਹੈ, ਨਾਂ ਰਾਕਸ਼ਸ਼ ਹੈ, ਨਾਂ ਮਨੁੱਖ ਹੈ, ਨਾਂ ਜਾਨਵਰ ਹੈ ਅਤੇ ਨਾਂ ਹੀ ਸਥਾਈ ਸ਼ਰੀਰ ਵਾਲਾ ਰੁੱਖ ਹੈ।

नानाकर्मविपाकाश्च नानायोनिसमाश्रिताः।
नानायोगसमापन्ना नानाबुद्धिविचेष्टिताः।।१३।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

13. ਇਹ ਵੱਖਰੇ ਵੱਖਰੇ ਜੀਵ ਮਨੁੱਖ, ਪਸ਼ੂ, ਪੰਛੀ ਆਦਿ ਅਲੱਗ ਅਲੱਗ ਜਨਮਾਂ ਵਿੱਚ ਉਤਪੰਨ ਹੁੰਦੇ ਹਨ। ਇਸ ਕਰਕੇ ਇਹ ਅਲੱਗ ਅਲੱਗ ਤਰਾਂ ਦੇ ਸੁੱਖ ਦੁੱਖ ਭੋਗਦੇ ਹੋਏ ਅਨੇਕ ਪ੍ਰਕਾਰ ਦੇ ਵਿਚਾਰ ਅਤੇ ਕੋਸ਼ਿਸ਼ਾਂ ਕਰਦੇ ਹਨ। ਇਹ ਜੀਵ ਸ਼ੈਵ, ਵੈਸ਼ਨਵ ਅਤੇ ਵੱਖ ਵੱਖ ਧਰਮਾਂ ਦਾ ਆਸਰਾ ਲੈਂਦੇ ਹੋਏ ਅਨੇਕ ਤਰ੍ਹਾਂ ਦੇ ਵਿਚਾਰ ਕਰਦੇ ਰਹਿੰਦੇ ਹਨ।

नानामार्गसमारूढा नाना – सङ्कल्पकारिणः।

अस्वतन्त्राश्च किञ्चिज्ज्ञाः किञ्चित्कर्तृत्व-हेतवः।।

लीलाभाजनतां प्राप्ताः शिवस्य परमात्मनः।।१४।।

14. ਬਿਨਾਂ ਸੁਤੰਤਰਤਾ ਦੇ, ਅਲਪ ਗਿਆਨ ਨਾਲ ਅਤੇ ਸੀਮਤ ਕਿਰਿਆਵਾਂ ਨਾਲ ਇਹ ਜੀਵ ਸ਼ਿਵ ਦੁਆਰਾ ਰਚੀ ਗਈ ਲੀਲ੍ਹਾ ਦੇ ਪਾਤਰ ਬਣਦੇ ਹਨ।

चोदिताः परमेशेन स्वस्वकर्मानुरूपतः।

स्वर्गं वा नरकं वापि प्राणिनो यान्ति कर्मिणः।।१५।।

15. ਇਹ ਕਰਮ ਕਰਨ ਵਾਲੇ ਪ੍ਰਾਣੀ ਪਰਮੇਸ਼ਵਰ ਦੁਆਰਾ ਆਪਣੇ ਆਪਣੇ ਕਰਮਾਂ ਦੇ ਅਨੁਸਾਰ ਪ੍ਰੇਰਿਤ ਹੋ ਕੇ ਸਵਰਗ ਅਤੇ ਨਰਕ ਨੂੰ ਪ੍ਰਾਪਤ ਕਰਦੇ ਹਨ।

पुनः कर्मविशेषेण जायन्ते गर्भकोटरात्।

जाता मृताः पुनर्जाताः पुनर्मरणभाजिनः।।

भ्रमन्ति घोरसंसारे विश्रान्तिकथया विना।।१६।।

16. ਆਪਣੇ ਕਰਮਾਂ ਦੇ ਭੋਗ ਕਰਕੇ ਹੀ ਇਹ ਜੀਵ ਗਰਭ ਵਿੱਚੋਂ ਪੈਦਾ ਹੁੰਦੇ ਰਹਿੰਦੇ ਹਨ ਅਤੇ ਕੁੱਝ ਸਮੇਂ ਤੱਕ ਇਸ ਸੰਸਾਰ ਵਿੱਚ ਰਹਿੰਦੇ ਹਨ ਅਤੇ ਫਿਰ ਮਰ ਜਾਂਦੇ ਹਨ। ਫਿਰ ਜਨਮ ਲੈਂਦੇ ਹਨ ਅਤੇ ਫਿਰ ਮੌਤ ਦੇ ਪਾਤਰ ਬਣਦੇ ਹਨ ਅਤੇ ਬਿਨਾਂ ਕਿਸੇ ਰੋਕ-ਰੁਕਾਵਟ ਦੇ ਆਵਾਗਮਨ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ।

जीवत्वं दुःखसर्वस्वं तदिदं मलकल्पितम्।

निरस्यते गुरोर्बोधाज्ज्ञानशक्तिः प्रकाशते।।१७।।

17. ਮਲਾਂ ਕਰਕੇ ਇਨਸਾਨ ਦਾ ਜੀਵਨ ਦੁੱਖਾਂ ਨਾਲ ਭਰਿਆ ਰਹਿੰਦਾ ਹੈ। ਗੁਰੂ ਦੁਆਰਾ ਗਿਆਨ ਪ੍ਰਦਾਨ ਕਰਨ ਤੇ ਹੀ ਦੁੱਖਾਂ ਦਾ ਨਾਸ ਹੁੰਦਾ ਹੈ, ਇਸ ਤਰ੍ਹਾਂ ਆਤਮ ਗਿਆਨ ਦੀ ਸ਼ਕਤੀ ਪ੍ਰਜਵਲਿਤ ਹੁੰਦੀ ਹੈ।

यदा निरस्तं जीवत्वं भवेद् गुर्वनुबोधतः।

तदान्तरात्मभावोऽपि निरस्तस्य भवेद् ध्रुवम्।।१८।।

18. ਗੁਰੂ ਦੁਆਰਾ ਦਿੱਤੇ ਗਿਆਨ ਕਰਕੇ ਜਦੋਂ ਆਤਮਾਂ ਨਿਰਸਤ ਹੋ ਜਾਂਦੀ ਹੈ ਤਾਂ ਉਹ ਸਾਧਕ ਨਿਸਚਿਤ ਹੀ ਅੰਤਰਆਤਮਾਂ ਦਾ ਰੂਪ ਧਾਰਨ ਕਰ ਲੈਂਦਾ ਹੈ।

देहस्थितोऽप्ययं जीवो देहसङ्गविवर्जितः।

बोधात् परात्मभावित्वादन्तरात्मेति कीर्तितः।।१९।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

19. ਸ਼ਰੀਰ ਵਿੱਚ ਰਹਿੰਦੇ ਹੋਏ ਵੀ ਆਤਮਾਂ ਸ਼ਰੀਰ ਤੋਂ ਵੱਖ ਰਹਿੰਦੀ ਹੈ ਅਤੇ ਆਤਮਗਿਆਨ ਦੇ ਕਰਕੇ ਅਤੇ ਪਰਾਤਮ ਭਾਵ ਯੁਕਤ ਹੋਣ ਕਰਕੇ ਉਸਨੂੰ ਅੰਤਰਆਤਮਾਂ ਕਿਹਾ ਜਾਂਦਾ ਹੈ।

आत्मान्तरालवर्तित्वाज्जीवात्मपरमात्मनोः ।

योगादुभयधर्माणामन्तरात्मेति कीर्तितः।।२०।।

20. ਜੀਵਆਤਮਾਂ ਅਤੇ ਪਰਮਾਤਮਾਂ ਦੇ ਵਿਚਕਾਰ ਹੋਣ ਕਰਕੇ ਆਤਮਾਂ ਨੂੰ ਉਕਤ ਦੋਵਾਂ ਦੇ ਮੇਲ ਦੀ ਹੋਣ ਕਾਰਣ ਅੰਤਰਆਤਮਾਂ ਕਹਾਉਂਦੀ ਹੈ।

अहङ्कारस्य सम्बन्धान्मनुष्यत्वादि - विभ्रमः।

न स्वभाव इति ज्ञानादन्तरात्मेति कथ्यते।।२१।।

21. ਅਹੰਕਾਰ('ਮੈਂ ਅਤੇ ਮੇਰਾ ਦਾ ਭਾਵ") ਦੇ ਨਾਲ ਸਬੰਧ ਹੋਣ ਕਰਕੇ 'ਮੈਂ ਆਦਮੀ ਹਾਂ' ਦਾ ਭਰਮ ਪੈਦਾ ਹੁੰਦਾ ਹੈ। ਜਕਦੋਂ ਇਹ ਗਿਆਨ ਹੁੰਦਾ ਹੈ ਕਿ ਇਹ ਮੇਰੀ ਅਸਲੀ ਪਹਿਚਾਣ ਨਹੀਂ ਹੈ ਉਸ ਸਮੇਂ ਆਤਮਾਂ ਨੂੰ ਅੰਤਰਆਤਮਾਂ ਕਹਿੰਦੇ ਹਨ।

यथा पद्मपलाशस्य न सङ्गो वारिणा भवेत्।

तथा देहजुषोऽप्यस्य न शरीरेण सङ्गतिः।।२२।।

22. ਜਿਸ ਤਰ੍ਹਾਂ ਕਿ ਕੰਵਲ ਦੇ ਪੱਤੇ ਦਾ ਪਾਣੀ ਨਾਲ ਕੋਈ ਸਬੰਧ ਨਹੀਂ ਹੁੰਦਾ ਉਸੇ ਤਰ੍ਹਾਂ ਆਤਮਾਂ ਦਾ ਸ਼ਰੀਰ ਵਿੱਚ ਰਹਿੰਦੇ ਹੋਏ ਵੀ ਸ਼ਰੀਰ ਨਾਲ ਕੋਈ ਸਬੰਧ ਨਹੀਂ ਹੁੰਦਾ।

नीडस्थितो यथा पक्षी नीडाद्भिन्नः प्रदृश्यते।

देहस्थितस्तथात्मायं देहादन्यः प्रकाश्यते।।२३।।

23. ਜਿਸ ਤਰ੍ਹਾਂ ਇੱਕ ਆਲਣੇ ਵਿੱਚ ਰਹਿੰਦੇ ਹੋਏ ਇੱਕ ਪੰਛੀ ਆਲਣੇ ਤੋਂ ਵੱਖਰਾ ਦਿਖਦਾ ਹੈ ਇਸੇ ਤਰ੍ਹਾਂ ਆਤਮਾਂ ਸ਼ਰੀਰ ਵਿੱਚ ਰਹਿੰਦੇ ਹੋਏ ਵੱਖਰੀ ਹੁੰਦੀ ਹੈ।

आच्छाद्यते यथा चन्द्रो मेघैरासङ्गवर्जितैः।

तथात्मा देहसङ्घातैरसङ्गपरिवेष्टितः।।२४।।

24. ਜਿਸ ਤਰ੍ਹਾਂ ਕਿ ਚੰਦਰਮਾਂ ਬੱਦਲਾਂ ਨਾਲ ਘਿਰਿਆ ਰਹਿੰਦਾ ਹੈ ਪਰੰਤੂ ਉਹਨਾਂ ਨਾਲ ਸਬੰਧਿਤ ਨਹੀਂ ਹੁੰਦਾ ਉਸੇ ਤਰ੍ਹਾਂ ਆਤਮਾਂ ਸ਼ਰੀਰ ਦੇ ਅੰਗਾਂ ਦੁਆਰਾ ਘਿਰੀ ਹੁੰਦੀ ਹੈ ਪਰੰਤੂ ਇਸ ਨਾਲ ਸਬੰਧਿਤ ਨਹੀਂ ਹੁੰਦੀ।

निर्ममो निरहङ्कारो निरस्तोपाधिविक्लवः।

देहस्थोऽपि सदा ह्यात्मा शिवं पश्यति योगतः।।२५।।

25. ਆਤਮਾਂ ਭਾਵੇਂ ਕਿ ਸ਼ਰੀਰ ਵਿੱਚ ਰਹਿੰਦੀ ਹੈ 'ਮੈਂ ਅਤੇ ਮੇਰੇ' ਦੇ ਭਾਵ ਤੋਂ ਰਹਿਤ ਹੁੰਦੀ ਹੈ, ਅਹੰਕਾਰ ਤੋਂ ਰਹਿਤ ਹੁੰਦੀ ਹੈ ਅਤੇ ਜਿਸ ਨੇ ਸ਼ਿਵ ਨੂੰ ਯੋਗ ਦੁਆਰਾ ਮਹਿਸੂਸ ਕੀਤਾ ਹੁੰਦਾ ਹੈ ਉਸ ਦੀਆਂ ਸਾਰੀਆਂ ਅੜਚਣਾਂ ਦੂਰ ਹੋ ਜਾਂਦੀਆਂ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

भोक्तृभोज्यपरित्यागात् प्रेरकस्य प्रसादतः।

भोक्तृताभावगलितः स्फुरत्यात्मा स्वभावतः।।२६।।

26. ਉਤਸਸ਼ਾਹਿਤ ਕਰਨ ਵਾਲੇ ਸ਼ਿਵਾ ਦੀ ਮਿਹਰ ਸਦਕਾ ਅਨੰਦਿਤ ਹੋਣ ਵਾਲਾ ਅਤੇ ਆਨੰਦ ਦੇਣ ਵਾਲੇ ਵਿਚਾਰਾਂ ਨੂੰ ਤਿਆਗ ਕੇ ਆਤਮਾਂ ਸ਼ਿਵ ਦੀ ਤਰ੍ਹਾਂ ਸ਼ੁੱਧ ਹੋ ਜਾਂਦੀ ਹੈ।

सर्वेषां प्रेरकत्वेन शम्भुरन्तः स्थितः सदा।

तत्परिज्ञान-योगेन योगी नन्दति मुक्तवत्।।२७।।

27. ਸ਼ਿਵ ਸ਼ੰਭੂ ਸਭਨਾਂ ਦੇ ਅੰਦਰ ਉਤਸ਼ਾਹ ਦੇਣ ਵਾਲੇ ਦੇ ਰੂਪ ਵਿੱਚ ਵਸਦੇ ਹਨ। ਅੰਤਰ ਧਿਆਨ ਲਗਾ ਕੇ ਇੱਕ ਯੋਗੀ ਸਵੈ-ਬੋਧ ਵੱਲ ਵਧਦਾ ਹੋਇਆ ਮੁਕਤੀ ਦਾ ਮਾਰਗ ਪਾ ਲੈਂਦਾ ਹੈ।

निर्धूते तत्प्रबोधेन मले संसारकारणे।

सामरस्यात् परात्मस्थात् परमात्मायमुच्यते।।२८।।

28. ਜਦੋਂ ਅਗਿਆਨਤਾ ਦਾ ਮਲ ਜੋ ਕਿ ਆਵਾਗਮਨ ਦਾ ਕਾਰਣ ਬਣਦਾ ਹੈ ਗਿਆਨ ਪ੍ਰਾਪਤੀ ਤੋਂ ਬਾਅਦ ਧੋਤਾ ਜਾਂਦਾ ਹੈ ਤਾਂ ਇਸ ਅੰਤਰਆਤਮਾਂ ਨੂੰ ਪਰਮਾਤਮਾਂ ਕਹਿੰਦੇ ਹਨ ਕਿਉਂਕਿ ਇਹ ਸਰਵਉਚ ਆਤਮਾਂ ਨਾਲ ਇਕਮਿਕ ਹੋ ਜਾਂਦੀ ਹੈ।

सर्वेषामात्मभेदानामुत्कृष्टत्वात् स्वतेजसा।

परमात्मा शिवः प्रोक्तः सर्वगोऽपि प्रकाशवान्।।२९।।

29. ਕਿਉਂਕਿ ਸ਼ਿਵ ਆਪਣੀ ਚਮਕ ਕਰਕੇ ਸਾਰੀਆਂ ਆਤਮਾਵਾਂ ਨਾਲੋਂ ਵੱਧ ਚਮਕੀਲਾ ਹੈ ਅਤੇ ਕਿਉਂਕਿ ਉਹ ਸਾਰੇ ਜੀਵਾਂ ਵਿੱਚ ਇੱਕ ਪ੍ਰਕਾਸ਼ ਦੇ ਰੂਪ ਵਿੱਚ ਵਾਸ ਕਰਦਾ ਹੈ ਇਸ ਲਈ ਉਸਨੂੰ ਪਰਮਾਤਮਾਂ ਕਹਿੰਦੇ ਹਨ।

ब्रह्माण्डबुद्बुदस्तोमा यस्य मायामहोदधौ।

उन्मज्जन्ति निमज्जन्ति परमात्मा स उच्यते।।३०।।

30. ਜਿਸ ਵਿੱਚ ਮਾਇਆ ਦੇ ਸਮੁੰਦਰ ਦੇ ਇਸ ਸੰਸਾਰ ਰੂਪੀ ਬੁਲਬੁਲ੍ਹੇ ਉਠਦੇ ਬੈਠਦੇ ਰਹਿੰਦੇ ਹਨ ਉਸ ਨੂੰ ਪਰਮਾਤਮਾਂ ਕਹਿੰਦੇ ਹਨ।

यस्मिन् ज्योतिर्गणाः सर्वे स्फुलिङ्ग इव पावकात्।

उत्पत्य विलयं यान्ति तद्रूपं परमात्मनः।।३१।।

31. ਉਹ ਰੂਪ ਜਿਸ ਵਿੱਚ ਬਹੁਤ ਸਾਰੀਆਂ ਚਿੰਗਾਰੀਆਂ ਬਣਦੀਆਂ ਅਤੇ ਬੁਝਦੀਆਂ ਰਹਿੰਦੀਆਂ ਹਨ ਉਸ ਰੂਪ ਨੂੰ ਪਰਮਾਤਮਾਂ ਕਹਿੰਦੇ ਹਨ।

यस्मिन् समस्त-वस्तूनि कल्लोला इव वारिधौ।

सम्भूय लयमायान्ति तद्रूपं परमात्मनः।।३२।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

32. ਜਿਸ ਵਿੱਚ ਸਾਰੀਆਂ ਵਸਤੂਆਂ ਇਸ ਤਰ੍ਹਾਂ ਇਕਮਿਕ ਹੋ ਜਾਂਦੀਆਂ ਹਨ ਜਿਵੇਂ ਲਹਿਰਾਂ ਸਮੁੰਦਰ ਵਿੱਚ ਇਕਮਿਕ ਹੁੰਦੀਆਂ ਹਨ ਉਸ ਰੂਪ ਨੂੰ ਪਰਮਾਤਮਾਂ ਕਹਿੰਦੇ ਹਨ।

**निरस्तमलसम्बन्धं निःशेषजगदात्मकम्।**
**सर्व - तत्त्वोपरि प्रोक्तं स्वरूपं परमात्मनः।।३३।।**

33. ਇਹ ਕਿਹਾ ਗਿਆ ਹੈ ਕਿ ਪਰਮਾਤਮਾਂ, ਜਿਸ ਨੇ ਸਾਰੇ ਮਲਾਂ ਦਾ ਨਾਸ ਕੀਤਾ ਗਿਆ ਹੈ, ਸਾਰੇ ਸੰਸਾਰ ਦਾ ਜੀਵਨ-ਸਿਧਾਂਤ ਹੈ ਅਤੇ ਸਾਰੇ ਸਿਧਾਂਤਾਂ ਤੋਂ ਉਪਰ ਹੈ।

**यथा व्याप्य जगत्सर्वं स्वभासा भाति भास्करः।**
**तथा स्वशक्तिभिर्व्याप्य परमात्मा प्रकाशते।।३४।।**

34. ਜਿਸ ਤਰ੍ਹਾਂ ਸੂਰਜ ਆਪਣੀ ਰੌਸ਼ਨੀ ਨਾਲ ਸੰਸਾਰ ਨੂੰ ਵਿਆਪਕ ਰੂਪ ਵਿੱਚ ਪ੍ਰਕਾਸ਼ਿਤ ਕਰਦਾ ਹੈ ਉਸੇ ਤਰ੍ਹਾਂ ਪਰਮਾਤਮਾਂ ਆਪਣੀਆਂ ਸ਼ਕਤੀਆਂ ਨਾਲ ਵਿਆਪਕ ਰੂਪ ਵਿੱਚ ਸਭ ਨੂੰ ਪ੍ਰਕਾਸ਼ਿਤ ਕਰਦਾ ਹੈ।

**विश्वतो भासमानोऽपि विश्वमायाविलक्षणः।**
**परमात्मा स्वयं ज्योतीरूपो जीवात्मनां भवेत्।।३५।।**

35. ਸਰਵਵਿਆਪਕ ਹੋਣ ਕਰਕੇ ਅਤੇ ਮਾਇਆ ਤੋਂ ਦੂਰ ਹੋਣ ਕਰਕੇ ਪਰਮਾਤਮਾਂ ਇਨਸਾਨ ਦੀ ਆਤਮਾਂ ਵਿੱਚ ਇੱਕ ਜੋਤੀ ਦੀ ਤਰ੍ਹਾਂ ਪ੍ਰਜਵਲਿਤ ਹੁੰਦਾ ਹੈ।

**देहिनोऽपि परात्मत्वभाविनो निरहङ्कृतेः।**
**निरस्तदेहधर्मस्य निर्देहागम उच्यते।।३६।।**

36. ਇੱਕ ਸ਼ਿਵਯੋਗੀ ਦੇਹ(ਸ਼ਰੀਰ) ਹੁੰਦੇ ਹੋਏ ਵੀ ਗਿਆਨ ਪ੍ਰਾਪਤੀ ਨਾਲ ਨਿਰਦੇਹੀ(ਸ਼ਰੀਰ ਰਹਿਤ) ਬਣ ਜਾਂਦਾ ਹੈ, ਪਰਮਾਤਮਾਂ ਬਣ ਜਾਂਦਾ ਹੈ ਅਤੇ ਅਹੰਕਾਰ ਅਤੇ ਸ਼ਰੀਰਕ ਬੰਧਨਾਂ ਨੂੰ ਤੋੜ ਦਿੰਦਾ ਹੈ।

**गलिते ममताहन्ते संसारभयकारणे।**
**पराहन्तां प्रविष्टस्य कुतो देहः? कुतो रतिः?।।३७।।**

37. ਜਦੋਂ 'ਮੈਂ ਅਤੇ ਮੇਰਾ' ਦੀ ਭਾਵਨਾ ਖਤਮ ਹੋ ਜਾਂਦੀ ਹੈ ਜੋ ਕਿ ਸੰਸਾਰਿਕ ਜ਼ਿੰਦਗੀ ਦੇ ਭੁਲੇਖੇ ਦਾ ਕਾਰਨ ਬਣਦੀ ਹੈ, ਤਾਂ ਉਹ ਯੋਗੀ ਜਿਸ ਨੇ ਸਰਵਉਚ ਆਤਮਾਂ ਦੀ ਉਪਾਧੀ ਲੈ ਲਈ ਹੁੰਦੀ ਹੈ ਉਸ ਲਈ ਸ਼ਰੀਰ ਨਾਲ ਜੁੜਨ ਦੀ ਭਾਵਨਾਂ ਵੀ ਖਤਮ ਹੋ ਜਾਂਦੀ ਹੈ।

**केवले निष्प्रपञ्चौघे गम्भीरे चिन्महोदधौ।**
**निमग्नमानसो योगी कथं देहं विचिन्तयेत्?।।३८।।**

38. ਜਦੋਂ ਯੋਗੀ ਦਾ ਮਨ ਉਸ ਚੇਤਨਾਂ ਦੇ ਸਮੁੰਦਰ ਵਿੱਚ ਵਿਲੀਨ ਹੋ ਜਾਂਦਾ ਹੈ ਜੋ ਕਿ ਸੰਸਾਰਿਕ ਧਾਰਾ ਤੋਂ ਬਣਿਆਂ ਹੋਇਆ ਹੈ ਤਾਂ ਉਸ ਨੂੰ ਆਪਣੇ ਸ਼ਰੀਰ ਬਾਰੇ ਚਿੰਤਾ ਕਿਉਂ ਰਹੇਗੀ?



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

अपरिच्छेद्यमात्मानं चिदम्बरमिति स्मरन्।

देहयोगेऽपि देहस्थैर्विकारैर्न विलिप्यते।।३९।।

39. ਆਪਣੀ ਆਤਮਾਂ ਨੂੰ ਸ਼ਰੀਰ ਹੋਣ ਦੇ ਬਾਵਜੂਦ ਚੇਤਨਤਾ ਦਾ ਹਿੱਸਾ ਸਮਝਦਾ ਹੋਇਆ ਉਹ ਯੋਗੀ ਸ਼ਰੀਰ ਦੇ ਵਿਕਾਰਾਂ ਆਦਿ ਤੋਂ ਪ੍ਰਭਾਵਿਤ ਨਹੀਂ ਹੁੰਦਾ।

अखण्डसंविदाकारमद्वितीयं सुखात्मकम्।

परमाकाशमात्मानं मन्वानः कुत्र मुह्यति?।।४०।।

40. ਆਪਣੇ ਆਪ ਨੂੰ ਅਸੀਮ ਅਤੇ ਪਰਮਾਤਮਾਂ ਦਾ ਰੂਪ ਸਮਝਣ ਵਾਲਾ ਯੋਗੀ ਸ਼ਰੀਰ ਵਿੱਚ ਰਹਿਣ ਦੇ ਬਾਵਜੂਦ ਵੀ ਸ਼ਰੀਰ ਦੇ ਵਿਕਾਰਾਂ ਜਿਵੇਂ ਕਾਮ, ਕਰੋਧ ਅਤੇ ਲੋਭ ਆਦਿ ਤੋਂ ਲਿਪਤ ਨਹੀਂ ਹੁੰਦਾ।

उपाधिविहिता भेदा दृश्यन्ते चैकवस्तुनि।

इति यस्य मतिः सोऽयं कथं देहमितो भवेत्?।।४१।।

41. ਇੱਕ ਹੀ ਵਸਤੂ ਵਿੱਚ ਜੋ ਭੇਦ ਦਿਖਾਈ ਦਿੰਦੇ ਹਨ ਉਹ ਉਪਾਧੀ ਦੁਆਰਾ ਰਚ ਹੁੰਦੇ ਹਨ – ਜਿਸਦੀ ਅਜਿਹੀ ਬੁੱਧੀ ਹੁੰਦੀ ਹੈ ਉਹ ਸ਼ਰੀਰ ਦੁਆਰਾ ਸੀਮਿਤ ਕਿਵੇਂ ਹੋ ਸਕਦਾ ਹੈ।

भेदबुद्धिः समस्तानां परिच्छेदस्य कारणम्।

अभेदबुद्धौ जातायां परिच्छेदस्य का कथा?।।४२।।

42. ਸਾਰੀਆਂ ਵਸਤੂਆਂ ਵਿੱਚ ਭੇਦ ਦਾ ਕਾਰਣ ਬੁੱਧੀ ਦਾ ਭੇਦ ਹੁੰਦਾ ਹੈ। ਜਦੋਂ ਅਭੇਦ ਭਾਵ ਦਾ ਵਿਚਾਰ ਆ ਜਾਂਦਾ ਹੈ ਤਾਂ ਭੇਦ ਦੇ ਬਾਰੇ ਗੱਲ ਕਰਨ ਦਾ ਕੀ ਲਾਭ?

शिवोऽहमिति यस्यास्ति भावना सर्वगामिनी।

तस्य देहेन सम्बन्धः कथं स्यादमितात्मनः?।।४३।।

43. ਜਿਸ ਦੀ ਅਜਿਹੀ ਸਰਵਵਿਆਪੀ ਭਾਵਨਾ ਹੈ ਕਿ 'ਮੈਂ ਸ਼ਿਵ ਹਾਂ' ਉਸ ਯੋਗੀ ਦਾ ਦੇਹ ਜਾਂ ਸ਼ਰੀਰ ਨਾਲ ਸਬੰਧ ਕਿਵੇਂ ਹੋ ਸਕਦਾ ਹੈ।

व्यतिरेकात् स्वरूपस्य भावान्तरनिराकृतेः।

भावो विकारनिर्मुक्तो निर्भावागम उच्यते।।४४।।

44. ਸ਼ਿਵਯੋਗੀ ਦੀ ਮਾਨਸਿਕ ਦਸ਼ਾ ਜੋ ਕਿ ਸਾਰੇ ਅੰਦੋਲਨਾਂ ਤੋਂ ਮੁਕਤ ਹੁੰਦੀ ਹੈ, ਉਸ ਵਿੱਚ ਜਦੋਂ ਹੋਰ ਸੋਚਾਂ ਜੋ ਕਿ ਉਸ ਦੇ ਸਵੈ ਦੇ ਸੁਭਾਅ ਨਾਲ ਮੇਲ ਨਹੀਂ ਖਾਂਦੀਆਂ ਅਤੇ ਉਹਨਾਂ ਸੋਚਾਂ ਦਾ ਨਾਸ਼ ਹੋ ਜਾਂਦਾ ਹੈ ਉਸ ਨੂੰ 'ਨਿਰਭਾਵਾਗਮ' ਕਿਹਾ ਜਾਂਦਾ ਹੈ।

अहं ब्रह्मेति भावस्य वस्तुद्वयसमाश्रयः।

एकीभूतस्य चिद्व्योग्नि तदभावो विनिश्चितः।।४५।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

45. ਇਹ ਵਿਚਾਰ ਕਿ 'ਮੈਂ ਬ੍ਰਹਮਾਂ ਹਾਂ' ਅਦਵੈਤਵਾਦ ਨਾਲ ਸਬੰਧ ਲਗਦਾ ਹੈ, ਪਰੰਤੂ ਇਹ ਵਿਚਾਰ ਉਸ ਵਿੱਚ ਖਤਮ ਹੋ ਜਾਂਦਾ ਹੈ ਜੋ ਸਰਵਉਚ ਗਿਆਨ ਵਿੱਚ ਵਿਲੀਨ ਹੋ ਜਾਂਦਾ ਹੈ (ਭਾਵ ਪਰਮਾਤਮਾਂ ਬਣ ਜਾਂਦਾ ਹੈ)।

एकभावनिरूढस्य निष्कलङ्के चिदम्बरे।
क्व जातिवासनायोगः क्व देहित्वं परिभ्रमः?।।४६।।

46. ਗਿਆਨ ਦੇ ਦਾਗ ਰਹਿਤ ਆਸਮਾਨ ਵਿੱਚ ਅਦਵੈਤ ਦੀ ਉਪਾਧੀ ਪ੍ਰਾਪਤ ਕਰਨ ਵਾਲੇ ਲਈ ਕਿੱਥੇ ਜਾਤੀਵਾਸਨਾ ਦਾ ਯੋਗ, ਕਿੱਥੇ ਦੇਹ ਦੀ ਭਾਵਨਾ ਅਤੇ ਕਿੱਥੇ ਸੰਸਾਰ ਦੇ ਜਨਮ ਮਰਣ ਦਾ ਚੱਕਰ?

शून्ये चिदम्बरे स्थाने दूरे वाङ्मनसाध्वनः।
विलीनात्मा महायोगी केन किं वापि भावयेत्?।।४७।।

47. ਵਾਣੀ ਅਤੇ ਮਨ ਦੇ ਮਾਰਗ ਤੋਂ ਦੂਰ ਮਹਾਂਯੋਗੀ ਦੀ ਆਤਮਾਂ ਗਿਆਨ ਦੇ ਆਸਮਾਨ ਵਿੱਚ ਵਿਲੀਨ ਹੋ ਜਾਂਦੀ ਹੈ, ਫਿਰ ਉਹ ਯੋਗੀ ਕਿਸਦੇ ਦੁਆਰਾ ਅਤੇ ਕਿਸ ਦੀ ਭਾਵਨਾਂ ਕਰੇ?

अविशुद्धे विशुद्धे वा स्थले दीप्तिर्यथा रवेः।
पतत्येवं सदाद्वैती सर्वत्र समबुद्धिमान्।।४८।।

48. ਜਿਸ ਤਰ੍ਹਾਂ ਸੂਰਜ ਦੀ ਰੌਸ਼ਨੀ ਹਰ ਜਗ੍ਹਾਂ ਤੇ ਪੈਂਦੀ ਹੈ ਭਾਵੇਂ ਉਹ ਸਾਫ ਹੋਵੇ ਜਾਂ ਨਾ ਹੋਵੇ, ਉਸੇ ਤਰ੍ਹਾਂ ਜੋ ਯੋਗੀ ਸ਼ਿਵ ਨਾਲ ਅਦਵੈਤ ਦੀ ਉਪਾਧੀ ਵਿੱਚ ਹੁੰਦਾ ਹੈ ਉਹ ਹਰ ਜਗ੍ਹਾ ਵਿਵਹਾਰ ਰਖਦਾ ਹੈ।

न बिभेति जरामृत्योर्न क्षुधाया वशं व्रजेत्।
परिपूर्णनिजानन्दं समास्वादन् महासुखी।।४९।।

49. ਅਜਿਹਾ ਸ਼ਿਵਯੋਗੀ ਵੱਡੀ ਉਮਰ ਅਤੇ ਮੌਤ ਤੋਂ ਨਹੀਂ ਡਰਦਾ। ਉਹ ਭੁੱਖ ਅਤੇ ਪਿਆਸ ਦੇ ਵੱਸ ਵਿੱਚ ਨਹੀਂ ਹੁੰਦਾ। ਉਹ ਨਿੱਜ ਆਨੰਦ ਦੀ ਮਿਠਾਸ ਦਾ ਸੁਆਦ ਚਖਦਾ ਹੋਇਆ ਉਹ ਮਹਾਂਸੁਖੀ ਰਹਿੰਦਾ ਹੈ।

भेदशून्ये महाबोधे ज्ञात्रादित्रयहीनकः।
ज्ञानस्य नष्टभावेन नष्टागम इहोच्यते।।५०।।

50. ਸਰਵਉਚ ਗਿਆਨ ਦੀ ਉਪਾਧੀ ਤੋਂ ਰਹਿਤ ਹੋਣ ਤੇ ਗਿਆਨਵਾਨ, ਗਿਆਨ ਅਤੇ ਗਿਆਨੀ ਇਹਨਾਂ ਤਿੰਨਾਂ ਤੋਂ ਰਹਿਤ ਅਤੇ ਅਦਵੈਤ ਦੇ ਨਾਸ਼ ਵਾਲੇ ਨੂੰ ਨਸ਼ਟਾਗਮ ਕਿਹਾ ਜਾਂਦਾ ਹੈ।

अद्वैतवासनाविष्टचेतसाम् परयोगिनाम्।
पश्यतामन्तरात्मानं ज्ञातृत्वं कथमन्यथा।।५१।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

51. ਅਦਵੈਤਵਾਸਨਾਂ ਨਾਲ ਪਰਿਪੂਰਣ ਸ਼ਿਵਯੋਗੀ ਅੰਤਰਆਤਮਾਂ ਨਾਲ ਲਗਾਤਾਰ ਸਾਮ੍ਹਣਾ ਕਰਨ ਵਾਲੇ ਯੋਗੀ ਨੂੰ ਆਪਣੇ ਤੋਂ ਇਲਾਵਾ ਹੋਰ ਗਿਆਨ ਦੀ ਸਮਝ ਕਿੱਥੇ ਹੁੰਦੀ ਹੈ।

अकर्ताहमवेत्ताहमदेहोऽहं निरञ्जनः।
इति चिन्तयतः साक्षात् संविदेव प्रकाशते।।५२।।

52. 'ਮੈਂ ਕਰਤਾ ਨਹੀਂ ਹਾਂ', 'ਮੈਂ ਗਿਆਨੀ ਨਹੀਂ ਹਾਂ', 'ਮੈਂ ਦੇਹ ਨਹੀਂ ਹਾਂ', 'ਮੈਂ ਨਿਰੰਜਨ ਹਾਂ' ਅਜਿਹਾ ਚਿੰਤਨ ਕਰਨ ਵਾਲੇ ਯੋਗੀ ਵਿੱਚ ਸਾਕਸ਼ਾਤ ਸੰਵਿਤ ਦਾ ਹੀ ਪ੍ਰਕਾਸ਼ ਹੁੰਦਾ ਹੈ।

निरस्तभेदजल्पस्य निरीहस्य प्रशाम्यतः।
स्वे महिम्नि विलीनस्य किमन्यज्ज्ञेयमुच्यते?।।५३।।

53. ਭੇਦਭਾਵ ਨੂੰ ਦੂਰ ਕਰਨ ਵਾਲੇ, ਇੱਛਾਰਹਿਤ, ਸ਼ਾਂਤ ਅਤੇ ਆਪਣੀ ਮਹਾਨਤਾ ਵਿੱਚ ਵਿਲੀਨ ਹੋਣ ਵਾਲੇ ਯੋਗੀ ਲਈ ਹੋਰ ਕੀ 'ਜਾਣਨਯੋਗ' ਹੋ ਸਕਦਾ ਹੈ।

एकीभूते निजाकारे संविदा निष्प्रपञ्चया।
केन किं वेदनीयं तद्वेत्ता कः परिभाष्यते?।।५४।।

54. ਜਦੋਂ ਸ਼ਿਵਯੋਗੀ ਆਪਣੇ ਤਜੁਰਬੇ ਨਾਲ ਆਪਣੇ ਆਪ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ, ਜੋ ਕਿ ਸੰਸਾਰ ਤੋਂ ਵੱਖ ਰਹਿੰਦਾ ਹੈ ਤਾਂ ਜਾਣਨ ਲਈ ਕੀ ਬਾਕੀ ਰਹਿੰਦਾ ਹੈ? ਅਤੇ ਉਸ ਨੂੰ ਜਾਣਨ ਵਾਲੇ ਨੂੰ ਕੀ ਕਿਹਾ ਜਾਵੇਗਾ?

महासत्ता महासंविद् विश्वरूपा प्रकाशते।
तद्भिना नास्ति वस्त्वेकं भेदबुद्धिं विमुञ्चतः।।५५।।

55. ਸ਼ਿਵਯੋਗੀ ਲਈ ਸੰਸਾਰ ਇੱਕ ਵਿਆਪਕ ਹੋਂਦ ਅਤੇ ਚੇਤਨਤਾ ਦੇ ਤੌਰ ਤੇ ਪ੍ਰਗਟ ਹੁੰਦਾ ਹੈ। ਭੇਦਬੁੱਧੀ ਤੋਂ ਰਹਿਤ ਯੋਗੀ ਦੇ ਲਈ ਉਸ ਤੋਂ ਬਿਨਾਂ ਕੋਈ ਦੂਸਰੀ ਵਸਤੂ ਨਹੀਂ ਹੈ।

सर्वाधिष्ठातृकः शम्भुरादिस्तस्य प्रसादतः।
आदिप्रसादीत्युक्तोऽयं निर्विकारपदे स्थितः।।५६।।

56. ਸ਼ਿਵ ਜੋ ਕਿ ਸ੍ਰਿਸ਼ਟੀ ਦੇ ਮੂਲ ਕਾਰਣ ਹਨ ਨੂੰ 'ਆਦਿ' ਕਿਹਾ ਗਿਆ ਹੈ ਅਤੇ ਇਸ ਆਦਿ ਸ਼ਿਵਾ ਦੀ ਮਿਹਰ ਨਾਲ ਨਿਰਵਿਕਾਰ ਉਪਾਧੀ ਵਾਲ ਯੋਗੀ ਆਦਿਪ੍ਰਸਾਦੀ ਬਣ ਜਾਂਦਾ ਹੈ।

अनेकजन्मशुद्धस्य निरहङ्कारभाविनः।
अप्रपञ्चस्यादिदेवः प्रसीदति विमुक्तये।।५७।।

57. ਪਰਾਸ਼ਿਵਾ, ਜੋ ਕਿ ਸਭ ਦੇ ਮੂਲ ਕਾਰਣ ਹਨ, ਯੋਗੀ ਦੀ ਮੁਕਤੀ ਲਈ ਉਸ ਤੇ ਕਿਰਪਾ ਕਰਦੇ ਹਨ ਅਤੇ ਉਸ ਨੂੰ ਕਈ ਜ਼ਿੰਦਗੀਆਂ ਦੌਰਾਨ ਨਾਲ ਸ਼ੁੱਧ ਕੀਤਾ ਜਾਂਦਾ ਹੈ, ਇਹ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਯੋਗੀ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ ਅਤੇ ਅਹੰਕਾਰ ਦੀ ਭਾਵਨਾਂ ਤੋਂ ਵੀ ਮੁਕਤ ਹੁੰਦਾ ਹੈ।

**शिवप्रसादसम्पत्त्या शिवभावमुपेयुषि।**

**शिवादन्यज्जगज्जालं दृश्यते न च दृश्यते।।५८।।**

58. ਜਿਸ ਨੇ ਸ਼ਿਵ ਦੀ ਕਿਰਪਾ ਨਾਲ ਸ਼ਿਵ ਦਾ ਰੂਪ ਧਾਰਨ ਕਰ ਲਿਆ ਹੁੰਦਾ ਹੈ ਉਸ ਲਈ ਸੰਸਾਰ ਰੂਪੀ ਜਾਲ ਭਾਵੇਂ ਸ਼ਿਵ ਤੋਂ ਅਲੱਗ ਦਿਖਾਈ ਦਿੰਦਾ ਹੈ ਪਰ ਫਿਰ ਵੀ ਉਸ ਦਾ ਹੀ ਅੰਗ ਲਗਦਾ ਹੈ।

**शम्भोः शिवप्रसादेन संसारच्छेदकारिणा।**

**मोहग्रन्थिं विनिर्भिद्य मुक्तिं यान्ति विवेकिनः।।५९।।**

59. ਸ਼ਿਵ ਸ਼ੰਭੂ, ਜੋ ਕਿ ਆਵਾਗਮਨ ਦੇ ਚੱਕਰਾਂ ਵਿੱਚੋਂ ਕੱਢਦੇ ਹਨ, ਮੋਹ ਦੇ ਬੰਧਨ ਤੋੜ ਕੇ ਸ਼ਿਵਯੋਗੀ ਤੇ ਕਿਰਪਾ ਕਰਦੇ ਹਨ ਅਤੇ ਉਸ ਨੂੰ ਮੁਕਤੀ ਮਾਰਗ ਵੱਲ ਪਾਉਂਦੇ ਹਨ।

**विना प्रसादमीशस्य संसारो न निवर्त्तते।**

**विना सूर्योदयं लोके कुतः स्यात् तमसो लयः?।।६०।।**

60. ਸ਼ਿਵ ਦੀ ਮਹਾਨ ਕਿਰਪਾ ਤੋਂ ਬਿਨ੍ਹਾਂ ਜਨਮ ਮਰਣ ਦਾ ਚੱਕਰ ਕਦੇ ਖਤਮ ਨਹੀਂ ਹੁੰਦਾ। ਸੂਰਜ ਦੇ ਚੜ੍ਹਨ ਤੋਂ ਬਿਨਾਂ ਇਸ ਸੰਸਾਰ ਵਿੱਚ ਅੰਧਕਾਰ ਕਿਵੇਂ ਦੂਰ ਹੋ ਸਕਦਾ ਹੈ?

**सर्वानुग्राहकः शम्भुः केवलं कृपया प्रभुः।**

**मोचयेत् सकलान् जन्तून् न किञ्चिदिह कारणम्।।६१।।**

61. ਸ਼ੰਭੂ, ਜੋ ਕਿ ਸਭ ਤੇ ਮਿਹਰ ਕਰਨ ਵਾਲੇ ਹਨ, ਸਭ ਤੇ ਤਰਸ ਕਰਕੇ ਉਹਨਾਂ ਨੂੰ ਸਭ ਬੰਧਨਾਂ ਤੋਂ ਮੁਕਤੀ ਦਿੰਦੇ ਹਨ। ਇਸ ਤੋਂ ਇਲਾਵਾ ਮੁਕਤੀ ਦਾ ਹੋਰ ਕੋਈ ਸਾਧਨ ਨਹੀਂ ਹੈ।

**लयः सर्वपदार्थानामन्त्य इत्युच्यते बुधैः।**

**प्रसादोऽनुभवस्तस्य तद्वानन्त्यप्रसादवान्।।६२।।**

62. ਉਹ ਪਰਮਾਤਮਾਂ ਜਿਸ ਵਿੱਚ ਸਭ ਸਮਾਏ ਹੋਏ ਹਨ ਨੂੰ ਵਿਦਵਾਨਾਂ ਦੁਆਰਾ 'ਅਨੰਤ' ਕਿਹਾ ਗਿਆ ਹੈ। ਆਪਣੇ ਆਪ ਨੂੰ ਉਹਨਾਂ ਵਰਗਾ ਮਹਿਸੂਸ ਕਰਨ ਵਾਲੇ ਨੂੰ ਪ੍ਰਸਾਦ(ਦਿਆਲੂ ਕਿਰਪਾ) ਕਿਹਾ ਗਿਆ ਹੈ। ਅਤੇ ਜੋ ਅਜਿਹੀ ਕਿਰਪਾ ਦੀ ਪ੍ਰਾਪਤੀ ਕਰਦਾ ਹੈ ਉਸ ਨੂੰ ਅਨੰਤਪ੍ਰਸਾਦੀ ਕਿਹਾ ਜਾਂਦਾ ਹੈ।

**देवतिर्यङ् - मनुष्यादि-व्यवहारविकल्पना।**

**मायाकृता परे तत्त्वे तल्लये तत्क्षयो भवेत्।।६३।।**

63. ਅਲੱਗ ਅਲੱਗ ਤਰ੍ਹਾਂ ਦੇ ਦੇਵਤੇ, ਇਨਸਾਨ, ਪਸ਼ੂ ਪੰਛੀ ਸਭ ਨੂੰ ਮਾਇਆ ਨੇ ਪੈਦਾ ਕੀਤਾ ਹੈ। ਜਦੋਂ ਇਹ ਮਾਇਆ ਸਰਵਉਚ ਸਿਧਾਂਤ ਭਾਵ ਸ਼ਿਵ ਵਿੱਚ ਸੰਮਿਲਿਤ ਹੋ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਜਾਂਦੀ ਹੈ ਤਾਂ ਇਸ ਤਰ੍ਹਾਂ ਦਾ ਅਲੱਗਪਣ ਜਾਂ ਭਿੰਨਤਾ ਖਤਮ ਹੋ ਜਾਂਦੀ ਹੈ ਭਾਵ ਸਭ ਸਮਾਨ ਹੋ ਜਾਂਦੇ ਹਨ।

साक्षात्कृते परे तत्त्वे सच्चिदानन्दलक्षणे।

क्व पदार्थपरिज्ञानं कुतो ज्ञातृत्व-सम्भवः?।।६४।।

64. ਜਦੋਂ ਸਰਵਉਚ ਸਿਧਾਂਤ(ਪਰਾਸ਼ਿਵ) ਜੋ ਕਿ ਹੋਂਦ, ਆਸ਼ੀਸ਼ ਅਤੇ ਗਿਆਨ ਦੇ ਪ੍ਰਤੀਕ ਹਨ, ਫਿਰ ਚੀਜ਼ਾਂ ਦੇ ਖਾਸ ਗਿਆਨ ਦੀ ਕੀ ਲੋੜ ਰਹਿ ਜਾਂਦੀ ਹੈ।ਅਤੇ ਗਿਆਨਵਾਨ ਦੀ ਵੀ ਕੀ ਲੋੜ ਰਹਿ ਜਾਂਦੀ ਹੈ।

सुषुप्तस्य यथा वस्तु न किञ्चिदपि भासते।

तथा मुक्तस्य जीवस्य न किञ्चिद्वस्तु दृश्यते।।६५।।

65. ਜਿਸ ਤਰ੍ਹਾਂ ਇੱਕ ਡੂੰਘੀ ਨੀਂਦ ਵਿੱਚ ਸੁੱਤੇ ਇਨਸਾਨ ਨੂੰ ਕੋਈ ਚੀਜ਼ ਦ੍ਰਿਸਮਾਨ ਨਹੀਂ ਹੁੰਦੀ, ਇਸੇ ਤਰ੍ਹਾਂ ਇੱਕ ਮੁਕਤ ਆਤਮਾਂ ਨੂੰ ਵੀ ਕੁਝ ਵੀ ਦ੍ਰਿਸ਼ਮਾਨ ਨਹੀਂ ਹੁੰਦਾ।

यथाकाशमविच्छिन्नं निर्विकारं स्वरूपतः।

तथा मुक्तस्य जीवस्य स्वरूपमवशिष्यते।।६६।।

66. ਜਿਸ ਤਰਾਂ ਇਹ ਅਟੁੱਟ ਆਕਾਸ਼ ਕਿਸੇ ਵੀ ਤਰਾਂ ਦੇ ਆਕਾਰ ਤੋਂ ਰਹਿਤ ਹੈ, ਇਸੇ ਤਰਾਂ ਮੁਕਤ ਆਤਮਾਂ ਕੁਦਰਤੀ ਤੌਰ ਤੇ ਆਕਾਰ ਤੋਂ ਰਹਿਤ ਹੁੰਦੀ ਹੈ।

न किंचिदपि मुक्तस्य दृश्यं कर्तव्यमेव वा।

सुखस्फूर्ति-स्वरूपेण निश्चला स्थितिरुच्यते।।६७।।

67. ਇੱਕ ਜੀਵਨਮੁਕਤ ਆਤਮਾਂ ਲਈ ਕੁੱਝ ਵੀ ਦੇਖਣ ਅਤੇ ਕਰਨ ਨੂੰ ਨਹੀਂ ਹੁੰਦਾ। ਆਸ਼ੀਸ਼ ਦੇ ਉਤਸ਼ਾਹ ਦੀ ਹੋਂਦ ਕਰਕੇ ਉਸ ਦੀ ਸਥਿਤੀ ਨੂੰ ਸ਼ਾਂਤੀ ਵਾਲੀ ਸਥਿਤੀ ਕਿਹਾ ਜਾ ਸਕਦਾ ਹੈ।

शिवाद्वैत - परिज्ञान - शिथिलाशेषवस्तुनः।

केवलं संविदुल्लासदर्शिनः केन को भवेत्?।।६८।।

68. ਸ਼ਿਵ ਦੇ ਗਿਆਨ ਦੇ ਕਰਕੇ ਵਸਤੂਆਂ ਵਿੱਚ ਭੇਦਭਾਵ ਨਾਂ ਰੱਖਣ ਵਾਲੇ ਅਤੇ ਕੇਵਲ ਸੰਖੇਪ ਸ਼ਕਤੀ ਦਾ ਉਤਸ਼ਾਹ ਵੇਖਣ ਵਾਲੇ ਸ਼ਿਵਯੋਗੀ ਦਾ ਕਿਸੇ ਵਸਤੂ ਆਦਿ ਤੋਂ ਕੀ ਲਾਭ ਹੋ ਸਕਦਾ ਹੈ?

सेव्यो गुरुः समस्तानां शिव एव न संशयः।

प्रसादोऽस्य परानन्दप्रकाशः परिकीर्त्यते।।६९।।

69. ਸਭ ਲੋਕਾਂ ਲਈ ਗੁਰੁ(ਸ਼ਿਵ) ਹੀ ਪੂਜਣਯੋਗ ਹੈ ਅਤੇ ਉਸ ਦੀ ਕਿਰਪਾ (ਪ੍ਰਸਾਦ) ਨਾਲ ਹੀ ਸਰਵਉਚ ਆਸ਼ੀਸ਼ ਦੀ ਪ੍ਰਾਪਤੀ ਹੋ ਸਕਦੀ ਹੈ।

सेव्यो गुरुः स्मृतो यस्य प्रसादोऽनुभवो मतः।

तदेकावेशरूपेण तद्वान् सेव्यप्रसादवान्।।७०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

70. ਗੁਰੂ ਹੀ ਪੂਜਣਯੋਗ ਹੈ, ਉਸ ਦੀ ਦਿਆਲੂ ਕਿਰਪਾ ਹੀ ਆਸ਼ੀਸ਼ ਰੂਪੀ ਅਨੁਭਵ ਹੈ, ਜਿਸ ਨੂੰ ਇਸ ਤਰ੍ਹਾਂ ਦਾ ਅਨੁਭਵ ਹੁੰਦਾ ਹੈ ਜਿਸ ਵਿੱਚ ਉਸ ਦੀ ਹੋਂਦ ਅਤੇ ਕਿਰਪਾ ਦਾ ਅਨੁਭਵ ਹੋਵੇ ਉਸ ਨੂੰ ਸੇਵਿਆਪ੍ਰਸ਼ਾਦਿਨ ਕਹਿੰਦੇ ਹਨ।

**गुरुदेवः परं तत्त्वं परतत्त्वं गुरुः स्मृतः।**

**तदेकत्वानुभावेन न किञ्चिदवशिष्यते।।७१।।**

71. ਪਵਿੱਤਰ ਗੁਰੂ ਏਕਤਾ ਦੇ ਸਰਵਉਚ ਸਿਧਾਂਤ ਦਾ ਅਵਤਾਰ ਹੈ ਅਤੇ ਏਕਤਾ ਦੇ ਸਰਵਉਚ ਸਿਧਾਂਤ ਨੂੰ ਗੁਰੂ ਕਹਿੰਦੇ ਹਨ, ਇਸ ਤਰ੍ਹਾਂ ਦੇ ਰਹੱਸਵਾਦੀ ਏਕਤਾ ਦੇ ਵਰਤਾਰੇ ਦਾ ਸਵਾਮੀ ਸ਼ਿਵ ਹੀ ਹੋ ਸਕਦਾ ਹੈ ਹੋਰ ਕੋਈ ਨਹੀਂ।

**अपरिच्छेद्यमात्मस्थमवाङ्मनसगोचरम् ।**

**आनन्दं पश्यतां पुंसां रतिरन्यत्र का भवेत्?।।७२।।**

72. ਸ਼ਿਵਯੋਗੀ ਜੋ ਇਸ ਤਰ੍ਹਾਂ ਦੀ ਸੰਪੂਰਨਤਾ ਨੂੰ ਅਨੁਭਵ ਕਰਦੇ ਹਨ, ਅਜਿਹੀ ਸਥਿਤੀ ਸ਼ਿਵਾਇਕਾ ਵਾਲੀ ਸਥਿਤੀ ਹੁੰਦੀ ਹੈ ਜੋ ਕਿ ਬੋਲਚਾਲ ਅਤੇ ਸੋਚਾਂ ਤੋਂ ਪਰ੍ਹੇ ਹੈ, ਅਜਿਹੇ ਸ਼ਿਵਯੋਗੀਆਂ ਨੂੰ ਕਿਸੇ ਹੋਰ ਤਰ੍ਹਾਂ ਦੀ ਦਿਲਚਸਪੀ ਕਿਵੇਂ ਹੋ ਸਕਦੀ ਹੈ?

**ज्ञानामृतेन तृप्तस्य किमन्यैर्भोज्यवस्तुभिः?।**

**ज्ञानादेव परानन्दं प्रकाशयति सच्छिवः।।७३।।**

73. ਅਜਿਹੇ ਸ਼ਿਵਯੋਗੀ ਜੋ ਗਿਆਨ ਰੂਪੀ ਅੰਮ੍ਰਿਤ ਨਾਲ ਤ੍ਰਿਪਤ ਹੋਣ, ਤਾਂ ਉਹਨਾਂ ਲਈ ਮਨਪਰਚਾਵੇ ਦੀਆਂ ਹੋਰ ਵਸਤੂਆਂ ਕਿਸ ਕੰਮ ਦੀਆਂ ਹੋ ਸਕਦੀਆਂ ਹਨ? ਸ਼ਿਵ ਦਾ ਸੁਭਾਅ ਸੱਚ(ਚਿੱਤ ਅਤੇ ਆਨੰਦ) ਹੈ, ਅਜਿਹੀ ਸਰਵਉਚ ਆਸ਼ੀਸ਼ ਸਿਰਫ ਗਿਆਨ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ।

**मुक्तिरेव परा तृप्तिः सच्चिदानन्दलक्षणा।**

**नित्यतृप्तस्य मुक्तस्य किमन्यैर्भोगसाधनैः?।।७४।।**

74. ਹੋਂਦ, ਗਿਆਨ ਅਤੇ ਆਸ਼ੀਸ਼ ਦੀਆਂ ਵਿਸ਼ੇਸ਼ਤਾਵਾਂ ਨਾਲ ਭਰਪੂਰ ਮੁਕਤੀ ਹੀ ਸਰਵਉਚ ਸੰਤੁਸ਼ਟੀ ਹੈ, ਉਸ ਇਨਸਾਨ ਦੇ ਸੰਦਰਭ ਵਿੱਚ ਜੋ ਸਦੀਵੀਂ ਤ੍ਰਿਪਤ ਅਤੇ ਮੁਕਤ ਹੈ ਉਸ ਲਈ ਮਨੋਰੰਜਨ ਦੇ ਹੋਰ ਸਾਧਨਾਂ ਦਾ ਕੀ ਲਾਭ?

**न बाह्यं कर्म तस्यास्ति न चान्तर्नैव कुत्रचित्।**

**शिवैक्यज्ञानरूढस्य देहभ्रान्तिं विमुञ्चतः।।७५।।**

75. ਇੱਕ ਸ਼ਿਵਯੋਗੀ ਦੇ ਸੰਦਰਭ ਵਿੱਚ ਜੋ ਸ਼ਿਵ ਨਾਲ ਇਕਮਿਕਤਾ ਦੇ ਡੂੰਘੇ ਗਿਆਨ ਵਿੱਚ ਗ੍ਰਸਿਤ ਹੈ, ਜਿਸ ਨੇ ਸ਼ਰੀਰ ਦਾ ਮੋਹ ਤਿਆਗ ਦਿੱਤਾ ਹੈ ਉਸ ਲਈ ਬਾਹਰੀ ਅਤੇ ਅੰਦਰੂਨੀ ਹੋਰ ਕੋਈ ਗਤੀਵਿਧੀ ਨਹੀਂ ਹੁੰਦੀ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

न कर्मबन्धे न तपोविशेषे

न मन्त्रयोगाभ्यसने तथैव।

ध्याने न बोधे च तथात्मतत्त्वे

मनः प्रवृत्तिः परयोगभाजाम्।।७६।।

76. ਇੱਕ ਸ਼ਿਵਯੋਗੀ ਦਾ ਮਾਨਸਿਕ ਝੁਕਾਓ ਕਰਮਾਂ ਵੱਲ ਨਹੀਂ ਹੁੰਦਾ, ਨਾ ਕਿਸੇ ਖਾਸ ਕਿਸਮ ਦੀ ਸਮਾਧੀ ਵੱਲ, ਨਾ ਮੰਤਰਯੋਗ ਵੱਲ ਅਤੇ ਨਾ ਅੰਤਰਧਿਆਨ ਵੱਲ। ਉਹ ਤਾਂ ਸਿਰਫ ਆਤਮਾਤਵ ਦੇ ਗਿਆਨ ਵਿਚ ਵਿਲੀਨ ਹੁੰਦਾ ਹੈ। ਭਾਵ ਕਿ ਉਹ ਆਪਣੇ ਆਪ ਦੇ ਆਤਮਿਕ ਸੁਭਾਅ ਦੇ ਗਿਆਨ ਵੱਲ ਆਕਰਸ਼ਿਤ ਹੁੰਦਾ ਹੈ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

## ਉਨੀਵਾਂ ਅਧਿਆਇ

स्थलभेदाः समाख्याताः प्राणलिङ्गिस्थलाश्रयाः।
कथय स्थलभेदं मे शरणस्थलसंश्रितम्।।१।।

1. ਅਗਸਤਿਆ ਦਾ ਪ੍ਰਸ਼ਨ - ਤੁਸੀ ਮੈਨੂੰ ਪ੍ਰਾਣਲਿੰਗੀ ਸਥਾਲ ਦੀਆਂ ਕਿਸਮਾਂ ਬਾਰੇ ਦੱਸ ਦਿੱਤਾ ਹੈ। ਹੁਣ ਕਿਰਪਾ ਕਰਕੇ ਸ਼ਰਣਸਥਾਲ ਦੀਆਂ ਕਿਸਮਾਂ ਬਾਰੇ ਗਿਆਨ ਦਿਓ ਜੀ।

शरणस्थलमाश्रित्य स्थलद्वादशकं मया।
उच्यते नाम सर्वेषां स्थलानां शृणु तापस।।२।।

2. ਰੇਣੁਕਾ ਨੇ ਕਿਹਾ - ਸ਼ਰਣਸਥਾਲ ਵਿੱਚ ਬਾਰਾਂ ਲਿੰਗਸਥਲ ਹਨ। ਹੇ ਰਿਸ਼ੀ ਹੁਣ ਮੈਂ ਤੁਹਾਨੂੰ ਇਹਨਾਂ ਬਾਰਾਂ ਦੇ ਨਾਮ ਦੱਸਦਾ ਹਾਂ, ਧਿਆਨ ਨਾਲ ਸੁਣੋਂ

दीक्षापादोदकं पूर्वं शिक्षापादोदकं ततः।
ज्ञानपादोदकं चाथ क्रियानिष्पत्तिकं ततः।।३।।

3. ੧)ਦੀਕਸ਼ਾਪਦੋਦਕਸਥਾਲ ੨) ਸ਼ਿਕਸ਼ਾਪਦੋਦਕਸਥਾਲ ੩) ਗਿਆਨਪਦੋਦਕਸਥਾਲ ੪) ਕਿਰਿਆਨਿਸ਼ਪਤਿਸਥਾਲ ੫) ਭਾਵਨਿਸ਼ਪਤਿਸਥਾਲ ੬) ਗਿਆਨਨਿਸ਼ਪਤਿਸਥਾਲ ੭) ਪਿੰਡਾਕਾਸ਼ਸਥਲ

भावनिष्पत्तिकं चाथ ज्ञाननिष्पत्तिकं ततः।
पिण्डाकाशस्थलं चाथ बिन्द्वाकाशस्थलं ततः।।४।।

4. ੮) ਬਿੰਦਵਾਕਾਸ਼ਸਥਲ ੯) ਮਹਾਂਕਾਸ਼ਸਥਲ ੧੦) ਕਿਰਿਆਪ੍ਰਕਾਸ਼ਸ਼ਤਲ ੧੧) ਭਾਵਪ੍ਰਕਾਸ਼ਸਥਲ ੧੨) ਗਿਆਨ ਪ੍ਰਕਾਸ਼ਸ਼ਥਲ

महाकाशस्थलं चाथ क्रियायाश्च प्रकाशनम्।
भावप्रकाशनं पश्चात् ततो ज्ञानप्रकाशनम्।।
स्वरूपं पृथगेतेषां कथयामि यथाक्रमम्।।५।।

5. ਹੁਣ ਮੈਂ ਤੁਹਾਨੂੰ ਕ੍ਰਮਵਾਰ ਇਹਨਾਂ ਦੇ ਖਾਸ ਲੱਛਣਾਂ ਬਾਰੇ ਜਾਣਕਾਰੀ ਦੇਵਾਂਗਾ।

दीक्षयापगतद्वैतं यज्ज्ञानं गुरुशिष्ययोः।
आनन्दस्यैक्यमेतेन दीक्षापादोदकं स्मृतम्।।६।।

6. ਗੁਰੁ ਦੁਆਰਾ ਦਿੱਤੀ ਗਈ ਦਿਕਸ਼ਾ ਨਾਲ ਚੇਲੇ ਦੇ ਅੰਦਰ ਸਥਿਤ ਦਵੈਤਵਾਦ ਖਤਮ ਹੋ ਜਾਂਦਾ ਹੈ ਅਤੇ ਉਸ ਵਿੱਚ ਕੇਵਲ ਪਰਾਨੰਦ ਸਥਿਤ ਰਹਿੰਦਾ ਹੈ, ਇਸ ਤਰ੍ਹਾਂ ਨਾਲ ਦੋਵਾਂ ਦਾ ਆਨੰਦ ਇਕ ਹੀ ਹੋ ਜਾਂਦਾ ਹੈ। ਗੁਰੁ ਅਤੇ ਚੇਲੇ ਦੀ ਉਪਾਧੀ ਕਰਕੇ ਇਹ ਦੋ ਦਿਖਾਈ ਦਿੰਦੇ ਹਨ, ਇਸ ਉਪਾਧੀ ਦੇ ਖਤਮ ਹੋਣ ਨਾਲ ਦੋਵੇਂ ਇੱਕ ਹੋ ਜਾਂਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਗੁਰੂ ਅਤੇ ਚੇਲੇ ਦੇ ਇਸ ਇੱਕ ਆਨੰਦ ਦੇ ਅਨੁਭਵ ਨੂੰ ਦੀਕਸ਼ਾਪਾਦੋਦਕ ਕਿਹਾ ਗਿਆ ਹੈ।

अथवा पादशब्देन गुरुरेव निगद्यते।
शिष्यश्चोदकशब्देन तयोरैक्यं तु दीक्षया।।७।।

7. ਪਾਦ ਸ਼ਬਦ ਦਾ ਅਰਥ ਗੁਰੂ ਹੁੰਦਾ ਹੈ ਅਤੇ 'ਉਦਕ' ਸ਼ਬਦ ਦਾ ਅਰਥ ਚੇਲਾ ਹੁੰਦਾ ਹੈ, ਦੋਵਾਂ ਦਾ ਮਿਲਾਪ ਦੀਕਸ਼ਾ ਦੁਆਰਾ ਹੁੰਦਾ ਹੈ।

परमानन्द एवोक्तः पादशब्देन निर्मलः।
ज्ञानं चोदकशब्देन तयोरैक्यन्तु दीक्षया।।८।।

8. ਪਾਦ ਸ਼ਬਦ ਦਾ ਭਾਵ ਨਿਰਮਲ ਪਰਮਾਨੰਦ ਹੈ ਅਤੇ ਉਦਕ ਸ਼ਬਦ ਗਿਆਨ ਦਾ ਪ੍ਰਤੀਕ ਹੁੰਦਾ ਹੈ, ਇਹਨਾਂ ਦੋਵਾਂ ਦਾ ਮੇਲ ਦੀਕਸ਼ਾ ਦੁਆਰਾ ਹੁੰਦਾ ਹੈ।

परसंवित्प्रकाशात्मा परमानन्दभावनाम्।
अधिगम्य महायोगी न भेदं क्वापि पश्यति।।९।।

9. ਮਹਾਂਯੋਗੀ ਜੋ ਕਿ ਸਰਵਉਚ ਚੇਤਨਾ ਦੇ ਪ੍ਰਤੀ ਸ਼ਿਵ ਦੇ ਪ੍ਰਕਾਸ਼ ਨਾਲ ਅੰਦਰੂਨੀ ਤੌਰ ਤੇ ਪ੍ਰਕਾਸ਼ਵਾਨ ਹੋ ਜਾਂਦਾ ਹੈ ਤਾਂ ਉਸਨੂੰ ਬਾਹਰ ਕਿਸੇ ਵੀ ਤਰਾਂ ਦਾ ਭੇਦਭਾਵ ਦ੍ਰਿਸ਼ਮਾਨ ਨਹੀਂ ਹੁੰਦਾ।

देशकालाद्यवच्छेदविहीनं नित्यनिर्मलम्।
आनन्दं प्राप्य बोधेन नान्यत् काङ्क्षति संयमी।।१०।।

10. ਇਕ ਯੋਗੀ ਸਵੈਸੰਜਮ ਨਾਲ ਦੇਸ਼, ਕਾਲ ਆਦਿ ਦੀਆਂ ਸੀਮਾਵਾਂ ਤੋਂ ਪਰ੍ਹੇ ਨਿੱਤ ਨਿਰਮਲ ਆਨੰਦ ਦੀ ਸੋਝੀ ਰੱਖਦਾ ਹੋਇਆ ਕਿਸੇ ਹੋਰ ਵਸਤੂ ਦੀ ਇੱਛਾ ਨਹੀਂ ਰੱਖਦਾ।

ज्ञानामृतमपि स्वच्छं गुरुकारुण्यसम्भवम्।
आस्वाद्य रमते योगी संसारामयवर्जितः।।११।।

11. ਗੁਰੂ ਦੀ ਕਿਰਪਾ ਨਾਲ ਪ੍ਰਾਪਤ ਅਤਿਅੰਤ ਨਿਰਮਲ ਗਿਆਨ ਅੰਮ੍ਰਿਤ ਦਾ ਸਵਾਦ ਚੱਖਦਾ ਹੋਇਆ ਸ਼ਿਵਯੋਗੀ ਸੰਸਾਰ ਰੂਪੀ ਰੋਗਾਂ ਤੋਂ ਰਹਿਤ ਹੋ ਕੇ ਆਤਮਾਂ ਦੇ ਰੂਪ ਵਿੱਚ ਵਾਸ ਕਰਦਾ ਹੈ।

गुरुशिष्यमयं ज्ञानं शिक्षायोगिनमीर्यते।
तयोः समरसत्वं हि शिक्षापादोदकं स्मृतम्।।१२।।

12. ਸਿੱਖਿਆ ਭਾਵ ਪੂਰਣ ਗਿਆਨ ਨੂੰ ਮਨ ਵਿੱਚ ਰੱਖਦਾ ਹੋਇਆ ਅਤੇ ਗੁਰੂ ਚੇਲਾ ਦੀ ਇਕਰੂਪਤਾ ਦਾ ਗਿਆਨ ਰੱਖਦਾ ਹੋਇਆ ਜਿਸ ਨਾਲ ਯੋਗੀ ਨੂੰ ਪ੍ਰੇਰਣਾ ਮਿਲਦੀ ਹੈ, ਇਹਨਾਂ ਦੋਵਾਂ ਅਰਥਾਤ ਸਿੱਖਿਆ ਅਤੇ ਗਿਆਨ ਦੀ ਇਕਮਿਕਤਾ ਨੂੰ ਸਿੱਖਿਆਪਦੋਦਕ ਕਹਿੰਦੇ ਹਨ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

मायिताच्छास्त्रजलधेर्युक्तिमन्थानवैभवात् ।

गुरुणा लभ्यते बोधसुधा सुमनसां गणैः।।१३।।

13. ਧਰਮ ਗ੍ਰੰਥ ਰੂਪੀ ਗਿਆਨ ਦੇ ਸਮੁੰਦਰ ਵਿੱਚੋਂ ਵਿਵੇਕ ਰੂਪੀ ਛੜੀ ਨਾਲ ਜੋ ਆਤਮ ਗਿਆਨ ਰੂਪੀ ਅੰਮ੍ਰਿਤ ਗੁਰੂ ਦਆਰਾ ਦਿੱਤਾ ਜਾਂਦਾ ਹੈ (ਗੁਰੂ = ਬ੍ਰਹਸਪਤੀ), ਉਹ ਗਿਆਨ ਗਿਆਨਵਾਨ ਮਨੁੱਖ ਦੇ ਰੂਪ ਵਿੱਚ ਦੇਵਤਿਆਂ ਦੇ ਸਮੂਹ ਵੱਲੋਂ ਗ੍ਰਹਿਣ ਕੀਤਾ ਜਾਂਦਾ ਹੈ।

ज्ञानचन्द्रसमुद्भूतां परमानन्दचन्द्रिकाम्।

पश्यन्ति परमाकाशे मुक्तिरात्रौ महाधियः।।१४।।

14. ਮੁਕਤੀ ਦੀ ਰਾਤ ਨੂੰ ਸੂਝਵਾਨ ਲੋਕ ਬ੍ਰਹਿਮੰਡ ਵਿੱਚੋਂ ਨਿਕਲੀ ਸਹੀ ਗਿਆਨ ਰੂਪੀ ਚੰਨ ਵਿੱਚੋਂ ਉਭਰੀ ਪਰਮ ਆਨੰਦ ਦੀ ਚਾਨਣੀ ਨੂੰ ਫੜ ਲੈਂਦੇ ਹਨ।

दृष्टे तस्मिन् परानन्दे देशकालादिवर्जिते।

द्रष्टव्यं विद्यते नान्यच्छ्रोतव्यं ज्ञेयमेव वा।।१५।।

15. ਜਦੋਂ ਸਮੇਂ ਅਤੇ ਕਾਲ ਦੀਆਂ ਸੀਮਾਵਾਂ ਤੋਂ ਰਹਿਤ ਪਰਮ ਆਨੰਦ ਦਾ ਅਨੁਭਵ ਕੀਤਾ ਜਾਂਦਾ ਹੈ ਤਾਂ ਉਦੋਂ ਵੇਖਣ ਜਾਂ ਸੁਣਨ ਨੂੰ ਕੁਝ ਵੀ ਬਾਕੀ ਨਹੀਂ ਰਹਿ ਜਾਂਦਾ।

आत्मानन्देन तृप्तस्य का स्पृहा विषये सुखे?।

गङ्गाजलेन तृप्तस्य कूपतोये कुतो रतिः?।।१६।।

16. ਜਦੋਂ ਉਹ ਇਨਸਾਨ ਆਤਮਾਂ ਦੀ ਆਸ਼ੀਸ਼ ਨਾਲ ਤ੍ਰਿਪਤ ਹੋ ਜਾਂਦਾ ਹੈ ਤਾਂ ਗਿਆਨ ਇੰਦਰੀਆਂ ਤੋਂ ਉਪਜੇ ਆਨੰਦ ਦੀ ਇੱਛਾ ਰੱਖਣ ਦਾ ਕੀ ਲਾਭ? ਜਿਸ ਦੀ ਤ੍ਰਿਪਤੀ ਗੰਗਾ ਜਲ ਨਾਲ ਹੋ ਜਾਵੇ ਉਹ ਭਲਾ ਖੂਹ ਦੇ ਪਾਣੀ ਵਿੱਚ ਦਿਲਚਸਪੀ ਕਿਉਂ ਰੱਖੇਗਾ?

यस्मिन्नप्राप्तकल्लोले सुखसिन्धौ निमज्जति।

सामरस्यान्महायोगी तस्य सीमा कुतो भवेत्?।।१७।।

17. ਲਹਿਰਾਂ ਰਹਿਤ ਆਨੰਦ ਦੇ ਸਮੁੰਦਰ ਵਿੱਚ ਯੋਗੀ ਆਪਣੇ ਆਪ ਨੂੰ ਅਭੇਦ ਕਰ ਲੈਂਦਾ ਹੈ, ਉਸ ਦੀ ਅਤੇ ਇਸ ਦੀ ਕੋਈ ਸੀਮਾਂ ਕਿੱਥੇ ਹੋ ਸਕਦੀ ਹੈ?

18. ਉਹ ਸ਼ਿਵਯੋਗੀ ਜੋ ਦਾਗ ਰਹਿਤ ਹੈ ਅਤੇ ਮਨਮੋਹਕ ਹੈ, ਉਸ ਦਾ ਮਨ ਰੂਪੀ ਰਾਤ ਦਾ ਕਮਲ, ਗੁਰੂ ਦੇ ਮਿਹਰਬਾਨੀ ਰੂਪੀ ਚੰਦਰਮਾਂ ਦੁਆਰਾ ਖਿੜਾਇਆ ਜਾਂਦਾ ਹੈ, ਅਜਿਹੇ ਯੋਗੀ ਨੂੰ ਕੋਈ ਭਰਮ ਭੁਲੇਖਾ ਕਿਵੇ ਹੋ ਸਕਦਾ ਹੈ?

तदैक्यसम्पदानन्दज्ञानं ज्ञानगुरुर्मतः।

तत्सामरस्यं शिष्यस्य ज्ञानपादोदकं विदुः।।१९।।

19. ਸ਼ਿਵਾ ਨਾਲ ਏਕਤਾ ਦੇ ਉਸ ਆਨੰਦਰੂਪੀ ਖਜਾਨੇ ਦੇ ਪ੍ਰਕਾਸ਼ ਨੂੰ ਗਿਆਨਗੁਰੂ ਕਿਹਾ ਜਾਂਦਾ ਹੈ(ਗਿਆਨ ਗੁਰੂ ਸਮਾਨ)। ਗਿਆਨ ਅਤੇ ਆਨੰਦ ਦੇ ਸਮਾਵੇਸ਼ ਨੂੰ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਗਿਆਨਪਦੋਦਕਸਥਲ ਕਿਹਾ ਜਾਂਦਾ ਹੈ (ਬ੍ਰਹਿਮੰਡੀ ਏਕਤਾ ਦੇ ਬੋਧ ਦੁਆਰਾ ਸਰਵਉਚ ਦੀ ਪ੍ਰਾਪਤੀ)।

**अविद्याराहुनिर्मुक्तो ज्ञानचन्द्रः सुनिर्मलः।**

**प्रकाशते पराकाशे परानन्दमहाद्युतिः।।२०।।**

20. ਸਵੈਬੋਧ ਦਾ ਬੇਮਿਸਾਲ ਚੰਦਰਮਾਂ ਜੋ ਅਗਿਆਨ ਦੇ ਰਾਹੂ ਤੋਂ ਮੁਕਤ ਹੁੰਦਾ ਹੈ ਅਤੇ ਜੋ ਉਸ ਪਰਮ ਆਨੰਦ ਦੀ ਚਮਕਦਾਰ ਚਮਕ ਨਾਲ ਭਰਿਆ ਹੁੰਦਾ ਹੈ ਜੋ ਸ਼ਿਵਯੋਗੀ ਦੇ ਦਿਲ ਵਿੱਚ ਚਮਕਦੀ ਹੈ।

**अज्ञानमेघनिर्मुक्तः पूर्णज्ञानसुधाकरः।**

**आनन्दजलधेर्वृद्धिमनुपश्यन् विभासते।।२१।।**

21. ਅਧਿਆਤਮਕ ਗਿਆਨ ਦਾ ਪੂਰਾ ਚੰਦਰਮਾਂ ਜੋ ਕਿ ਅਗਿਆਨਤਾ ਦੇ ਬੱਦਲਾਂ ਨੂੰ ਹਟਾ ਕੇ ਪਰਗਟ ਹੁੰਦਾ ਹੈ, ਆਨੰਦ ਦੇ ਸਮੁੰਦਰ ਦੇ ਉਭਾਰ ਨਾਲ ਚਮਕਦਾ ਹੈ।

**ज्ञानचन्द्रोदये जाते ध्वस्तमोहतमोभराः।**

**पश्यन्ति परमां काष्ठां योगिनः सुखरूपिणीम्।।२२।।**

22. ਜਦੋਂ ਸਵੈ-ਬੋਧ ਵਿੱਚ ਸ਼ਿਵਾ ਦੇ ਗਿਆਨ ਦੇ ਰੂਪ ਵਿੱਚ ਚੰਦਰਮਾਂ ਉਭਰਦਾ ਹੈ ਤਾਂ ਉਹ ਯੋਗੀ, ਜਿਸ ਵਿੱਚ ਮੋਹ ਦੇ ਹਨੇਰੇ ਦੇ ਭਾਰ ਦੇ ਰੂਪ ਵਿੱਚ ਹਨੇਰਾ ਪੂਰੀ ਤਰ੍ਹਾਂ ਮਿਟ ਜਾਂਦਾ ਹੈ, ਉਹ ਯੋਗੀ ਆਨੰਦ ਨਾਲ ਭਰਪੂਰ ਅਤਿਅੰਤ ਸੀਮਾਵਾਂ ਦਾ ਅਨੁਭਵ ਕਰਦਾ ਹੈ।

**मायारजन्या विरमे बोधसूर्ये प्रकाशिते।**

**निरस्त–सर्वव्यापारश्चित्रं स्वपिति संयमी।।२३।।**

23. ਜਦੋਂ ਮਾਇਆ ਰੂਪੀ ਰਾਤ ਦਾ ਪਤਨ ਹੁੰਦਾ ਹੈ ਅਤੇ ਗਿਆਨ ਰੂਪੀ ਸੂਰਜ ਚੜ੍ਹਦਾ ਹੈ ਤਾਂ ਰਿਸ਼ੀ ਆਪਣੀਆਂ ਸਾਰੀਆਂ ਗਤੀਵਿਧੀਆਂ ਨੂੰ ਖਤਮ ਕਰ ਕੇ ਸੌਂਦਾ ਹੈ।

**अनाद्यविद्याविच्छित्तिवेलायां परयोगिनः।**

**प्रकाशते परानन्दः प्रपञ्चेन विनाकृतः।।२४।।**

24. ਸ਼ਿਵਯੋਗੀ ਦੇ ਸੰਦਰਭ ਵਿੱਚ ਸਦਾ ਅਮਰ ਰਹਿਣ ਵਾਲੇ ਜ਼ਮੀਰ ਨੂੰ ਖਤਮ ਕਰਨ ਵੇਲੇ ਇਕੱ ਸ਼ਿਵਯੋਗੀ ਵਿੱਚ ਸੰਸਾਰ ਤੋਂ ਵੱਖਰੇ ਪਰਮ ਆਨੰਦ ਦਾ ਉੱਥਾਨ ਹੁੰਦਾ ਹੈ।

**नित्यानन्दे निजाकारे विमले परतेजसि।**

**विलीनचेतसां पुंसां कुतो विश्वविकल्पना।।२५।।**

25. ਉਸ ਸ਼ਿਵਯੋਗੀ ਵਿੱਚ ਸੰਸਾਰ ਨਾਲ ਸਬੰਧਤ ਕੋਈ ਵਿਚਾਰ ਕਿਵੇਂ ਆ ਸਕਦਾ ਹੈ ਜਿਸਨੇ ਆਪਣੇ ਮਨ ਨੂੰ ਸਰਵਉਚ ਪ੍ਰਕਾਸ਼ ਭਾਵ ਸ਼ਿਵਾ ਵਿੱਚ ਅਭੇਦ ਕਰ ਲਿਆ ਹੋਵੇ। ਉਹ ਸ਼ਿਵਾ ਜੋ ਉਸ ਦਾ ਆਪਣਾ ਰੂਪ ਹੋਵੇ, ਜੋ ਪਵਿੱਤਰ ਹੋਵੇ ਅਤੇ ਜੋ ਰੂਹਾਨੀ ਆਨੰਦ ਨਾਲ ਭਰਪੂਰ ਹੋਵੇ।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

कुतो ब्रह्मा कुतो विष्णुः कुतो रुद्रः कुतो रविः?।
साक्षात्कृतपरानन्दज्योतिषः साम्यकल्पना।।२६।।

26. ਬ੍ਰਾਹਮਣ ਕਿੱਥੇ ਹੈ? ਵਿਸ਼ਨੂ ਕਿੱਥੇ ਹੈ? ਰੁਦਰ ਕਿੱਥੇ ਹੈ? ਰਵੀ ਕਿੱਥੇ ਹੈ? ਅਤੇ ਉਸ ਯੋਗੀ ਨਾਮ ਸਮਾਨਤਾ ਦਾ ਵਿਚਾਰ ਕਿੱਥੇ ਜੋ ਸ਼ਿਵਾ ਦੀ ਪਰਮ ਆਨੰਦ ਦੀ ਚਮਕ ਦੇ ਤਜੁਰਬੇ ਨਾਲ ਭਰਪੂਰ ਹੈ?

अपरोक्षपरानन्दविलासस्य महात्मनः।
ब्रह्मविष्ण्वादयो देवा विशेषाः सुखबिन्दवः।।२७।।

27. ਬ੍ਰਹਮਾਂ, ਵਿਸ਼ਨੂ ਅਤੇ ਹੋਰ ਦੇਵਤੇ ਉਸ ਮਹਾਨ ਸ਼ਿਵਯੋਗੀ ਦੇ ਆਨੰਦ ਦੇ ਤੁਪਕੇ ਹਨ ਜਿਸ ਵਿੱਚ ਸਰਵਉਚ ਆਨੰਦ ਤੁਰੰਤ ਤਜੁਰਬੇ ਦੁਆਰਾ ਪ੍ਰਗਟ ਹੁੰਦਾ ਹੈ।

यन्मात्रासहितं लोके वाञ्छन्ति विषयं नराः।
तदप्रमेयमानन्दं परमं को न वाञ्छति?।।२८।।

28. ਜਦੋਂ ਦੁਨੀਆਂ ਦੇ ਲੋਕ ਇੰਦਰੀਆਂ ਦੁਆਰਾ ਪ੍ਰਾਪਤ ਚੀਜਾਂ ਦੀ ਲਾਲਸਾ ਰੱਖਦੇ ਹਨ ਜੋ ਆਨੰਦ ਦੇ ਸਿਰਫ ਇੱਕ ਹਿੱਸੇ ਵਜੋਂ ਨਿਵਾਜੀਆਂ ਜਾਂਦੀਆਂ ਹਨ, ਕੌਣ ਉਸ ਪਰਮ ਆਨੰਦ ਦੀ ਲਾਲਸਾ ਨਹੀਂ ਕਰੇਗਾ ਜੋ ਕਿ ਬੇਅੰਤ ਹੈ?

परकाये क्रियापत्तिः कल्पितैव प्रकाशते।
रज्जौ भुजङ्गवद्यस्मात् क्रियानिष्पत्तिमानयम्।।२९।।

29. ਪਰਾਕਾਇਆ ਯੋਗੀ ਵਿੱਚ ਕਿਰਿਆਵਾਂ ਦੀ ਦਿੱਖ ਰੱਸੀ ਵਾਲੇ ਸੱਪ ਦੀ ਤਰ੍ਹਾਂ ਕਾਲਪਨਿਕ ਦਿਖਾਈ ਦਿੰਦੀ ਹੈ, ਇਸ ਲਈ ਪਰਾਕਾਇਆਯੋਗੀ ਉਹ ਹੈ ਜਿਸ ਦੀਆਂ ਸਾਰੀਆਂ ਕਿਰਿਆਵਾਂ ਖਤਮ ਹੋ ਗਈਆਂ ਹੋਣ।

ज्ञानिनां यानि कर्माणि तानि नो जन्महेतवः।
अग्निदग्धानि बीजानि यथा नाङ्कुरकारणम्।।३०।।

30. ਉਹ ਕਰਮ ਜੋ ਗਿਆਨਵਾਨ ਯੋਗੀ ਦੇ ਹਨ ਦੁਬਾਰਾ ਜਨਮ ਦਾ ਕਾਰਣ ਨਹੀਂ ਬਣਦੇ ਹਨ, ਜਿਵੇਂ ਕਿ ਅੱਗ ਦੁਆਰਾ ਸਾੜੇ ਗਏ ਬੀਜ ਦੁਬਾਰਾ ਤੋਂ ਉਘ ਨਹੀਂ ਸਕਦੇ।

कर्मणा किं कृतेनापि ज्ञानिनो निरहङ्कृतेः?।
विक्रिया प्रतिबिम्बस्था किं करोति हिमद्युतेः?।।३१।।

31. ਗਿਆਨਵਾਨਯੋਗੀ, ਜੋ ਹੰਕਾਰ ਤੋਂ ਮੁਕਤ ਹੈ, ਦੁਆਰਾ ਕਿਸੇ ਤਰ੍ਹਾਂ ਦੀ ਕਿਰਿਆ ਕਰਨ ਦਾ ਕੀ ਲਾਭ? ਇੱਕ ਚੰਦਰਮਾਂ ਦੇ ਪ੍ਰਤਿਬਿੰਬ ਵਿੱਚ ਕਿਸ ਤਰ੍ਹਾਂ ਦਾ ਪਰਿਵਰਤਨ ਹੁੰਦਾ ਹੈ?

चन्द्रस्य मेघसम्बन्धाद् यथा गमनकल्पना।
तथा देहस्य सम्बन्धादारोप्या स्यात् क्रियात्मनः।।३२।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

32. ਆਤਮਾਂ ਤੇ ਕਿਰਿਆਵਾਂ ਸਿਰਫ ਸ਼ਰੀਰ ਨਾਲ ਸਬੰਧ ਦਿਖਾਉਣ ਲਈ ਥੋਪੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਚੰਦਰਮਾਂ ਦੀ ਗਤੀ ਨੂੰ ਬੱਦਲਾਂ ਨਾਲ ਸਬੰਧ ਦਿਖਾਉਣ ਲਈ ਦਿਖਾਇਆ ਜਾਂਦਾ ਹੈ।

ज्ञानी कर्मनिरूढोऽपि लिप्यते न क्रियाफलैः।
घृतादिना यथा जिह्वा भोक्त्री चापि न लिप्यते।।३३।।

33. ਭਾਵੇਂ ਗਿਆਨਵਾਨ ਯੋਗੀ ਕਿਰਿਆਵਾਂ ਵਿੱਚ ਰੁੱਝਿਆ ਰਹਿੰਦਾ ਹੈ ਪਰੰਤੂ ਉਹ ਕਿਰਿਆਵਾਂ ਦੇ ਫਲ ਨਾਲ ਸਬੰਧਤ ਨਹੀਂ ਹੁੰਦਾ, ਜਿਸ ਤਰ੍ਹਾਂ ਕਿ ਸਾਡੀ ਜੀਭ ਭਾਵੇਂ ਘਿਓ ਨੂੰ ਚੱਖਦੀ ਹੈ ਪਰੰਤੂ ਉਸ ਨਾਲ ਜੁੜਦੀ ਨਹੀਂ।

निरस्तोपाधिसम्बन्धे जीवे या या क्रियास्थितिः।
सा सा प्रतीतिमात्रेण निष्फला चात्र लीयते।।३४।।

34. ਜਿਹੜੀ ਵੀ ਕਿਰਿਆ ਉਸ ਜੀਵਨਮੁਕਤ ਵਿੱਚ ਪਾਈ ਜਾਂਦੀ ਹੈ ਜੋ ਬਾਹਰੀ ਪ੍ਰਬੰਧਾਂ ਦੇ ਨਾਲ ਸਾਰੇ ਸਬੰਧਾਂ ਤੋਂ ਸੱਖਣਾ ਹੈ ਉਹ ਸਭ ਇੱਕ ਦਿੱਖ ਬਣ ਕੇ ਅਤੇ ਬਿਨਾਂ ਫਲ ਦੀ ਇੱਛਾ ਦੇ ਉਸ ਵਿੱਚ ਲੀਨ ਹੋ ਜਾਂਦਾ ਹੈ।

गच्छंस्तिष्ठन् स्वपन् वापि न निष्कर्मास्ति कश्चन।
स्वभावो देहिनां कर्म ज्ञानिनां तत्तु निष्फलम्।।३५।।

35. ਚਲਦੇ ਸਮੇਂ, ਖੜ੍ਹੇ ਹੋਣ ਸਮੇਂ ਅਤੇ ਸੋਂਦੇ ਸਮੇ ਕੋਈ ਵੀ ਕਿਰਿਆ ਤੋਂ ਰਹਿਤ ਨਹੀਂ ਹੋ ਸਕਦਾ। ਕਿਰਿਆ ਕਰਨਾ ਸਾਰੇ ਜੀਵਾਂ ਦੇ ਸੁਭਾਅ ਵਿੱਚ ਹੈ ਪਰੰਤੂ ਇਹ ਕਿਰਿਆਵਾਂ ਗਿਆਨਵਾਨ ਲੋਕਾਂ ਵਿੱਚ ਫਲ ਦੀ ਇੱਛਾਂ ਤੋਂ ਰਹਿਤ ਹੁੰਦੀਆਂ ਹਨ।

परिपूर्णमहानन्दभाविनः शुद्धचेतसः।
न भवेत् कर्मकार्पण्यं नानाभोगफलप्रदम्।।३६।।

36. ਇੱਕ ਸ਼ਿਵਯੋਗੀ ਜੋ ਆਪਣੇ ਆਪ ਵਿੱਚ ਸ਼ੁੱਧ ਹੋ ਕੇ ਪੂਰਨ ਪਰਮ ਆਨੰਦ ਨੂੰ ਅਨੁਭਵ ਕਰਦਾ ਹੈ ਉਸਨੂੰ ਕਰਮਾਂ ਤੋਂ ਕੋਈ ਖਤਰਾ ਨਹੀਂ ਹੁੰਦਾ ਜੋ ਆਨੰਦਿਤ ਵਿਅਕਤੀ ਨੂੰ ਫਲ ਪ੍ਰਦਾਨ ਕਰਦੇ ਹਨ।

भावः प्रतीयमानोऽपि परकाये तु कल्पितः।
शुक्तो रजतवद् यस्माद् भावनिष्पत्तिमानयम्।।३७।।

37. ਪਾਰਬ੍ਰਹਮਸ਼ਰੀਰਧਾਰੀ ਸ਼ਿਵਯੋਗੀ ਦੇ ਅੰਦਰ ਪ੍ਰਤੀਤ ਹੋਣ ਵਾਲਾ ਭਾਵ ਬੀ ਕਾਲਪਨਿਕ ਹੁੰਦਾ ਹੈ ਵਾਸਤਵਿਕ ਨਹੀਂ, ਇਹ ਸਿੱਪੀ ਵਿੱਚ ਮੋਤੀ ਦੀ ਤਰ੍ਹਾਂ ਹੁੰਦਾ ਹੈ ਭਾਵ ਭ੍ਰਮਾਤਮਕ ਹੁੰਦਾ ਹੈ, ਇਸ ਕਰਕੇ ਇਹ ਯੋਗੀ ਭਾਵਨੀਸਪਤੀਮਾਨ ਕਹਾਉਂਦਾ ਹੈ(ਜਿਸ ਦੀਆਂ ਮਾਨਸਿਕ ਧਾਰਨਾਵਾਂ ਖਤਮ ਹੋ ਜਾਂਦੀਆਂ ਹਨ)।

भावेन नास्ति सम्बन्धः केवल-ज्ञानयोगिनः।
तथापि भावं कुर्वीत शिवे संसारमोचके।।३८।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

38. ਯੋਗੀ ਜੋ ਨਿਰੋਲ ਗਿਆਨ ਵਿੱਚ ਡੁੱਬਿਆ ਹੁੰਦਾ ਹੈ ਉਹ ਕਿਸੇ ਵੀ ਤਰ੍ਹਾਂ ਦੀਆਂ ਮਾਨਸਿਕ ਧਾਰਨਾਵਾਂ ਨਾਲ ਨਹੀਂ ਜੁੜਿਆਂ ਹੁੰਦਾ ਪਰੰਤੂ ਉਸ ਕੋਲ ਸ਼ਿਵ ਦੀ ਧਾਰਨਾਂ ਹੋਣੀ ਚਾਹੀਂਦੀ ਹੈ ਜੋ ਮੁਕਤੀਦਾਤਾ ਹੈ ਅਤੇ ਆਵਾਗਮਨ ਦੇ ਚੱਕਰਾਂ ਤੋਂ ਬਚਾਉਣ ਵਾਲਾ ਹੈ।

परिपूर्ण-प्रबोधेऽपि भावं शम्भौ न वर्जयेत्।

भावो हि निहितस्तस्मिन् भवसागरतारकः।।३९।।

39. ਪੂਰਣ ਗਿਆਨ ਦੀ ਸਥਿਤੀ ਵਿੱਚ ਵੀ ਸ਼ਿਵਯੋਗੀ ਸ਼ਿਵ ਨਾਲ ਭਾਵਨਾਤਮਕ ਸਾਂਝ ਨੂੰ ਨਹੀਂ ਛੱਡਦਾ ਕਿਉਂਕਿ ਇਹ ਭਾਵਨਾਂ ਹੀ ਆਵਾਗਮਨ ਤੋਂ ਛੁਟਕਾਰੇ ਦਾ ਸਾਧਨ ਹੈ।

निवर्त्य जन्मजं दुःखं भावः शैवो निवर्तते।

यथा काष्ठादिकं दग्ध्वा स्वयं शाम्यति पावकः।।४०।।

40. ਆਵਾਗਮਨ ਜਾਂ ਜਨਮ ਦੇ ਦੁੱਖਾਂ ਤੋਂ ਛੁਟਕਾਰੇ ਤੋਂ ਬਾਅਦ ਸ਼ਿਵ ਪ੍ਰਤੀ ਭਾਵ ਅਲੋਪ ਹੋ ਜਾਂਦਾ ਹੈ ਜਿਸ ਤਰ੍ਹਾਂ ਲੱਕੜੀਆਂ ਦੇ ਜਲਣ ਤੋਂ ਬਾਅਦ ਅਗਨੀ ਅਲੋਪ ਹੋ ਜਾਂਦੀ ਹੈ।

प्रकाशिते शिवानन्दे तद्भावैः किं प्रयोजनम्?।

सिद्धे साध्ये चिरेणापि साधनैः किं प्रयोजनम्?।।४१।।

41. ਜਦੋਂ ਸ਼ਿਵ ਨਾਲ ਏਕਤਾ ਦਾ ਆਨੰਦ ਆਉਂਦਾ ਹੈ ਤਾਂ ਅਜਿਹੇ ਭਾਵਾਂ ਦਾ ਕੀ ਲਾਭ? ਜਦੋਂ ਨਿਸ਼ਾਨੇ ਦੀ ਪੂਰਤੀ ਹੋ ਜਾਂਦੀ ਹੈ, ਭਾਵੇਂ ਕਾਫੀ ਸਮਾਂ ਲੱਗ ਗਿਆ ਹੁੰਦਾ ਹੈ, ਉਦੋਂ ਸਾਧਨਾਂ ਦਾ ਕੀ ਲਾਭ?

एकीकृते शिवे भावे ज्ञानेन सह संयमी।

विस्मितात्मसमावेशः शिवभावे विभासते।।४२।।

42. ਜਦੋਂ 'ਸ਼ਿਵੋਹਮ' ਦਾ ਵਿਚਾਰ ਗਿਆਨ ਸਮੇਤ ਸ਼ਿਵ ਵਿੱਚ ਵਿਲੀਨ ਹੋ ਜਾਂਦਾ ਹੈ ਤਾਂ ਯੋਗੀ ਜੋ ਆਪਣੇ ਆਪ ਵਿੱਚ ਵਿਲੀਨ ਹੋਣ ਕਰਕੇ ਹੈਰਾਨ ਹੈ, ਸ਼ਿਵ ਨਾਲ ਵਿਲੀਨਤਾ ਦੀ ਸਥਿਤੀ ਵਿੱਚ ਆ ਜਾਂਦਾ ਹੈ।

न भावेन विना ज्ञानं न भावो ज्ञानमन्तरा।

मोक्षाय कारणं प्रोक्तं तस्मादुभयमाश्रयेत्।।४३।।

43. ਭਾਵਾਂ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ ਅਤੇ ਗਿਆਨ ਤੋਂ ਬਿਨਾਂ ਭਾਵ ਨਹੀਂ ਹੋ ਸਕਦੇ ਦੋਵੇਂ ਹੀ ਮੁਕਤੀ ਦਾ ਕਾਰਣ ਹਨ ਇਸ ਲਈ ਦੋਨਾਂ ਦਾ ਹੀ ਸਹਾਰਾ ਲੈਣਾ ਚਾਹੀਂਦਾ ਹੈ।

ज्ञानस्य व्यवहारेऽपि ज्ञेयाभावात् स्वभावतः।

स्वप्नवज्ज्ञान-निष्पत्त्या ज्ञाननिष्पन्न इत्यसौ।।४४।।

44. ਜਿਸ ਯੋਗੀ ਦੀਆਂ ਰੋਜ਼ਮੱਰਾ ਦੀਆਂ ਕਿਰਿਆਵਾਂ ਦਾ ਗਿਆਨ ਇਸ ਖੇਤਰ ਵਿੱਚ ਨਹੀਂ ਆਉਂਦਾ ਉਸ ਸ਼ਿਵਯੋਗੀ ਨੂੰ ਗਿਆਨਿਸ਼ਪੰਨਾ ਕਹਿੰਦੇ ਹਨ(ਜਿਸ ਦਾ ਸੰਸਾਰਕ



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

ਗਿਆਨ ਅਲੋਪ ਹੋ ਗਿਆ ਹੋਵੇ), ਇਹ ਗਿਆਨ ਇੱਕ ਸੁਪਨੇ ਦੀ ਤਰ੍ਹਾਂ ਪਿਘੁਲ ਜਾਂਦਾ ਹੈ।

स्वप्नजातं यथा ज्ञानं सह स्वार्थैर्निवर्तते।
तथात्मनि प्रकाशे तु ज्ञानं ज्ञेयं निवर्तते।।४५।।

45. ਜਿਸ ਤਰ੍ਹਾਂ ਕਿ ਸੁਪਨਿਆਂ ਤੋਂ ਜਨਮਿਆਂ ਗਿਆਨ ਜਾਂ ਤੁਜੁਰਬਾ ਵਸਤੂਆਂ ਸਮੇਤ ਅਲੋਪ ਹੋ ਜਾਂਦਾ ਹੈ ਉਸੇ ਤਰ੍ਹਾਂ ਜਦੋਂ ਸਾਨੂੰ ਆਤਮ-ਸੋਝੀ ਹੋ ਜਾਂਦੀ ਹੈ ਉਦੋਂ ਹੋਰ ਗਿਆਨ ਅਲੋਪ ਹੋ ਜਾਂਦਾ ਹੈ।

परिपूर्णे महानन्दे परमाकाशलक्षणे।
शिवे विलीनचित्तस्य कुतो ज्ञेयान्तरे कथा?।।४६।।

46. ਜਿਸ ਸ਼ਿਵਯੋਗੀ ਦਾ ਮਨ ਸ਼ਿਵ ਵਿੱਚ ਪੂਰੀ ਤਰ੍ਹਾਂ ਵਿਲੀਨ ਹੋ ਗਿਆ ਹੁੰਦਾ ਹੈ, ਉਹ ਸ਼ਿਵ ਜੋ ਸੰਪੂਰਨ ਅਤੇ ਸਰਵਉੱਚ ਆਸ਼ੀਸ਼ ਭਰਪੂਰ ਹੈ ਅਤੇ ਜਿਸ ਦਾ ਸੁਭਾਅ ਅਨੰਤ ਹੈ ਫਿਰ ਕਿਸੇ ਹੋਰ ਚੀਜ਼ ਬਾਰੇ ਜਾਨਣ ਦੀ ਸੰਭਾਵਨਾ ਕਿੱਥੇ ਹੁੰਦੀ ਹੈ।

अखण्डानन्द-संवित्तिस्वरूपं ब्रह्म केवलम्।
मिथ्या तदन्यदित्येषा स्थितिर्ज्ञानमिहोच्यते।।४७।।

47. ਇੱਥੇ ਗਿਆਨ ਉਹ ਸਥਿਤੀ ਹੈ ਜਿਸ ਵਿੱਚ ਸਿਰਫ ਪਰਾਸ਼ਿਵ-ਬ੍ਰਹਮ ਦੀ ਸੋਝੀ ਹੁੰਦੀ ਹੈ ਜੋ ਕਿ ਸਰਵਉੱਚ ਆਸ਼ੀਸ਼ ਅਤੇ ਚੇਤਨਾ ਦੇ ਸੁਭਾਅ ਦਾ ਹੈ ਅਤੇ ਉਸ ਤੋਂ ਇਲਾਵਾ ਸਭ ਕੁਝ ਝੂਠ ਹੈ।

सत्तात्मनानुवृत्तं यद्घटादिषु परं हि तत्।
व्यावर्तमाना मिथ्येति स्थितिर्ज्ञानमिहोच्यते।।४८।।

48. ਇਸ ਤਰ੍ਹਾਂ ਦੀ ਸੋਝੀ ਕਿ ਜੋ ਸਭ ਵਸਤੂਆਂ ਜਿਵੇਂ ਕਿ ਘੜਾ, ਕੱਪੜੇ ਆਦਿ ਵਿੱਚ ਹੋਂਦ ਦੇ ਸਿਧਾਂਤ ਵਜੋਂ ਹੁੰਦੀ ਹੈ ਉਹ ਸ਼ਿਵ ਹੀ ਹੈ ਅਤੇ ਇਸ ਤੋਂ ਬਿਨ੍ਹਾਂ ਸਭ ਝੂਠ ਹੈ, ਉਸ ਨੂੰ ਹੀ ਅਸਲੀ ਗਿਆਨ ਕਹਿੰਦੇ ਹਨ।

अकारणमकार्यं यदशेषोपाधिवर्जितम्।
तद्ब्रह्म तदहञ्चेति निष्ठा ज्ञानमुदीर्यते।।४९।।

49. ਜੋ ਬਿਨਾਂ ਕਿਸੇ ਕਾਰਣ ਦੇ ਹੈ ਬਿਨ੍ਹਾਂ ਕਿਸੇ ਪ੍ਰਭਾਵ ਦੇ ਹੈ ਅਤੇ ਜੋ ਬਾਹਰਲੀਆਂ ਸਹੂਲਤਾਂ ਤੋਂ ਮੁਕਤ ਹੈ ਅਤੇ 'ਮੈਂ ਅਤੇ ਇਹ ਸੰਸਾਰ ਬ੍ਰਹਮਾਂ ਹਾਂ', ਇਸ ਤਰਾਂ ਦੀ ਪੱਕੀ ਸੋਚ ਹੀ ਅਸਲੀ ਗਿਆਨ ਹੈ।

ज्ञाताप्यहं ज्ञेयमिदमिति व्यवहृतिः कुतः?।
अभेदब्रह्मस्वारस्ये निरस्ताखिलवस्तुनि।।५०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

50. 'ਮੈਂ ਇਸ ਨੂੰ ਜਾਨਣ ਵਾਲਾ ਹਾਂ ਅਤੇ ਇਸ ਨੂੰ ਜਾਣਨਾ ਚਾਹੀਂਦਾ ਹੈ' ਉਸ ਯੋਗੀ ਲਈ ਇਹ ਕਿਵੇਂ ਸੰਭਵ ਹੈ ਜੋ ਕਿ ਸ਼ਿਵ ਵਿੱਚ ਸੰਮਿਲਿਤ ਹੈ ਜਿਸ ਵਿੱਚ ਉਦੇਸ਼ਵਾਦੀ ਸੰਸਾਰ ਦਾ ਗਿਆਨ ਵਰਜਿਤ ਹੈ।

**यथा पिण्डस्थ आकाशस्तथात्मा पूर्ण उच्यते।**

**एतदर्थविवेको यः पिण्डाकाशस्थलं विदुः।।५१।।**

51. ਜਿਸ ਤਰ੍ਹਾਂ ਇਸ ਪਿੰਡ ਜਾਂ ਸ਼ਰੀਰ ਵਿੱਚ ਸਥਿਤ ਆਕਾਸ਼ ਨੂੰ ਪੂਰਣ ਕਿਹਾ ਜਾਂਦਾ ਹੈ ਉਸੇ ਤਰਾਂ ਇਸ ਸ਼ਰੀਰ ਵਿੱਚ ਸਥਿਤ ਆਤਮਾਂ ਵੀ ਪੂਰਣ ਹੁੰਦੀ ਹੈ, ਇਸ ਅਰਥ ਦਾ ਜੋ ਵਿਸ਼ੇਸ਼ ਗਿਆਨ ਹੈ ਉਸ ਨੂੰ ਪਿੰਡਾਕਾਸ਼ਸ਼ਥਲ ਕਿਹਾ ਜਾਂਦਾ ਹੈ।

**घटोपाधिर्यथाकाशः परिपूर्णः स्वरूपतः।**

**तथा पिण्डस्थितो ह्यात्मा परिपूर्णः प्रकाशते।।५२।।**

52. ਜਿਸ ਤਰ੍ਹਾਂ ਘਟਰੂਪੀ ਉਪਾਧੀ ਯੁਕਤ ਆਕਾਸ਼ ਪਰਿਪੂਰਣ ਹੁੰਦਾ ਹੈ ਉਸੇ ਤਰ੍ਹਾਂ ਸਰੀਰ ਵਿੱਚ ਸਥਿਤ ਆਤਮਾਂ ਪਰਿਪੂਰਣ ਹੋ ਕੇ ਪ੍ਰਕਾਸ਼ਿਤ ਹੁੰਦੀ ਹੈ।

**अन्तःस्थितं पराकाशं शिवमद्वैतलक्षणम्।**

**भावयेद्यः सुमनसा पिण्डाकाशः स उच्यते।।५३।।**

53. ਜੋ ਆਪਣੇ ਸ਼ੁੱਧ ਮਨ ਦੇ ਰਾਹੀਂ ਉਸ ਸ਼ਿਵ ਨੂੰ ਸਿਮਰਦਾ ਹੈ ਜੋ ਕਿ ਸਰਵਉੱਚ ਆਕਾਸ਼ ਵਿੱਚ ਰਹਿ ਰਿਹਾ ਹੈ ਅਤੇ ਜਿਸ ਦੀ ਵਿਸ਼ੇਸ਼ਤਾ ਅਦਵੈਤ ਭਾਵ ਹੈ ਉਸ ਨੂੰ ਪਿੰਡਾਕਾਸ਼ ਕਿਹਾ ਜਾਂਦਾ ਹੈ।

**शिवागारमिदं प्रोक्तं शरीरं बोधदीपितम्।**

**षट्त्रिंशत् तत्त्वघटितं सुमनः पद्मपीठकम्।।५४।।**

54. ਇਹ ਸ਼ਰੀਰ ਜੋ ਗਿਆਨ ਦੁਆਰਾ ਪ੍ਰਕਾਸ਼ਮਾਨ ਹੁੰਦਾ ਹੈ ਨੂੰ ਮੰਦਰ ਕਿਹਾ ਗਿਆ ਹੈ ਜੋ ਸ਼ਿਵਾ ਤੋਂ ਭੂਮੀ ਤੱਕ 36 ਸਿਧਾਂਤਾਂ ਦਾ ਬਣਿਆ ਹੋਇਆ ਹੈ ਜਿਸ ਨੂੰ ਸ਼ੁੱਧ ਮਨ ਦੇ ਰੂਪ ਵਿੱਚ ਕਮਲ ਆਸਣ ਦਿੱਤਾ ਗਿਆ ਹੈ।

**पराकाशस्वरूपेण प्रकाशः परमेश्वरः।**

**हृदाकाशगुहालीनो दृश्यतेऽन्तः शरीरिणाम्।।५५।।**

55. ਪਰਮੇਸ਼ਵਰ ਨੂੰ ਅੰਦਰੋਂ ਪਰਿਪੂਰਣ ਆਤਮਾਂ ਦੁਆਰਾ ਅਨੁਭਵ ਕੀਤਾ ਜਾਂਦਾ ਹੈ ਜੋ ਕਿ ਸਰਵਉਚ ਚੇਤਨਾਂ ਰੂਪੀ ਆਕਾਸ਼ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ ਅਤੇ ਜੋ ਇੱਕ ਗੁਫਾ ਵਿੱਚ ਜੀਵਾਂ ਦੇ ਦਿਲ ਦੀ ਛਾਤੀ ਵਿੱਚ ਰਹਿੰਦਾ ਹੈ।

**एतच्छिवपुरं प्रोक्तं सप्तधातुसमावृतम्।**

**अत्र हृत्पङ्कजं वेश्म सूक्ष्माम्बरमनोहरम्।।५६।।**



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

56. ਇਸ ਸ਼ਰੀਰ ਨੂੰ ਸ਼ਿਵਾ ਦਾ ਸ਼ਹਿਰ ਕਿਹਾ ਜਾਂਦਾ ਹੈ ਜੋ ਆਲੇ ਦੁਆਲੇ ਸੱਤ ਜ਼ਰੂਰੀ ਤੱਤਾਂ(ਸਪਤਧਾਤੂ) ਨਾਲ ਘਿਰਿਆ ਹੋਇਆ ਹੈ, ਉਸ ਵਿੱਚ ਦਿਲ ਦਾ ਕਮਲ ਜੋ ਸੂਖਮ ਆਕਾਸ਼ ਨਾਲ ਮਨਮੋਹਕ ਲੱਗ ਰਿਹਾ ਹੈ,

तत्र सन्निहितं साक्षात् सच्चिदानन्दलक्षणम्।
नित्यसिद्धः प्रकाशात्मा जलस्थाकाशवच्छिवः।।५७।।

57. ਇਸ ਵਿੱਚ ਉਸ ਸ਼ਿਵ ਦਾ ਨਿਵਾਸ ਹੈ ਜੋ ਸਦਾ ਉਥੇ ਬੰਨ੍ਹਿਆਂ ਰਹਿੰਦਾ ਹੈ ਜਿਵੇਂ ਜਲ ਦਾ ਪ੍ਰਤੀਬਿੰਬ ਉਸ ਨਾਲ ਬੰਨ੍ਹਿਆਂ ਰਹਿੰਦਾ ਹੈ।

अन्तराकाशबिम्बस्थमशेषोपाधिवर्जितम् ।
घटाकाश इव च्छिन्नं भावयेच्चिन्मयं शिवम्।।५८।।

58. ਪਰਾਸ਼ਿਵ ਜੋ ਕਿ ਚੇਤਨਾਂ ਦੇ ਸੁਭਾਅ ਦਾ ਹੈ ਦਿਲ ਰੂਪੀ ਕੰਵਲ ਵਿੱਚ ਰਹਿੰਦਾ ਹੈ ਅਤੇ ਸਾਰੇ ਬਾਹਰੀ ਬੰਧਨਾਂ ਤੋਂ ਮੁਕਤ ਹੁੰਦਾ ਹੈ ਅਤੇ ਇਸ ਨੂੰ ਆਕਾਸ਼ ਦੁਆਰਾ ਵੰਡਿਆ ਹੋਇਆ ਮੰਨਣਾ ਚਾਹੀਂਦਾ ਹੈ ਜੋ ਕਿ ਇੱਕ ਘੜੇ ਦੁਆਰਾ ਸਮਿਮਿਤ ਹੁੰਦਾ ਹੈ।

यथाकाशो विभुर्ज्ञेयः सर्वप्राण्युपरि स्थितः।
तथात्मेत्युपमानार्थं बिन्द्वाकाशस्थलं विदुः।।५९।।

59. ਜਿਸ ਤਰਾਂ ਆਕਾਸ਼ ਨੂੰ ਸਰਵਵਿਆਪੀ ਮੰਨਿਆਂ ਜਾਂਦਾ ਹੈ ਜੋ ਸਭ ਦੇ ਉੱਪਰ ਫੈਲਿਆ ਹੋਇਆ ਹੈ ਇਸੇ ਤਰਾਂ ਆਤਮਾਂ ਨੂੰ ਜਾਣਿਆਂ ਜਾਂਦਾ ਹੈ ਅਤੇ ਇਸੇ ਤੁਲਨਾਂ ਮੁਤਾਬਕ ਬਿੰਦਵਾਕਾਸ਼ਸਥਲ ਨੂੰ ਸਮਝਿਆ ਜਾ ਸਕਦਾ ਹੈ।

यथैको वायुराख्यातः सर्वप्राणिगतो विभुः।
तथात्मा व्यापकः साक्षात् सर्वप्राणिगतः स्वयम्।।६०।।

60. ਜਿਸ ਤਰ੍ਹਾਂ ਕਿ ਹਵਾ ਸਰਵਵਿਆਪੀ ਹੈ ਜੋ ਸਾਰੇ ਜੀਵਾਂ ਦੀ ਜ਼ਿੰਦਗੀ ਦਾ ਕਾਰਣ ਹੈ, ਇਸੇ ਤਰ੍ਹਾਂ ਆਤਮਾਂ ਸਰਵਵਿਆਪਕ ਹੈ ਅਤੇ ਸਾਰੇ ਜੀਵਾਂ ਵਿੱਚ ਵਸਦੀ ਹੈ।

यथा वह्निरमेयात्मा सर्वत्रैकोऽपि भासते।
तथा शम्भुः समस्तात्मा परिच्छेद-विवर्जितः।।६१।।

61. ਜਿਸ ਤਰਾਂ ਅਗਨੀ ਜੋ ਕਿ ਨਾਂ-ਮਾਪਣਯੋਗ ਰੂਪ ਵਿੱਚ ਹੈ ਅਤੇ ਹਰ ਜਗ੍ਹਾ ਚਮਕਦੀ ਹੈ, ਇਸੇ ਤਰ੍ਹਾਂ ਸ਼ਿਵ ਜੋ ਸਭ ਦਾ ਆਪਾ ਹੈ ਕਿਸੇ ਵੀ ਤਰ੍ਹਾਂ ਦੇ ਭੇਦ ਤੋਂ ਰਹਿਤ ਹੈ।

सर्वेषां देहिनामन्तश्चित्ततोयं प्रकाशते।
तस्मिन् प्रतिफलत्यात्मा शिवो दर्पणवद्विभुः।।६२।।

62. ਦਿਲ ਦਾ ਕੰਵਲ ਸਾਰੇ ਜੀਵਾਂ ਵਿੱਚ ਇੱਕ ਸ਼ੀਸ਼ੇ ਦੀ ਤਰ੍ਹਾਂ ਰਹਿੰਦਾ ਹੈ, ਉਸੇ ਤਰ੍ਹਾਂ ਸ਼ਿਵ ਜੋ ਸਰਵ-ਵਿਆਪਕ ਹੈ ਆਪਣੇ ਆਪ ਦਾ ਪ੍ਰਤਿਬਿੰਬ ਹੈ।

एको वशीकृतः संवित्प्रकाशात्मा परात्परः।
सर्वप्राणिगतो भाति तथापि विभुरुच्यते।।६३।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

63. ਸ਼ਿਵ ਜੋ ਕਿ ਉੱਚਿਆਂ ਤੋਂ ਵੀ ਉੱਚਾ ਹੈ, ਜੋ ਆਜ਼ਾਦ ਹੈ, ਜਿਸ ਦੇ ਸੁਭਾਅ ਵਿੱਚ ਚਮਕਦਾਰ ਚੇਤਨਾ ਹੈ, ਜੋ ਸਾਰੇ ਜੀਵਾਂ ਵਿੱਚ ਵਸਦਾ ਹੈ, ਨੂੰ ਵੀ ਸਰਵ-ਵਿਆਪਕ ਕਿਹਾ ਜਾਂਦਾ ਹੈ।

एक एव यथा सूर्यस्तेजसा भाति सर्वगः।
तथात्मा शक्तिभेदेन शिवः सर्वगतो भवेत्।।६४।।

64. ਜਿਸ ਤਰ੍ਹਾਂ ਕਿ ਸਭ ਜਗ੍ਹਾ ਇੱਕੋ ਸੂਰਜ ਆਪਣੀ ਰੌਸ਼ਨੀ ਨਾਲ ਚਮਕਦਾ ਹੈ, ਉਸੇ ਤਰ੍ਹਾਂ ਸ਼ਿਵਾ ਅਤੇ ਆਤਮਾਂ ਆਪਣੀਆਂ ਸ਼ਕਤੀਆਂ ਦੀ ਵਜਹ ਕਰ ਕੇ ਸਭ ਜਗ੍ਹਾ ਰਹਿੰਦੀ ਹੈ।

पिण्डाण्डस्थं यथाकाशं न भिन्नं तद्वदात्मनः।
अभिन्नः परमात्मेति महाकाशस्थलं विदुः।।६५।।

65. ਜਿਸ ਤਰ੍ਹਾਂ ਪਿੰਡ ਅਰਥਾਤ ਸ਼ਰੀਰ ਅਤੇ ਅੰਡ ਅਰਥਾਤ ਬ੍ਰਹਿਮੰਡ ਵਿੱਚ ਸਥਿਤ ਆਕਾਸ਼ ਪਰਸਪਰ ਭਿੰਨ ਨਹੀਂ ਹੁੰਦੇ ਉਸੇ ਤਰਾਂ ਜੀਵਆਤਮਾਂ ਤੋਂ ਆਤਮਾਂ ਅਭਿੰਨ ਹੈ, ਇਸਦੇ ਗਿਆਨ ਨੂੰ ਮਹਾਂਕਾਸ਼ਸਥਲ ਕਿਹਾ ਗਿਆ ਹੈ।

यथा न भिन्नमाकाशं घटेषु च मठेषु च।
तथाण्डेषु च पिण्डेषु स्थितो ह्यात्मा न भिद्यते।।६६।।

66. ਜਿਸ ਤਰ੍ਹਾਂ ਘੜਿਆਂ ਅਤੇ ਮੱਠਾਂ ਵਿੱਚ ਆਕਾਸ਼ ਭਿੰਨ ਨਹੀਂ ਹੁੰਦਾ ਉਸੇ ਤਰ੍ਹਾਂ ਸੰਸਾਰ ਅਤੇ ਸ਼ਰੀਰਾਂ ਵਿੱਚ ਵਸਦੀ ਆਤਮਾਂ ਵੀ ਭਿੰਨ ਨਹੀਂ ਹੁੰਦੀ।

अनिर्देश्यमनौपम्यमवाङ्मनसगोचरम् ।
सर्वतोमुखसम्पन्नं सत्तानन्दं चिदात्मकम्।।६७।।

67. ਨਿਰਦੇਸ਼ ਰਹਿਤ, ਅਤੁੱਲ, ਵਾਣੀ ਅਤੇ ਮਨ ਦਾ ਵਿਸ਼ਾ ਨਾ ਹੋਣ ਵਾਲੇ(ਭਾਵ ਤੁਸ ਤੋਂ ਪਰ੍ਹੇ) ਸਰਵੋਤਮੁਖੀ, ਸਤ ਚਿਤ ਅਤੇ ਆਨੰਦਸਵਰੂਪ,

कालातीतं कलातीतं क्रमयोगादिवर्जितम्।
स्वानुभूति-प्रमाणस्थं ज्योतिषामुदयस्थलम्।।६८।।

68. ਕਾਲ ਤੋਂ ਪਰ੍ਹੇ, ਕਲਾਲੀਤ ਅਰਥਾਤ ਕਲਾਵਾਂ ਤੋਂ ਰਹਿਤ, ਆਪਣਾ ਅਨੁਭਵ ਹੀ ਜਿਸ ਦਾ ਪ੍ਰਮਾਣ ਹੈ, ਅਜਿਹੇ ਨਛੱਤਰ ਆਦਿ(ਸੂਰਜ ਚੰਦ ਆਦਿ) ਦੀ ਉਤਪਤੀ ਦੇ ਕਾਰਣ

शिवाख्यं परमं ब्रह्म परमाकाशलक्षणम्।
लिङ्गमित्युच्यते सद्भिर्यद्विना न जगत्स्थितिः।।६९।।

69. ਪਰਮਾਕਾਸ਼ਸਵਰੂਪ ਸ਼ਿਵ ਨਾਮਕ ਪਾਰਬ੍ਰਹਮ ਨੂੰ ਸੱਤਪੁਰਸ਼ਾਂ ਦੁਆਰਾ ਲਿੰਗ ਕਿਹਾ ਜਾਂਦਾ ਹੈ। ਉਸ ਤੋਂ ਬਿਨਾਂ ਸੰਸਾਰ ਦੀ ਸੱਤਾ ਸੰਭਵ ਨਹੀਂ।

परमाकाशमव्यक्तं प्रबोधानन्दलक्षणम्।
लिङ्गं ज्योतिर्मयं प्राहुर्लीयन्ते यत्र योगिनः।।७०।।



CC0. In Public Domain. Jangamwadi Math Collection, Varanasi

Digitization by eGangotri and Sarayu Trust. Funding by MoE-IKS

